# ਵਰਿਆਮ

੩੬ਵਾਂ ਸਾਲ

ਨਵੰਬਰ ੨੦੧੦



ਪ੍ਰਕਾਸ਼ : ਕੱਤਕ ਸੁਦੀ ਇਕਾਦਸ਼ੀ

੮ ਮੱਘਰ ੧੯੭੭ ਬਿਕ੍ਰਮੀ

੨੨ ਨਵੰਬਰ ੧੯੨੦ ਈ.

**ਸਤਿਗੁਰੂ ਜਗਜੀਤ ਸਿੰਘ ਵਿਸ਼ੇਸ਼ ਅੰਕ**

੫੦/-

Namdhari Elibrary

NamdhariElibrary@gmail.com

ਸ੍ਰਿਸ਼ਟੀ ਦੇ ਮਾਲਕ

ਅਕਾਲ ਪੁਰਖ ਦੇ ਸਰਗੁਣ ਸਰੂਪ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ

੯੧ ਵੇਂ ਪ੍ਰਕਾਸ਼ ਪੁਰਬ ਦੀਆਂ ਸਮੂਹ

ਗੁਰਸਿੱਖਾਂ ਨੂੰ ਬੇਅੰਤ ਖੁਸ਼ੀਆਂ



# ਨਾਮਧਾਰੀ ਸਿੱਖ ਸੰਗਤ

ਸਾਊਥਾਲ- ਯੂ.ਕੇ.

NamdhariElibrary@gmail.com

# ਵਰਿਆਮ

ਨਵੰਬਰ -੨੦੧੦

ਜਿਲਦ-੩੬

ਅੰਕ- ੧

## ਸਤਿਗੁਰੂ ਜਗਜੀਤ ਸਿੰਘ ਵਿਸ਼ੇਸ਼ ਅੰਕ

ਸੰਪਾਦਕ
ਜਗਦੀਸ਼ ਸਿੰਘ 'ਵਰਿਆਮ



| ਦਫਤਰ ਦਾ ਪਤਾ: | Office Address : |
|---|---|
| ਮਾਸਿਕ ਵਰਿਆਮ | Monthly WARIAM |
| ਲਾਡੋਵਾਲੀ ਰੋਡ | Ladowali Road. |
| (ਸਾਹਮਣੇ ਸੈਂਟਰਲ ਟਾਊਨ) | Opp. Central Town, |
| ਜਲੰਧਰ- ੧੪੪੦੦੧ | Jalandhar-144001 |

ਫੋਨ-:੦੧੮੧- ੨੨੨੨੫੪੩ Ph. :0181-2222543 (O)
ਘਰ : ੦੧੮੧-੨੪੫੬੨੮੯ 0181-2456289 (R)


### ਵਰਿਆਮ ਦੇ ਦਰ

| | |
|---|---|
| ਇਹ ਅੰਕ | ੫੦-੦੦ |
| ਸਲਾਨਾ ਚੰਦਾ | ੨੦੦-੦੦ |
| ਪੰਜ ਸਾਲ ਲਈ | ੮੦੦-੦੦ |
| ਜੀਵਨ ਮੈਂਬਰ | ੨੦੦੦-੦੦ |
| ਵਿਦੇਸ਼ ਲਈ ਹਵਾਈ ਡਾਕ ਰਾਹੀਂ | ੩੦ ਪੌਂਡ ਜਾਂ ੪੦ ਡਾਲਰ ਅਮਰੀਕੀ (ਸਾਲਾਨਾ) |

ਚੈਕ ਡਰਾਫਟ ਕੇਵਲ Wariam ਦੇ ਨਾਂਅ ਤੇ ਹੀ ਭੇਜੇ ਜਾਣ।

### ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰਬਰ ੩-੧-੭੭ ਐਡੀਟਰਜ਼, ਮਿਤੀ ੩-੩-੭੭ ਰਾਹੀਂ ਪੰਜਾਬ ਪੰਜਾਬ ਭਰ ਦੇ ਸਕੂਲਾਂ, ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।

## ਤਤਕਰਾ


ਸੰਪਾਦਕੀ : ਇਹ ਅੰਕ —*ਸੰਪਾਦਕ* ........ ੨
ਰੁਬਾਈਆਂ ਕਵੀ ਜੀਆਂ ਦੀਆਂ —*ਪ੍ਰੀਤਮ ਸਿੰਘ ਕਵੀ* ..... ੪
ਸ੍ਰੀ ਉਦੈ ਸਿੰਘ ਜੀ —*ਸੰਪਾਦਕ* ........ ੫
ਸੱਚੇ ਪਾਤਸ਼ਾਹ...ਇਕ ਪਹਿਲੂ ਇਹ ਵੀ —*ਮੁਲਾਕਾਤ ਸ੍ਰੀ ਉਦੈ ਸਿੰਘ ਨਾਲ* ........ ੬
ਦੋ ਗ਼ਜ਼ਲਾਂ / —*ਸੁਖਵਿੰਦਰ ਅੰਮ੍ਰਿਤ* ........ ੮
ਖਿੜਦੇ ਮਹਿਕਦੇ ਰੰਗਾਂ ਵਾਲੀ ਮਹਾਂ ਸ਼ਖਸੀਅਤ —*ਵਰਿਆਮ ਸਿੰਘ ਸੰਧੂ* ........ ੯
ਨਾਮਧਾਰੀ ਲਹਿਰ : ਸਮਾਜਿਕ ਪ੍ਰਤਿਬੱਧਤਾ —*ਡਾ. ਜਸਪਾਲ ਸਿੰਘ ਰੰਧਾਵਾ* ........ ੧੩
ਆਈਆਂ ਅੱਜ ਸਰਕਾਰਾਂ ਨੇ —*ਰਣਜੀਤ ਕੌਰ ਜੀਤ* ...... ੧੫
ਗੁਰੂ ਜਗਜੀਤ ਮੀਤ ਸਾਰੇ ਸੰਸਾਰ ਦਾ —*ਗੁਰਦੀਸ਼ ਕੌਰ ਗਰੇਵਾਲ* ........ ੧੬
ਇਕੀਵੀਂ ਸਦੀ ਦੀਆਂ ਚੁਨੌਤੀਆਂ ਅਤੇ ਸਤਿਗੁਰੂ ਜਗਜੀਤ ਸਿੰਘ ਦੇ ਨਾਮਧਾਰੀ —*ਸੁਵਰਨ ਸਿੰਘ ਵਿਰਕ* ........ ੧੭
ਵਰਿਆਮ ਦੇ ਤਿੰਨ ਦਹਾਕੇ —*ਸਤਨਾਮ ਚਾਨਾ* ........ ੨੫
ਬੇਅੰਤ ਰੋਜ਼ਨਾਮਚਾ —*ਰਛਪਾਲ ਸਿੰਘ* ........ ੨੭
*ਨਾਮਧਾਰੀ ਸੰਸਾਰ ਯਾਦਾਂ ਦੇ ਪਰਛਾਵੇਂ* —*ਗੁਰਭਜਨ ਸਿੰਘ ਗਿੱਲ* ........ ੩੩
ਗੁਰੂ ਜਗਜੀਤ ਮੀਤ ਸਾਰੇ ਸੰਸਾਰ ਦਾ —*ਜੋਗਿੰਦਰ ਸਿੰਘ ਕੰਗ* ........ ੩੬
ਨਮਸਤੰ ਨਮਸਤੰ ਨਮਸਤੰ ਬੇਅੰਤ ਜੀ —*ਸੰਤ ਸਿੰਘ* ..... ੪੧
ਨਿਕੀਆਂ ਸਾਖੀਆਂ ਵੱਡੇ ਅਰਥ —*ਮਾਸਟਰ ਅਮਰੀਕ ਸਿੰਘ* ........ ੪੯
ਇਕ ਮਿਠੀ ਯਾਦ-ਜੋ ਅੱਜ ਕੌੜੀ ਹੋ ਗਈ —*ਸਾਧੂ ਸਿੰਘ ਕਿਸਾਨ* ........ ੫੫
ਜੋਤ ਨਿਰੰਕਾਰ ਦੀ —*ਸੇਵਾ ਸਿੰਘ ਨਾਮਧਾਰੀ* ........ ੫੬
ਗੀਤ/ —*ਕਵੀਸ਼ਰ ਗੁਰਸੇਵ ਸਿੰਘ ਢਿਲੋਂ* ........ ੫੭
ਗੀਤ/ —*ਸੁਲੱਖਣ ਸਿੰਘ ਭਿੰਡਰ* ........ ੫੭
ਰਾਜ ਜੋਗ ਮਾਰਗ —*ਇਕਬਾਲ ਸਿੰਘ* ........ ੬੦
ਕਾਮਨਵੈਲਥ ਤੇ ਨਾਮਧਾਰੀ ਸਮਾਜ ਦਾ ਖੇਡ ਯੋਗਦਾਨ —*ਤਰਲੋਚਨ ਸਿੰਘ* ........ ੬੨
ਸਤਿਗੁਰੂ ਜਗਜੀਤ ਸਿੰਘ ਜੀ ਦਾ ਸੰਗੀਤਕ ਪੱਖ —*ਸ. ਸ. ਅਜੀਮਲ* ........ ੬੩
ਸਤਿਗੁਰੂ ਜਗਜੀਤ ਸਿੰਘ —*ਚੂਹੜ ਸਿੰਘ ਬੱਜੋਂ* ........ ੬੯
ਮੌਜ ਦੇ ਮਾਲਕ —*ਹਰਭਜਨ ਸਿੰਘ ਰਾਜਾ* ........ ੭੨
ਸ਼ਿਵ ਨਗਰੀ ਕਾਸ਼ੀ ਦੀ ਯਾਤਰਾ —*ਜਗਦੀਸ਼ ਸਿੰਘ ਵਰਿਆਮ* ........ ੭੩
ਇਸੇ ਬਹਾਨੇ ਹੀ ਸਹੀ—*ਬਲਦੇਵ ਮਾਧੋਪੁਰੀ* ........ ੮੯
ਜਥੇਦਾਰ ਸੇਵਾ ਸਿੰਘ ਦਾ ਸਨਮਾਨ —*ਸੰਪਾਦਕ* ........ ੯੧
ਖ਼ਬਰਨਾਮਾ ........ ੯੨
ਪ੍ਰਤੀਕਿਰਿਆ ........ ੯੫





Namdhari Elibrary NamdhariElibrary@gmail.com

ਸੰਪਾਦਕੀ

# ਇਹ ਅੰਕ



ਗੁਰਬਾਣੀ ਵਿਚ ਕਥਨ ਹੈ ਕਿ ਜਿਨ੍ਹਾਂ ਦੇ ਮੱਥੇ ਤੇ ਧੁਰੋਂ ਹੀ ਲਿਖਿਆ ਹੁੰਦਾ ਹੈ ਉਹਨਾਂ ਨੂੰ ਸਤਿਗੁਰੂ ਮਿਲਦਾ ਹੈ। ਇਹ ਵੀ ਸ਼ਾਇਦ ਧੁਰ ਸੰਜੋਗ ਦੀ ਗੱਲ ਹੈ ਕਿ ਸਮੇਂ ਦੇ ਗੁਰਦੇਵ, ਸਤਿਗੁਰੂ ਜਗਜੀਤ ਸਿੰਘ ਜੀ ਦਾ ਜਨਮ ਦਿਹਾੜਾ ਅਤੇ 'ਵਰਿਆਮ' ਦਾ ਜਨਮ ਦਿਹਾੜਾ ਇਕੋ ਸਮੇਂ ਅੰਗਰੇਜ਼ੀ ਕਲੰਡਰ ਦੇ ਮਹੀਨੇ ਨਵੰਬਰ ਵਿਚ ਹੀ ਹੈ। ਸਤਿਗੁਰੂ ਪੁਰਖਾਂ ਦੇ ਜਨਮ, ਜਾਂ ਪ੍ਰਕਾਸ਼ ਦਿਵਸਾਂ ਨੂੰ ਗੁਰੂਪੁਰਬਾਂ ਵਜੋਂ ਮਨਾਇਆ ਜਾਂਦਾ ਹੈ। ਸਾਡੇ ਮਨ ਵਿਚ ਵੀ ਅਕਸਰ ਰੀਝ ਬਣਦੀ ਆਈ ਹੈ ਕਿ ਸਤਿਗੁਰੂ ਜਗਜੀਤ ਸਿੰਘ ਜੀ ਦੇ ਪ੍ਰਕਾਸ਼-ਪੁਰਬ ਤੇ ਅਸੀਂ ਵੀ ਕੋਈ ਵਿਸ਼ੇਸ਼ ਸੇਵਾ ਕਰੀਏ। ਕੋਈ ਲੰਗਰ ਲਾਉਣ, ਕੋਈ ਲਡੂ ਵੰਡਣ ਜਾਂ ਰਜਵਾਂ ਕੜਾਹ ਪ੍ਰਸ਼ਾਦ ਛਕਾਉਣ ਦੀ ਸੇਵਾ ...... ਅਨੇਕਾਂ ਵਿਚਾਰਾਂ ਬਾਦ ਆਖਰ ਇਹ ਵਿਚਾਰ ਹੀ ਪਰਬਲ ਨਿਕਲਦਾ ਹੈ ਕਿ ਉਹਨਾਂ ਦੇ ਜਨਮ-ਪ੍ਰਕਾਸ਼ ਪੁਰਬ ਤੇ ਵਰਿਆਮ ਦਾ ਵਿਸ਼ੇਸ਼ ਅੰਕ ਕੱਢਣਾ ਹੀ ਵੱਡੀ ਸੇਵਾ ਹੈ। ਇਹ ਛਪਣ ਸਮੱਗਰੀ ਅਤੇ ਦਿੱਖ ਵਲੋਂ ਵਧੀਆ ਤੋਂ ਵਧੀਆ ਹੋਵੇ। ਓਹਨਾਂ ਬਾਰੇ ਵਿਸ਼ੇਸ਼ ਅੰਕ ਕੱਢਣ ਨਾਲ ਵਰਿਆਮ ਦੇ ਨਵੇਂ ਸਾਲ ਦਾ ਅੰਕ ਆਪਣੇ ਆਪ ਹੀ ਵਿਸ਼ੇਸ਼ ਹੋ ਜਾਂਦਾ ਹੈ।

ਅਜਿਹਾ ਅੰਕ ਚਾਰ ਰੰਗਾਂ ਵਿਚ ਆਰਟ ਪੇਪਰ ਤੇ ਛਾਪਣ ਦੀ ਰੀਝ ਤਾਂ ਪ੍ਰਬਲ ਹੁੰਦੀ ਹੀ ਹੈ ਪਰ ਇਸਨੂੰ ਅਮਲੀ ਰੂਪ ਦੇਣ ਵਾਸਤੇ ਕਈ ਵੱਡੇ ਅੜਿਕੇ ਪਾਰ ਕਰਨੇ ਹੁੰਦੇ ਹਨ। ਸਭ ਤੋਂ ਵੱਡੀ ਦਿੱਕਤ ਭਾਵੇਂ ਮਾਇਆ ਦੇ ਵਸੀਲਿਆਂ ਦਾ ਅਭਾਵ ਹੁੰਦਾ ਹੈ। ਪਰ ਲਿਖਤਾਂ ਪ੍ਰਾਪਤ ਕਰਨੀਆਂ ਵੀ ਸੌਖਾ ਕੰਮ ਨਹੀਂ ਹੁੰਦਾ। ਅਜਿਹੇ ਅਵਸਰ ਤੇ ਸਭ ਤੋਂ ਵੱਡਾ ਆਸਰਾ ਸੰਕਲਪ ਦਾ ਹੁੰਦਾ ਹੈ ਕਿ ਸਤਿਗੁਰਾਂ ਦੀ ਕ੍ਰਿਪਾ ਨਾਲ ਇਹ ਕੰਮ ਕਰਨਾ ਹੀ ਕਰਨਾ ਹੈ। ਕਿਸੇ ਕੀਮਤ ਤੇ ਵੀ ਕਰਨਾ ਹੈ ਜਦੋਂ ਇਹ ਪੜਾਅ ਅਸੀਂ ਪਾਰ ਲੈਂਦੇ ਹਾਂ ਤੇ ਕਾਰਜ ਆਰੰਭ ਹੋ ਜਾਂਦਾ ਹੈ। ਇਸ ਤੋਂ ਬਾਅਦ ਦੋਸਤ ਮਿੱਤਰ ਤੇ ਸੰਗਤ ਇਸ ਕਾਰਜ ਨੂੰ ਆਪਣਾ ਸਮਝ ਕੇ ਸ਼ਾਮਲ ਹੁੰਦੇ ਹਨ। ਸਾਨੂੰ ਇਸ ਗੱਲ ਦੀ ਤਸੱਲੀ ਤੇ ਖੁਸ਼ੀ ਹੈ ਕਿ ਇਸ ਅੰਕ ਨੂੰ ਸਿਰੇ ਚਾੜ੍ਹਨ ਵਾਸਤੇ ਸ਼ਬਦੀ ਤੇ ਮਾਇਕ ਸਹਿਯੋਗ ਲਈ ਵਰਿਆਮ ਮੰਡਲ ਦੇ ਮਿੱਤਰ ਸਰਗਰਮੀ ਨਾਲ ਅੱਗੇ ਆਏ ਹਨ। ਖੁਸ਼ੀਆਂ ਅਤੇ ਗਮੀਆਂ ਨੇ ਵੀ ਤਿਆਰੀ ਵਿਚ ਬਹੁਤ ਸਾਰੀਆਂ ਰੋਕਾਂ ਪਾਈਆਂ ਹਨ ਇਸ ਵਾਸਤੇ ਭਾਵੇਂ ਧੋਟਾ ਧੋਟਾ ਕਰਕੇ ਅੱਗੇ ਵਧਣਾ ਪਿਆ ਪਰ ਸਭ ਪਰੇਸ਼ਾਨੀਆਂ ਦੁਸ਼ਵਾਰੀਆਂ ਨੂੰ ਹੌਲੀ ਹੌਲੀ ਅਬੂਰ ਕਰਦਿਆਂ ਅਸੀਂ ਇਹ ਸਤਰਾਂ ਲਿਖਣ ਵੇਲੇ ਤਕ ਕਾਮਯਾਬੀ ਦੇ ਫੀਤੇ ਦੇ ਬਹੁਤ ਕੋਲ ਪੁੱਜ ਗਏ ਹਾਂ। ਕੋਲ ਪਹੁੰਚਣ ਦੀ ਗੱਲ ਇਸ ਕਰਕੇ ਕੀਤੀ ਹੈ ਕਿ ਭਾਵੇਂ ਸਭ ਕੁਝ ਤਿਆਰ ਵੀ ਹੋਵੇ ਤੇ ਹੋਵੇ ਵੀ ਠੀਕ ਠਾਕ ਪਰ ਤਿਆਰੀ ਬਾਦ ਛਪਾਈ, ਜਿਲਦ ਸਾਜ਼ੀ ਤੋਂ ਬਾਅਦ ਪਰਚਾ ਡਾਕ ਵਿਚ ਪਾਉਣ ਤੱਕ ਬਹੁਤ ਅਣਦਿਸਦੇ, ਅਣਕਿਆਸੇ ਵਿਘਨ ਅਕਸਰ ਆ ਹੀ



Namdhari Elibrary NamdhariElibrary@gmail.com

ਜਾਂਦੇ ਹਨ। ਸਾਡੇ ਦੇਸ਼ ਦਾ ਕੌਮੀ ਤਿਉਹਾਰ ਹੈ ਦੀਵਾਲੀ। ਇਹ ਦੇਵੀ ਲਕਸ਼ਮੀ ਪੂਜਣ ਦਾ ਵੀ ਤਿਉਹਾਰ ਹੈ। ਇਸ ਸਮੇਂ ਕੁਝ ਲੋਕਾਂ ਨੂੰ ਤਾਂ ਵਿਤੋਂ ਬਾਹਰੀ ਮਾਇਆ ਇਕੱਠੀ ਕਰਨ ਤੋਂ ਹੀ ਵਿਹਲ ਨਹੀਂ ਮਿਲਦਾ ਹੈ। ਉਹਨਾਂ ਦੀ ਲਕਸ਼ਮੀ ਪੂਜਾ ਤਾਂ ਸਾਰਥਕ ਹੋ ਜਾਂਦੀ ਹੈ ਪਰ ਦੂਸਰੇ ਪਾਸੇ ਦੀਵਾਲੀ ਤੋਂ ਪਹਿਲਾਂ ਤੇ ਬਾਦ ਵਿਚ ਕਈ ਦਿਨ ਕੰਮ ਠੱਪ ਹੋ ਜਾਂਦੇ ਹਨ। ਕਾਮੇ ਛੁਟੀਆਂ ਤੇ ਜਾਂਦੇ ਹਨ ਮਸ਼ੀਨਾਂ ਤੇ ਔਜ਼ਾਰ ਆਰਾਮ ਕਰਦੇ ਹਨ। ਇਸ ਸਾਰੇ ਵਰਤਾਰੇ ਬਾਦ ਜਿਸ ਦਿਨ ਇਹ ਵਿਸ਼ੇਸ਼ ਅੰਕ ਡਾਕ ਮਹਿਕਮੇ ਵਾਲੇ ਪਰਵਾਨ ਕਰ ਲੈਣਗੇ ਉਸ ਰਾਤ ਅਸੀਂ ਭਰਪੂਰ ਨੀਂਦ ਮਾਣ ਸਕਾਂਗੇ। ਐਸੀ ਆਸ ਹੈ ਅੱਗੋਂ ਜੋ ਗੁਰੂ ਨੂੰ ਭਾਵੇ।

ਗੁਰੂ ਤੇ ਈਸ਼ਵਰ ਦੀ ਮਹਿਮਾ ਵਿਚ ਸਭ ਧਰਮ ਗ੍ਰੰਥ ਭਰੇ ਪਏ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵੀ ਗੁਰੂ ਦੀ ਮਹਿਮਾ ਨਾਲ ਲਬਾਲੱਬ ਹੈ ਅਤੇ ਇਸ ਮਹਿਮਾ ਮੰਡਨ ਵਿਚ ਇਕ ਗੱਲ ਬਹੁਤ ਕਹੀ ਗਈ ਹੈ ਕਿ ਗੁਰੂ ਦੇ ਗੁਣਾਂ ਦਾ ਪੂਰਾ ਬਖਾਨ ਨਹੀਂ ਹੋ ਸਕਦਾ, ਉਹ ਅਪਰੰਪਾਰ ਹੈ। ਇਹ ਗੱਲ ਕਈ ਪੁਸਤਕਾਂ, ਵਿਸ਼ੇਸ਼ ਅੰਕ ਛਪਣ ਬਾਦ ਵੀ ਕਾਇਮ ਹੈ। ਇਸ ਵਾਸਤੇ ਇਹ ਅੰਕ ਵੀ ਇਸੇ ਵਿਸ਼ੇ ਤੇ ਅੰਤਮ ਬਾਤ ਨਹੀਂ ਹੈ ਪਰ ਜਿਨ੍ਹਾਂ ਨੇ ਵੀ ਇਸ ਬਾਰੇ ਲਿਖਿਆ ਹੈ ਆਪਣੀ ਆਪਣੀ ਵਿਧਾ ਵਿਚ ਲਿਖਿਆ ਹੈ ਓਹਨਾਂ ਆਪਣੇ ਭਾਵਾਂ ਨਾਲ ਸੇਵਾ ਤਾਂ ਜ਼ਰੂਰ ਕੀਤੀ ਹੈ।

ਸਤਿਗੁਰੂ ਜਗਜੀਤ ਸਿੰਘ ਜੀ ਬਾਰੇ ਚਾਰ ਵਿਸ਼ੇਸ਼ ਅੰਕਾਂ ਅਤੇ ਮਾਸਕ ਅੰਕਾਂ ਵਿਚ ਵੀ ਤਸਵੀਰਾਂ ਛਾਪਣ ਦੇ ਬਾਵਜੂਦ ਭਾਰੀ ਗਿਣਤੀ ਵਿਚ ਬਹੁਤ ਸਾਰੀਆਂ ਤਸਵੀਰਾਂ ਛੱਪਣ ਦੀ ਉਡੀਕ ਵਿਚ ਪਈਆਂ ਹਨ। ਇਹ ਓਦੋਂ ਹੀ ਛਪਣਗੀਆਂ ਜਦੋਂ ਇਹਨਾਂ ਦੀ ਵਾਰੀ ਆ ਗਈ ਜਾਂ ਸਤਿਗੁਰਾਂ ਦੀ ਆਪਣੀ ਰਜ਼ਾ ਹੋਈ।

ਬੰਦਾ ਤਾਂ ਗਲਤੀਆਂ ਦਾ ਪੁਤਲਾ ਹੁੰਦਾ ਹੈ। ਅਸੀਂ ਤਾਂ ਇਸ ਮਾਮਲੇ ਵਿਚ ਜ਼ਿਆਦਾ ਹੀ ਮਾਲਾ ਮਾਲ ਹਾਂ। ਹੋ ਸਕਦਾ ਹੈ ਕਿ ਇਸ ਅੰਕ ਵਿਚ ਕੋਈ ਸੱਜਨ ਬਹੁਤ ਅਧਿਕਾਰੀ ਹੋਣ ਦੇ ਬਾਵਜੂਦ ਛੱਪਣ ਤੋਂ ਰਹਿ ਗਿਆ ਹੋਵੇ ਤੇ ਕੋਈ ਨਾ ਛਪਣਯੋਗ ਛੱਪ ਗਿਆ ਹੋਵੇ। ਕਿਸੇ ਕੋਲ ਆਪਣੀ ਭਾਵਨਾ ਜਿਨੇ ਪ੍ਰਬਲ ਸ਼ਬਦ ਨਾ ਹੋਣ ਪਰ ਭਾਵਨਾ ਤਾਂ ਭਾਵਨਾ ਹੈ। ਸਤਿਗੁਰੂ ਜਗਜੀਤ ਸਿੰਘ ਜੀ ਲੌਕਿਕ ਅਤੇ ਅਲੌਕਿਕ ਗੁਣਾਂ ਦਾ ਮੁਜੱਸਮਾ ਹਨ। ਇਹ ਗੁਣ ਓਹ ਖੁਲ੍ਹੇ ਹਥੀਂ ਵੰਡਦੇ ਹਨ। ਉਹ ਅਗਿਆਨ ਦਾ ਹਨੇਰਾ ਵੀ ਕਟਦੇ ਹਨ ਅਤੇ ਹਉਮੇ ਰੋਗ ਦਾ ਵੀ। ਉਹ ਹਰਿਨਾਮ ਮੰਤਰ ਵੀ ਦ੍ਰਿੜਾਉਂਦੇ ਹਨ, ਮਰਿਆਦਾ ਦੇ ਵੀ ਪ੍ਰਿਤਪਾਲਕ ਹਨ ਅਤੇ ਸਭ ਤੋਂ ਵੱਡਾ ਗੁਣ ਉਹਨਾਂ ਦੀ ਖਿਮਾ ਬਖਸ਼ਿਸ਼ ਦਾ ਖੁੱਲਾ ਦਰ ਹੈ।

ਸਤਿਗੁਰੂ ਜਗਜੀਤ ਸਿੰਘ ਜੀ ਦੀ ਕ੍ਰਿਪਾ ਅਤੇ ਬਖਸ਼ਿਸ਼ ਦਾ ਘੇਰਾ ਬਹੁਤ ਵਿਸ਼ਾਲ ਹੈ। ਉਹਨਾਂ ਦੇ ਦਿਸਦੇ ਨਿਕਟ ਪੈਰੋਕਾਰ ਨਾਮਧਾਰੀ ਸਿੱਖ ਅਤੇ ਇਸ ਘੇਰੇ ਤੋਂ ਬਾਹਰ ਵੀ ਬਹੁਤ ਸਾਰੇ ਲੋਕ ਇਸ ਤੋਂ ਪੁਰ ਨੂਰ ਹੋ ਰਹੇ ਹਨ।

ਸਤਿਗੁਰੂ ਜਗਜੀਤ ਸਿੰਘ ਜੀ ਦੀ ਜਲਾਲੀ ਸ਼ਖਸੀਅਤ ਦੇ ਇਕਾਨਵੇਂ ਸਾਲ ਵਿਚ ਪਰਵੇਸ਼ ਕਰਨ ਦੇ ਭਾਗਾਂ ਭਰੇ ਅਵਸਰ ਤੇ ਵਰਿਆਮ ਦੇ ਛੱਤੀਵੇਂ ਸਾਲ ਵਿਚ ਪੈਰ ਰੱਖਣ ਤੇ ਅਸੀਂ ਤਸੱਲੀ ਪ੍ਰਗਟ ਕਰਦੇ ਹੋਏ ਉਹਨਾਂ ਸਭ ਸੱਜਨਾਂ ਦਾ ਧੰਨਵਾਦ ਕਰਦੇ ਹਾਂ ਜਿਨ੍ਹਾਂ ਇਸ ਅੰਕ ਦੇ ਪ੍ਰਕਾਸ਼ਨ ਵਿਚ ਸਹਿਯੋਗ ਦਿੱਤਾ। ਭੁਲਾਂ ਲਈ ਖਿਮਾ ਯਾਚਨਾ ਕਰਦੇ ਹੋਏ, ਸਾਧ ਸੰਗਤ ਨੂੰ ਸਤਿਗੁਰੂ-ਪੁਰਬ ਦੀ ਵਧਾਈ ਦਿੰਦੇ ਅਸੀਂ ਇਹ ਅੰਕ ਸ੍ਰੀ ਚਰਨਾਂ ਵਿਚ ਅਰਪਿਤ ਕਰਦੇ ਹਾਂ।

***—ਜਗਦੀਸ਼ ਸਿੰਘ ਵਰਿਆਮ***


Namdhari Elibrary NamdhariElibrary@gmail.com

# ਰੁਬਾਈਆਂ ਕਵੀ ਜੀ ਦੀਆਂ

*ਸਵਰਗੀ ਪ੍ਰੀਤਮ ਸਿੰਘ ਕਵੀ ਜੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਬਾਲ ਸਖਾਈ ਮਿੱਤਰ ਸਿੱਖ ਸੇਵਕ ਸਨ। ਉਹਨਾਂ ਦੁਆਰਾ ਲਿਖੀਆਂ ਸਤਿਗੁਰੂ ਜੀ ਬਾਰੇ ਪ੍ਰਸਿੱਧ ਰੁਬਾਈਆਂ ਬਿਨਾ ਇਹ ਅੰਕ ਕਿਵੇਂ ਸੰਪੂਰਨ ਹੋ ਸਕਦਾ ਹੈ।*

ਤੂੰ ਸਮਰੱਥ, ਅਕੱਥ, ਅਗੋਚਰ, ਤੂੰ ਨਿਰ-ਅੰਜਨ ਪਿਆਰੇ
ਸਾਡੇ ਲਈ ਸ-ਗੁਣ ਹੋ ਆਇਓਂ, ਦੇਵਣ ਨੂਰ ਨਜ਼ਾਰੇ
ਦੁਖ ਸੁਖ ਸਾਡੇ ਵਾਂਗ ਭੁਗਤਦਾ, ਆਪ ਕੰਵਲ ਸਮ ਰਹਿਨੈਂ:
ਸ਼ਾਲਾ! ਆਪਣੀ ਨਜ਼ਰੀਂ ਰੱਖੀਂ, ਇਹ ਅਨੰਦ ਸੁਖ ਸਾਰੇ

ਤੇਰਾ ਨਾਮ ਲਿਆਂ ਦੁੱਖ ਨੱਸਣ, ਸੁਖ ਵੱਸਣ ਚੌਫੇਰੇ
ਹਿਰਦੇ ਠੰਢ, ਦਾਹ ਮਿਟ ਜਾਂਦੀ, ਦੁਸ਼ਮਣ ਹੁੰਦੇ ਨੇੜੇ
ਦੁਨੀਆਂ ਪਿਆਰੀ-ਪਿਆਰੀ ਲੱਗਦੀ, ਮੌਤ-ਮਿਠੀ ਗਲਵਕੜੀ :
ਕੇਡਾ ਚੰਗਾ ਹੋਇ ਜਿ ਵਸੇਂ ਨਿਸ ਦਿਨ ਅੰਦਰ ਮੇਰੇ

ਤੂੰ ਦਾਤਾ ਬੇਅੰਤ ਹੈਂ, ਵੰਡੀ ਜਾਵੇਂ ਚੁੱਕ ਚੁੱਕ
ਛੱਤਾਂ ਪਾੜ ਕਈਆਂ ਨੂੰ ਦੇਵੇਂ, ਦਏਂ ਕਿਸੇ ਨੂੰ ਬੁਕ ਬੁਕ
ਕਿਸੇ ਨੂੰ ਪਾ ਵਖਾਲੇ ਬਖ਼ਸ਼ੇਂ, ਕਿਸੇ ਨੂੰ ਅੰਦਰ ਵੜ ਕੇ :
ਇਕਨਾਂ ਨੂੰ ਹੰਝੂ ਹੀ ਦੇਨੈਂ ਵੇਖਾਂ ਰੋਂਦੇ ਲੁਕ ਲੁਕ

ਵੰਨ ਸੁਵੰਨੇ ਰੂਪ ਧਾਰਦਾ ਜੁਗ ਜਗਾਂਤਰੋਂ ਆਇਆ
ਦਇਆ ਧਰਮ ਦੀਆਂ ਕਿਰਨਾਂ ਸੁਟ ਸੁਟ,
ਇਸ, ਜੱਗ ਨੂੰ ਰੁਸ਼ਨਾਇਆ
ਸਦਕੇ ਉਸ ਦੇ ਪਿਆਰ ਦੇ,
ਸਾਨੂੰ ਲਾਵਾਰਸ ਨਹੀਂ ਕੀਤਾ:
ਦੇ ਜਗਜੀਤ ਸਤਿਗੁਰੂ ਪਿਆਰਾ,
ਉਸ ਵਿਚ ਆਪ ਛੁਪਾਇਆ
ਬਖਸ਼ ਤੇਰੀ ਦੇ ਚਸ਼ਮੇ ਕੰਢੇ, ਬਹਿ ਕੇ ਮੌਜਾਂ ਲਈਆਂ
ਤ੍ਰਿਸ਼ਨਾ-ਤ੍ਰਿਖਾ ਨਿਵਾਰਨ ਕੀਤੀ,
ਹੁਣ ਤਰਕਾਲਾਂ ਪਈਆਂ
ਉਠਕੇ ਘਰ ਨੂੰ ਹਾਂ ਤੁਰ ਚੱਲੇ, ਯਾਦੀਂ ਰਖ ਬਖ਼ਸ਼ੀਸ਼ਾਂ :
ਲੇਖੇ ਦਾ ਝੰਜਟ ਨਹੀਂ ਕੋਈ,
ਆਸ ਤ੍ਰਿਸ਼ਨ ਸੌਂ ਗਈਆਂ

*'ਸਿਮਰਨ' ਵਿਚੋਂ*


Namdhari Elibrary NamdhariElibrary@gmail.com

# ਸ੍ਰੀ ਊਦੈ ਸਿੰਘ ਜੀ

ਸਤਿਕਾਰ ਯੋਗ ਊਦੈ ਸਿੰਘ ਜੀ (ਠਾਕੁਰ ਜੀ), ਨਾਮਧਾਰੀ ਫਾਰਮ, ਨਾਮਧਾਰੀ ਸੀਡਜ਼ ਬੰਗਲੌਰ ਦੇ ਸਤਿਗੁਰੂ ਜਗਜੀਤ ਸਿੰਘ ਜੀ ਵਲੋਂ ਥਾਪੇ ਸਰਵੇ ਸਰਵਾ ਹਨ। ਇਹ ਫਾਰਮ ਹਾਊਸ ਅਤੇ ਨਾਮਧਾਰੀ ਸੀਡਜ਼ ਕਰਨਾਟਕ ਵਿਚ ਰਾਜਧਾਨੀ ਬੰਗਲੌਰ ਦੇ ਬਹੁਤ ਕਰੀਬ ਹੀ ਸਥਾਪਤ ਅੰਤ੍ਰਰਾਸ਼ਟਰੀ ਪ੍ਰਸਿਧੀ ਪ੍ਰਾਪਤ ਹੈ। ਇਸ ਨੂੰ ਕਾਮਯਾਬੀ ਦੀ ਇਸ ਪੱਧਰ ਤੇ ਪਹੁੰਚਾਣ ਵਾਸਤੇ ਸਤਿਗੁਰੂ ਜੀ ਨੇ ਸ੍ਰੀਮਾਨ ਊਦੇ ਸਿੰਘ ਜੀ ਨੂੰ ਜ਼ੋਰਦਾਰ ਮਾਧਿਅਮ ਬਣਾਇਆ ਹੈ। ਸ੍ਰੀ ਊਦੇ ਸਿੰਘ ਜੀ ਨੇ ਜਿਥੇ ਨਾਮਧਾਰੀ ਫਾਰਮ ਅਤੇ ਨਾਮਧਾਰੀ ਸੀਡਜ਼ ਨੂੰ ਸੰਸਾਰ ਪੱਧਰ ਦੀਆਂ ਬੁਲੰਦੀਆਂ ਤੇ ਪਹੁੰਚਾਇਆ ਹੈ ਉਥੇ ਹੋਰ ਬਹੁਤ ਸਾਰੇ ਕਾਰਜਾਂ ਵਿਚ ਸ੍ਰੀ ਸਤਿਗੁਰੂ ਜੀ ਦੀਆਂ ਇਛਾਵਾਂ ਅਤੇ ਸੰਕਲਪਾਂ 'ਤੇ ਸਫਲਤਾ ਸਹਿਤ ਫੁਲ ਚੜ੍ਹਾਏ ਹਨ। ਬਹੁਤ ਸਾਰੇ ਕਾਰਜਾਂ ਨੂੰ ਸਫਲ ਕਰਨ ਵਾਸਤੇ ਆਪ ਦੀ ਮਿਹਨਤ, ਅਗਵਾਈ, ਯੋਗਦਾਨ ਅਤੇ ਸਮਰਪਣ ਇਤਿਹਾਸਕ ਹੈ। ਆਪ ਖੁਦ ਬਹੁਤ ਪ੍ਰਸਿਧ ਖਿਡਾਰੀ ਵੀ ਹਨ ਅਤੇ ਖੇਡਾਂ ਨੂੰ ਪ੍ਰੋਤਸਾਹਨ ਦੇਣ ਲਈ ਤੱਤਪਰ ਹਨ। ਨਾਮਧਾਰੀ ਹਾਕੀ ਟੀਮ ਨੂੰ ਉਚ ਪੱਧਰ ਤੇ ਕਾਇਮ ਰੱਖਣ, ਇਸ ਦੀ ਦੇਖ ਭਾਲ ਅਤੇ ਮਾਇਕ ਸਮਸਿਆਵਾਂ ਦੇ ਸਮਾਧਾਨ ਵਾਸਤੇ ਸਦਾ ਹੀ ਖੁਲ੍ਹੇ ਦਿਲ ਨਾਲ ਅਗਵਾਈ ਕਰ ਰਹੇ ਹਨ। ਪੰਜਾਬ ਹਾਕੀ ਸੰਘ ਦੇ ਉਚ ਅਹੁਦੇਦਾਰ ਵੀ ਹਨ। ਬਹੁਤ ਸਾਰੀਆਂ ਸਰਗਰਮੀਆਂ ਵਿਚ ਆਪ ਵਿਅਸਤ ਰਹਿੰਦੇ ਹਨ। ਆਪ ਦੀ ਬਹੁ ਪੱਖੀ ਸ਼ਖਸੀਅਤ ਬਾਰੇ ਬਹੁਤ ਕੁਝ ਲਿਖਣ ਵਾਲਾ ਹੈ ਪਰ ਇਕ ਤਾਂ ਆਪ ਆਪਣੇ ਰੁਝੇਂਵਿਆਂ ਕਾਰਨ ਸਮਾਂ ਨਹੀਂ ਕੱਢ ਸਕਦੇ ਅਤੇ ਦੂਜੇ ਸੁਭਾਓ ਵਲੋਂ ਵੀ ਅਖਬਾਰਾਂ ਰਸਾਲਿਆਂ ਵਿਚ ਆਪਣੇ ਜ਼ਾਤੀ ਪਰਚਾਰ ਤੋਂ ਹਮੇਸ਼ਾ ਸੰਕੋਚ ਕਰਦੇ ਰਹੇ ਹਨ।



*ਖੁਸ਼ੀਆਂ ਦੀ ਮਹਿਕ : ਸਤਿਗੁਰੂ ਜੀ ਨੂੰ ਫੁਲ ਭੇਟ ਕਰਦੇ ਹੋਏ, ਸ੍ਰੀ ਉਦੇ ਸਿੰਘ ਜੀ ਪਿਛੇ ਪੰਡਿਤ ਗੋਪਾਲ ਸਿੰਘ ਜੀ।*

ਵਰਿਆਮ ਦੇ ਇਸ ਅੰਕ ਵਾਸਤੇ ਆਪਣੇ ਵਿਚਾਰ ਛਾਪਣ ਦੀ ਆਗਿਆ ਇਸ ਕਰਕੇ ਦਿੱਤੀ ਹੈ ਕਿ ਇਹ ਪਰਮ ਪੂਜਯ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪਾਵਨ ਪ੍ਰਕਾਸ਼ ਦਿਵਸ ਨਾਲ ਸਬੰਧਤ ਹੈ।

ਸ੍ਰੀ ਸਤਿਗੁਰੂ ਜੀ ਨਾਲ ਨੇੜਲੇ ਸੰਪਰਕ ਹੋਣ ਕਾਰਨ ਉਹਨਾਂ ਦੇ ਸੰਖੇਪ ਵਿਚਾਰ ਪਾਠਕਾਂ ਦੀ ਦਿਲਚਸਪੀ ਵਿੱਚ ਵਾਧਾ ਕਰਣਗੇ

— *ਸੰਪਾਦਕ*



Namdhari Elibrary NamdhariElibrary@gmail.com

# ਸੱਚੇ ਪਾਤਸ਼ਾਹ...ਇਕ ਪਹਿਲੂ ਇਹ ਵੀ



— ਕਿਸੇ ਵੀ ਸਿੱਖ ਦੇ ਬੱਚੇ ਨੇ ਕਿਸੇ ਤਰ੍ਹਾਂ ਦਾ ਵੀ ਚੰਗਾ ਕੰਮ ਦਾ ਜਤਨ ਕੀਤਾ ਹੋਵੇ ਸਤਿਗੁਰੂ ਜੀ ਨੇ ਸਦਾ ਖੁਸ਼ੀਆਂ ਬਖਸ਼ੀਆਂ ਹਨ। ਸਤਿਗੁਰੂ ਜੀ ਸਦਾ ਚਾਹੁੰਦੇ ਹਨ ਕਿ ਮੇਰੇ ਸਿੱਖਾਂ ਤੇ ਸਦਾ ਹੀ ਖੁਸ਼ੀਆਂ ਕਾਇਮ ਰਹਿਣ...

— ਮੈਂ ਸਮਝਦਾ ਹਾਂ ਕਿ ਸਤਿਗੁਰੂ ਜੀ ਦੀ ਸਰਬੋਤਮ ਦੇਣ ਸੰਗੀਤ ਨੂੰ ਹੀ ਹੈ। ਆਪ ਦਾ ਆਹਾਰ ਹੀ ਸੰਗੀਤ ਹੈ ਇਸ ਵਿਚ ਕੋਈ ਸ਼ੱਕ ਨਹੀਂ।..... ਪਰ ਇਸ ਦੇ ਨਾਲ ਹੀ ਸੱਚੇ ਪਾਤਸ਼ਾਹ ਜੀ ਨੂੰ ਬਾਗਬਾਨੀ, ਖੇਤੀ ਬਾੜੀ, ਖਾਸ ਫਲਾਂ ਅਤੇ ਫੁੱਲਾਂ ਨਾਲ ਬਹੁਤ ਜ਼ਿਆਦਾ ਪਿਆਰ ਹੈ।

ਕਿਸੇ ਵੇਲੇ ਉਹਨਾਂ ਕਿਰਪਾ ਕਰ ਕੇ ਮੈਨੂੰ ਇਸ ਪਾਸੇ ਲਾਇਆ ਹੈ ਅਤੇ ਮੈਂ ਵੇਖਿਆ ਹੈ ਕਿ ਆਪ ਜੀ ਦੀ ਇਸ ਪਾਸੇ ਵਲ ਦਿਲਚਸਪੀ ਅਤੇ ਧਿਆਨ ਬੇਮਿਸਾਲ ਹੈ। ਦੁਨੀਆ ਵਿਚ ਕਿਤੇ ਵੀ ਕੋਈ ਫਲ ਆਪ ਦੇ ਧਿਆਨ ਵਿਚ ਆਇਆ ਤਾਂ ਆਪ ਨੇ ਹੁਕਮ ਕਰਨਾ "ਕਾਕਾ ਉਹ ਅੰਗੂਰ ਬੜੇ ਚੰਗੇ ਹਨ। ਉਸ ਦਾ ਪਤਾ ਕਰੋ, ਜਾਤੀ ਪਰਜਾਤੀ ਦਾ ਪਤਾ ਲਾਓ ਕਿਵੇਂ ਆਪਣੇ ਦੇਸ ਵਿਚ ਲਿਆਕੇ ਪੈਦਾ ਕੀਤੇ ਜਾ ਸਕਦੇ ਹਨ....

ਬੜੀ ਵਾਰੀ ਏਦਾਂ ਹੋਇਆ। ਇਕ ਵਾਰ ਥਾਈਲੈਂਡ ਵਿਚ ਅਨਾਰ ਛਕੇ। ਛੱਕ ਕੇ ਹੁਕਮ ਹੋਇਆ। "ਕਾਕੇ ਬੰਗਲੌਰ ਵਿਚ ਵੀ ਇਹ ਬੀਜ ਬੀਜਿਆ ਜਾਵੇ।

— ਭੈਣੀ ਸਾਹਿਬ, ਬੰਗਲੌਰ ਆਦਿ ਥਾਵਾਂ ਤੇ ਇਹ ਕੁਲੈਕਸ਼ਨ ਹੈ ਅਜਿਹੇ ਅਨੇਕਾਂ ਬੀਜਾਂ, ਬੂਟਿਆਂ ਦੀ...ਜਿਵੇਂ

ਥਾਈਲੈਂਡ ਤੋਂ ਅੰਬ, ਦਰਿਆਨ, ਅਮਰੀਕਾ ਚੋਂ ਅੰਗੂਰ, ਚੈਰੀ ਦੇ ਬੂਟੇ ਹਨ।

ਆਪ ਜੀ ਨੇ ਪੁਛਿਆ ਕਿ ਚੈਰੀ ਆਪਣੇ ਦੇਸ਼ 'ਚ ਕਿਊਂ ਨਹੀਂ ਹੁੰਦੀ ?

ਕਾਲੇ ਰੰਗ ਦੀ ਚੈਰੀ ਦੇ ਬੂਟੇ ਲੈ ਕੇ ਆਂਦੇ। ਚੈਰੀ ਦੇ ਬੂਟੇ ਹਿਮਾਚਲ 'ਚ ਲਾਏ ਹਨ। ਰਜ਼ਾ ਸੀ ਉਹ ਬੂਟੇ ਵੀ ਆ ਗਏ। ਫੁਲ ਵੀ ਆ ਗਏ ਹਨ।

— ਬੰਗਲੌਰ ਮੈਂ ੧੯੮੨ ਵਿਚ ਗਿਆ। ਸੱਚੇ ਪਾਤਸ਼ਾਹ ਮੈਨੂੰ ਹੁਕਮ ਕੀਤਾ। 'ਏਸ ਥਾਂ ਨੂੰ ਅਸਾਂ ਆਬਾਦ ਕਰਨੈ, ਘਬਰਾਣਾ ਨਹੀਂ। ਆਬਾਦ ਕਰਣਾ ਹੀ ਹੈ। ਉਹ ਸਮਾਂ ਹੈ ਹੀ ਐਸਾ ਸੀ। ਜਗਹ ਵੀ ਉਜਾੜ ਹੀ ਸੀ। ਅਸੀਂ ਵੀ ਡਰਨਾ। ਮਹਾਰਾਜ ਜੀ (ਮਹਾਰਾਜ ਬੀਰ ਸਿੰਘ) ਦੀ ਰਾਇ ਸੀ ਫਾਰਮ ਵੇਚ ਦਿੱਤਾ ਜਾਵੇ। ਸਤਿਗੁਰਾਂ ਹੁਕਮ ਕੀਤਾ ਕਾਕਾ ਤਗੜਾ ਰਹੀਂ ਵੇਚਣਾ ਨਹੀਂ। ਪੌਣੇ ਦਸ ਲੱਖ ਵਿੱਚ ਵੇਚਣ ਦਾ ਸੌਦਾ ਵੀ ਹੋਇਆ ਸੀ। ਏਧਰ ਸਤਿਗੁਰਾਂ ਦੀ ਵੇਚਣ ਦੀ ਰਜ਼ਾ ਨਹੀਂ ਸੀ। ਓਧਰ ਖਰੀਦਣ ਵਾਲਾ ਬੰਦਾ ਹੀ ਭੱਜ ਗਿਆ। ਉਹ ਵੀ ਸ਼ਾਇਦ ਉਜਾੜ ਜਗਹ ਲੈਣ ਤੋਂ ਡਰ ਗਿਆ ਸੀ। ਸਾਡੇ ਸਿੱਖਾਂ ਦੀ ਹਾਲਤ ਵੀ ਇਹੋ ਜਿਹੀ ਸੀ। ਉਥੇ ਰਹਿਣ ਵਸਣ ਤੋਂ ਡਰਦੇ ਵੀ ਸਨ। ਉਹ ਆਪਣੇ ਥਾਂ ਠੀਕ ਵੀ ਸਨ। ਸਤਿਗੁਰਾਂ ਕਹਿਣਾ, "ਅੱਜ ਤੁਸੀਂ ਏਥੇ ਰਹਿੰਦੇ ਨਹੀਂ। ਤੁਸੀਂ ਤਰਸੋਂਗੇ ਇਥੇ ਆਉਣ ਨੂੰ। ਤੁਹਾਡਾ ਇਥੇ ਰਹਿਣ ਨੂੰ ਜੀ ਕਰੇਗਾ।

ਆਪ ਦੀ ਰਜ਼ਾ ਸੀ। ਮੇਰੇ ਵਰਗੇ ਤੋਂ ਵੀ ਕੰਮ ਲੈਣਾ ਸੀ, ਉਥੋਂ ਦੇ ਲੋਕਾਂ, ਗਰੀਬਾਂ ਲਈ ਰੁਜ਼ਗਾਰ ਦੇਣਾ ਸੀ।... ਆਪ ਜੀ ਨੇ ਉਚੇਚਾ ਫਾਰਮ ਤੇ ਜਾ ਕੇ ਰਹਿਣਾ। ਸੰਗਤਾਂ ਨੂੰ ਨਾਲ ਲੈ ਕੇ ਜਾਣਾ। ਜੰਗਲ ਪਟਾਉਣਾ। ਆਪ ਨਾਲ ਜਾ ਕੇ ਵੀ ਅਗੇ ਲੱਗ ਕੇ ਹੱਥੀਂ ਸੇਵਾ ਕਰਨੀ ਅਤੇ ਕਰਾਉਣੀ....

ਸਤਿਗੁਰੂ ਜੀ ਨੇ ਸਦਾ ਹੀ ਉਤਸ਼ਾਹ ਬਖਸ਼ਣਾ "ਤਗੜੇ



Namdhari Elibrary NamdhariElibrary@gmail.com

ਹੋ ਕੇ ਕੰਮ ਕਰੋ।" ਜਦੋਂ ਅਸੀਂ ਬੀਜਾਂ ਦਾ ਕਮ ਆਰੰਭ ਕੀਤਾ ਤਾ ਬਰਾਮਦ (ਐਕਸਪਰੋਟ) ਬਾਰੇ ਸੋਚਿਆ ਤਾਂ ਮਾਇਆ ਦੀ ਕਮੀ ਸਤਿਗੁਰਾਂ ਮਹਿਸੂਸ ਨਹੀਂ ਹੋਣ ਦਿੱਤੀ।

ਇਕ ਵਾਰ ਮੈਂ ਜਾਪਾਨ ਜਾ ਕੇ ਆਇਆ।

ਸਤ ਅੱਠ ਗ੍ਰਾਹਕਾਂ ਨੂੰ ਮਿਲਿਆ। ਜਾਪਾਨੀ ਛੇਤੀ ਕੀਤੇ ਖੁਲ੍ਹਦੇ ਨਹੀਂ। ਸਾਨੂੰ ਜਾਪਾਨ ਦੀ ਉਮੀਦ ਘੱਟ ਹੀ ਸੀ। ਸੱਚੇ ਪਾਤਸ਼ਾਹ ਜੀ ਨੇ ਫੇਰ ਹੱਲਾ ਸ਼ੇਰੀ ਦਿੱਤੀ। ਕਾਕਾ ਜ਼ਰੂਰ ਜਾਣੈ ਹੈ ਜਾਪਾਨ।

ਅੱਜ ਜਾਪਾਨ ਸਾਡੇ ਵੱਡੇ ਗ੍ਰਾਹਕਾਂ ਵਿਚੋਂ ਹੈ। ਐਸਾ ਪ੍ਰੇਮ ਹੈ ਕਿ ਉਹ ਇਹ ਆਖਦੇ ਹਨ ਕਿ ਅਸੀਂ ਨਾਮਧਾਰੀਆਂ ਤੋਂ ਹੀ ਸਾਮਾਨ, (ਸਬਜ਼ੀਆਂ-ਫਲ-ਬੀਜ) ਲੈਣਾ ਹੈ।

ਸਬਜ਼ੀਆਂ, ਬੀਜਾਂ ਵਿਚ ਸਾਡੇ ਤੋਂ ਬਹੁਤ ਅੱਗੇ ਵੱਡੇ-ਵੱਡੇ ਨਾਵਾਂ ਵਾਲੇ ਸਨ। ਅਸੀਂ ਬਹੁਤ ਮਗਰੋਂ ਲੱਗੇ ਸੀ।... ਵੱਡੀ ਕੰਪਨੀ ਤੋਂ ਵੀ ਅੱਗੇ ਲੰਘ ਗਏ। ਇਹ ਸਤਿਗੁਰਾਂ ਦੀ ਕਿਰਪਾ ਦਾ ਹੀ ਕ੍ਰਿਸ਼ਮਾ ਹੈ।

ਸੱਚੇ ਪਾਤਸ਼ਾਹ ਹਰ ਗੱਲ ਨੂੰ ਸਮਤੋਲ (ਬੈਲੈਂਸ) ਰੱਖਦੇ ਹਨ। ਵਿਚ-ਵਿਚ ਆਪ ਸੁਚੇਤ ਵੀ ਕਰਦੇ ਹਨ ਕਿ ਤੁਹਾਡਾ ਜ਼ਿਆਦਾ ਧਿਆਨ ਪੈਸੇ ਕਮਾਉਣ ਵਲ ਹੋ ਗਿਆ ਹੈ....

ਬੰਗਲੌਰ ਤੋਂ ੧੦੦ ਕਿਲੋਮੀਟਰ ਦੀ ਵਿੱਥ ਤੇ ਮਧੁਗਿਰੀ ਫਾਰਮ ਵਿਚ ਅੰਬ, ਚੀਕੂ, ਅੰਗੂਰ, ਔਲੇ ਅਤੇ ਚੰਦਨ ਚਾਰ ਪੰਜ ਸੌ ਏਕੜ ਦੇ ਬਾਗ ਵਿੱਚ ਲਾਏ ਹਨ। ਵਧੀਆ ਚੱਲ ਰਿਹਾ ਹੈ।

ਬਰਾਮਦ (ਐਕਸਪੋਰਟ) ਵਾਸਤੇ ਆਪਣੇ ਦਫਤਰ ਹਨ। ਥਾਈਲੈਂਡ, ਵੀਤਨਾਮ, ਇੰਡੋਨੇਸ਼ੀਆ, ਮਿਸਰ, ਜਾਰਡਨ, ਟਰਕੀ, ਬੰਗਲਾਦੇਸ਼, ਜਾਪਾਨ, ਯੂ.ਐਸ.ਏ. ਇੰਗਲੈਂਡ, ਹਾਲੈਂਡ ਆਦਿਕ ਦੇਸਾਂ ਵਿਚ ਆਪਣੇ ਕੇਂਦਰ ਸਥਾਪਿਤ ਹਨ।

ਮੌਸਮ ਦੇ ਫਰਕ ਨਾਲ ਚਾਰ ਤੋਂ ਪੰਜ ਹਜ਼ਾਰ ਤੱਕ ਦੀ ਗਿਣਤੀ ਵਿਚ ਬੰਦਾ (ਮਰਦ ਔਰਤਾਂ) ਨਾਮਧਾਰੀ ਫਾਰਮ/ ਸੀਡਜ਼ ਵਿਚ ਕੰਮ ਕਰਦਾ ਹੈ।

— ਏਨਾ ਕੁ ਹੀ ਸਮਾ ਹੈ। ਫੇਰ ਬੈਠਾਂਗੇ ਅਤੇ ਸਪੋਰਟਸ ਅਤੇ ਹਾਕੀ ਬਾਰੇ ਵੀ ਗੱਲਾਂ ਕਰਾਂਗੇ। ਸਤਿਗੁਰਾਂ ਦੇ ਜੀਵਨ ਸਮੁੰਦਰ ਚੋਂ ਇਹ ਕੁਝ ਚੁਲੀਆ ਹਨ। ਆਪ ਦੀ ਮਹਿਮਾ ਕਹਿਣ ਕਥਨ ਤੋਂ ਬਾਹਰ ਹੈ।

— ਤੁਸੀਂ ਬਹੁਤ ਚੰਗਾ ਕੰਮ ਕਰ ਰਹੇ ਹੋ। ਸਤਿਗੁਰਾਂ ਬਾਰੇ ਤੁਹਾਡੀਆਂ ਲਿਖਤਾਂ ਮੈਂ ਅੱਗੇ ਵੀ ਪੜ੍ਹੀਆਂ ਹਨ ਬਹੁਤ ਵਧੀਆ ਹੁੰਦੀਆਂ ਹਨ। ਵਰਿਆਮ ਉਚ ਪਾਏ ਦਾ ਪਰਚਾ ਹੈ। ਇਸ ਨੂੰ ਹੋਰ ਤਰੱਕੀ ਕਰਣੀ ਚਾਹੀਦੀ ਹੈ। ਇਸਦਾ ਘੇਰਾ ਹੋਰ ਵਿਸ਼ਾਲ ਹੋਣਾ ਚਾਹੀਦਾ ਹੈ। ਸਤਿਗੁਰਾਂ ਜੋ ਸਾਨੂੰ ਕਿਹਾ ਸੀ ਉਹ ਹੀ ਗੱਲ ਤੁਹਾਨੂੰ ਕਹਿਣਾ ਚਾਹੁੰਦਾ ਹਾਂ, ਘਬਰਾਉਣਾ ਨਹੀਂ ਸਤਿਗੁਰੂ ਤੁਹਾਡੇ ਅੰਗ ਸੰਗ ਹਨ।

*— ਵਾਰਤਾਕਾਰ ਜਗਦੀਸ਼ ਸਿੰਘ ਵਰਿਆਮ*

੧੫-੧੦-੨੦੧੦

*ਸ੍ਰੀ ਭੈਣੀ ਸਾਹਿਬ*



*ਸ: ਹ. ਸ. ਹੰਸਪਾਲ ਜੀ, ਉਦੇ ਸਿੰਘ ਜੀ, ਸੰਤ ਜਗਤਾਰ ਸਿੰਘ ਜੀ*



Namdhari Elibrary NamdhariElibrary@gmail.com

# ਦੋ ਗ਼ਜ਼ਲਾਂ / —ਸੁਖਵਿੰਦਰ ਅੰਮ੍ਰਿਤ

(੧)
ਕੋਈ ਜਾਣੇ ਨਾ ਥਹੁ-ਪਤਾ ਤੇਰਾ
ਫਿਰ ਵੀ ਸਭ ਨੂੰ ਹੈ ਆਸਰਾ ਤੇਰਾ
ਥਾਂ ਥਾਂ ਤੇਰੇ ਘਰਾਂ ਦੀ ਦੱਸ ਪੈਂਦੀ
ਕੋਈ ਦੱਸਦਾ ਨਹੀਂ ਪਤਾ ਤੇਰਾ
ਓਹੀ ਆਪੇ ਤੋਂ ਹੋ ਗਿਆ ਮੁਨਕਰ
ਜੋ ਵੀ ਹੋਇਆ ਹੈ ਆਸ਼ਨਾ ਤੇਰਾ

ਤੂੰ ਕਿਸੇ ਅਰਸ਼ 'ਤੇ ਜਗੇਂ ਚਾਹੇ
ਸਾਰੀ ਦੁਨੀਆਂ ਨੂੰ ਚਾਨਣਾ ਤੇਰਾ
ਹੋਂਦ ਆਪਣੀ 'ਚ ਜੀਰ ਲਾ ਮੈਨੂੰ
ਜਾਵੇ ਜਰਿਆ ਨ ਫ਼ਾਸਲਾ ਤੇਰਾ

ਖ਼ਾਕ ਮੇਰੀ 'ਚੋਂ ਸਿਰਜ ਦੇ ਦੀਵੇ
ਅਰਜ਼ ਮੇਰੀ ਹੈ ਫ਼ੈਸਲਾ ਤੇਰਾ
ਨੀਂਦ ਟੁੱਟੀ ਤੇ ਹੋ ਗਿਆ ਚਾਨਣ
ਨਾਮ ਕਿਸ ਨੇ ਪੁਕਾਰਿਆ ਤੇਰਾ

(੨)
ਬਹਾਰ, ਭੈਰਵ, ਖਮਾਜ, ਪੀਲੂ
ਤੇ ਨਾ ਬਿਲਾਵਲ, ਬਿਹਾਗ ਕੋਈ
ਸੁਰਾਂ 'ਚ ਤੜਪੇ ਜੋ ਆਦਿ ਯੁਗ ਤੋਂ
ਉਹ ਤੇਰਾ ਮੇਰਾ ਵੈਰਾਗ ਕੋਈ।

ਕਈ ਨੇ ਕੋਮਲ ਕਈ ਨੇ ਤੀਬਰ
ਕਈ ਨੇ ਨਿਸ਼ਚਿਤ ਕਈ ਨੇ ਵਰਜਿਤ
ਤੇਰੇ ਸੁਰਾਂ 'ਚ ਐ ਜ਼ਿੰਦਗਾਨੀ
ਮੈਂ ਥਰਥਰਾਉਂਦਾ ਹਾਂ ਰਾਗ ਕੋਈ।

ਖ਼ਲਾਅ 'ਚ ਜਗਦਾ ਹਵਾ 'ਚੋਂ ਸੁਣਦਾ
ਥਲਾਂ 'ਚੋਂ ਫੁਟਦਾ, ਅਗਨ 'ਚ ਬਲਦਾ
ਜੋ ਜਲ 'ਚ ਤੜਪੇ ਤਰੰਗ ਬਣ ਕੇ
ਉਹ ਜ਼ਿੰਦਗੀ ਦਾ ਹੀ ਰਾਗ ਕੋਈ।

ਨ ਕੋਈ ਪੂਰਨ ਹੈ ਖੂਹ 'ਚੋਂ ਮੁੜਦਾ
ਨ ਮੁੜ ਕੇ ਨੈਣਾਂ ਨੂੰ ਨੂਰ ਜੁੜਦਾ
ਕਿ ਰੋਜ਼ ਇੱਛਰਾਂ ਗਵਾਉਂਦੀ ਅੱਖੀਆਂ
ਤੇ ਰੋਜ਼ ਸੁੱਕਦਾ ਹੈ ਬਾਗ਼ ਕੋਈ।

ਨ ਤੋਲਾ ਘਟਣਾ ਨ ਮਾਸਾ ਵਧਣਾ
ਕਿਸੇ ਨੇ ਬੁਝਣਾ ਕਿਸੇ ਨੇ ਜਗਣਾ
ਕਿ ਥੱਕ ਕੇ ਸੌਂ ਗਈ ਜ਼ਮੀਨ ਮੇਰੀ 'ਚੋਂ
ਫੇਰ ਉੱਠੇਗਾ ਜਾਗ ਕੋਈ।

ਨ ਏਥੇ ਸੱਚ ਦਾ ਕੋਈ ਸੇਕ ਸਹਿੰਦਾ
ਤੇ ਨਾ ਵਫ਼ਾ ਦੀ ਹੀ ਛਾਵੇਂ ਬਹਿੰਦਾ
ਜਹਾਨ ਉਹਨਾਂ ਤੋਂ ਖ਼ੌਫ਼ ਖਾਂਦਾ
ਜਿਨ੍ਹਾਂ 'ਚ ਦਿਸਦਾ ਨ ਦਾਗ਼ ਕੋਈ।

ਮੈਂ ਸੁਰਤ ਸਾਧਣ ਦਾ ਯਤਨ ਕਰਦੀ ਸੀ
ਰੰਗ ਚੁਗਦੀ ਸੀ ਮਹਿਕ ਫੜਦੀ ਸੀ
ਨੈਣ ਖੋਲ੍ਹੇ ਤਾਂ ਵੇਖਿਆ ਮੈਂ
ਕਿ ਖਿੜਿਆ ਹੋਇਆ ਸੀ ਬਾਗ਼ ਕੋਈ।


Namdhari Elibrary NamdhariElibrary@gmail.com

# ਖਿੜਦੇ-ਮਹਿਕਦੇ ਰੰਗਾਂ ਵਾਲੀ ਮਹਾਂ-ਸ਼ਖਸ਼ੀਅਤ

*—ਵਰਿਆਮ ਸਿੰਘ ਸੰਧੂ*




ਚੜ੍ਹਦੀ ਜਵਾਨੀ ਦੇ ਦਿਨੀਂ ਗੁਰਬਖਸ਼ ਸਿੰਘ ਪ੍ਰੀਤਲੜੀ ਮੇਰਾ ਆਦਰਸ਼ ਪੁਰਖ ਸੀ ਤੇ ਉਸਦੀਆਂ ਲਿਖਤਾਂ ਵਿਚ ਹੋਰਨਾਂ ਤੋਂ ਇਲਾਵਾ ਜਿਨ੍ਹਾਂ ਆਦਰਸ਼ ਮਹਾਂ-ਪੁਰਖਾਂ ਦਾ ਜ਼ਿਕਰ ਅਕਸਰ ਹੀ ਝਲਕਾਰੇ ਮਾਰਦਾ ਰਹਿੰਦਾ ਸੀ, ਉਹਨਾਂ ਵਿਚ ਨਾਮਧਾਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਤੇ ਉਹਨਾਂ ਦੇ ਸਾਹਿਬਜ਼ਾਦੇ ਵਰਤਮਾਨ ਸਤਿਗੁਰੂ ਜਗਜੀਤ ਸਿੰਘ ਦਾ ਨਾਂ ਵਰਨਣਯੋਗ ਹੈ। ਇੰਜ ਸਹਿਵਨ ਹੀ, ਧਾਰਮਿਕ ਬਿਰਤੀ ਨਾ ਹੋਣ ਦੇ ਬਾਵਜੂਦ, ਮੈਨੂੰ ਨਾਮਧਾਰੀ ਸਤਿਗੁਰੂ ਤੇ ਉਹਨਾਂ ਦਾ ਪੰਥ ਖਿੱਚ ਪਾਉਣ ਲੱਗੇ। ਜਦੋਂ ਆਜ਼ਾਦੀ ਲਹਿਰ ਵਿਚ ਨਾਮਧਾਰੀ ਪੰਥ ਦੀਆਂ ਬੇਮਿਸਾਲ ਕੁਰਬਾਨੀਆਂ ਅਤੇ ਕੀਤੀ ਪਹਿਲਕਦਮੀ ਦਾ ਪਤਾ ਲੱਗਾ ਤਾਂ ਇਹ ਖਿੱਚ ਆਦਰ-ਸਤਿਕਾਰ ਵਿਚ ਬਦਲ ਗਈ। ਪਿਛੋਂ ਸੰਤ ਜਗਦੀਸ਼ ਸਿੰਘ ਵਰਿਆਮ ਨਾਲ ਹੋਈ ਮਿਤਰਤਾ ਨੇ ਨਾਮਧਾਰੀ ਪੰਥ ਹੋਰ ਵੀ ਨੇੜਿਓਂ ਜੋੜ ਦਿੱਤਾ। ਨਾਮਧਾਰੀ ਸਤਿਗੁਰੂ ਸਾਹਿਬਾਨ ਦੀ ਸ਼ਖਸੀਅਤ ਦੇ ਅਨੇਕਾਂ ਰੰਗ ਰੌਸ਼ਨ ਹੋਣ ਲੱਗੇ। ਜਗਦੀਸ਼ ਸਿੰਘ ਦੀ ਹੀ ਬਦੌਲਤ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਰਸ਼ਨ ਕਰਨ ਤੇ ਉਹਨਾਂ ਦੀ ਕੁਝ ਪਲ ਦੀ ਨੇੜਤਾ ਦਾ ਨਿੱਘ ਮਾਨਣ ਦਾ ਸੁਨਹਿਰੀ ਅਵਸਰ ਵੀ ਨਸੀਬ ਹੋਇਆ।

ਪਹਿਲੀ ਵਾਰ ਸਤਿਗੁਰੂ ਜੀ ਦੇ ਦੀਦਾਰੇ ਸ੍ਰੀ ਭੈਣੀ ਸਾਹਿਬ ਵਿਖੇ ਹੋਏ। ਜਗਦੀਸ਼ ਸਿੰਘ ਦੀ ਲੜਕੀ ਦਾ ਵਿਆਹ ਸੀ। ਤੜਕੇ ਪਹਿਰ ਅੰਮ੍ਰਿਤ-ਬਾਣੀ ਦਾ ਰਸ-ਭਿੰਨਾਂ ਕੀਰਤਨ ਹੋ ਰਿਹਾ ਸੀ। ਵਿਸ਼ਾਲ ਪੰਡਾਲ ਵਿਚ ਚਿੱਟੇ-ਬਾਣੇ ਵਾਲੀ ਸੰਗਤ ਸਜੀ ਹੋਈ ਸੀ। ਸਾਹਮਣੇ ਸਤਿਗੁਰੂ ਜਗਜੀਤ ਸਿੰਘ ਜੀ ਬਿਰਾਜਮਾਨ ਸਨ। ਕਤਾਰ ਬੰਨੀ ਸੰਗਤਾਂ ਬੜੇ ਅਨੁਸ਼ਾਸਨ ਵਿਚ ਵਾਰੀ ਵਾਰੀ ਉਹਨਾਂ ਸਾਹਮਣੇ ਨਤਮਸਤਕ ਹੋ ਰਹੀਆਂ ਸਨ। ਜਗਦੀਸ਼ ਸਿੰਘ ਨੇ ਤਾਂ ਸਤਿਗੁਰੂ ਦੇ ਹਜ਼ੂਰ ਹਾਜ਼ਰ ਹੋ ਕੇ ਬਖ਼ਸ਼ਿਸ਼ ਪ੍ਰਾਪਤ ਕਰਨੀ ਹੀ ਸੀ; ਉਹ ਸਾਨੂੰ ਵੀ ਕਹਿਣ ਲੱਗਾ, "ਆਓ ਤੁਹਾਨੂੰ ਸਤਿਗੁਰੂ ਜੀ ਨਾਲ ਮਿਲਾਈਏ।" ਸਾਡੇ ਨਾਲ ਪ੍ਰਸਿੱਧ ਪੱਤਰਕਾਰ ਗੁਰਬਖਸ਼ ਸਿੰਘ ਬੰਨੋਆਣਾ ਵੀ ਸੀ। ਵਾਰੀ ਆਉਣ 'ਤੇ ਅਸੀਂ ਸਤਿਗੁਰੂ ਜੀ ਨੂੰ ਨਮਸਕਾਰ ਕੀਤੀ। ਜਗਦੀਸ਼ ਸਿੰਘ ਨੇ ਪਹਿਲਾਂ ਬੰਨੋਆਣਾ ਜੀ ਬਾਰੇ ਜਾਣਕਾਰੀ ਦਿੱਤੀ। ਸਤਿਗੁਰੂ ਜੀ ਦਾ ਮੁਖ-ਮੰਡਲ ਖਿੜਿਆ ਹੋਇਆ ਸੀ। ਮੁਛਹਿਰੇ ਮੁਸਕਰਾ ਰਹੇ ਸਨ। ਮੈਨੂੰ ਧਾਰਮਿਕ ਮਹਾਂਪੁਰਖਾਂ ਦੇ ਭਾਰੇ-ਗੌਰੇ ਪਨ ਤੋਂ ਹਮੇਸ਼ਾਂ ਧੱਕਾ ਜਿਹਾ ਲੱਗਦਾ ਰਿਹਾ ਹੈ, ਜਿਹੜਾ ਮੈਨੂੰ ਉਹਨਾਂ ਦੇ ਨੇੜੇ ਨਹੀਂ ਆਉਣ ਦਿੰਦਾ। ਪਰ ਸਤਿਗੁਰੂ ਜੀ ਦੇ ਚਿਹਰੇ ਦੀ ਮਿਕਨਾਤੀਸੀ ਮੁਸਕਰਾਹਟ ਨੇ ਮੇਰਾ ਭੈਅ ਧੋ ਦਿੱਤਾ। ਉਹ ਜਿਵੇਂ ਬੰਨੋਆਣਾ ਜੀ ਬਾਰੇ ਦਿੱਤੀ ਜਾ ਰਹੀ ਜਾਣਕਾਰੀ ਧਿਆਨ ਨਾਲ ਸੁਣ ਰਹੇ ਸਨ, ਇਸ ਨਾਲ ਮੈਨੂੰ ਉਹਨਾਂ ਨਾਲ ਅਪਣਤ ਦੇ ਰਿਸ਼ਤੇ ਵਿਚ ਬੱਝਣਾ ਔਖਾ ਨਾ ਰਿਹਾ।

ਫਿਰ ਜਗਦੀਸ਼ ਸਿੰਘ ਮੇਰੇ ਬੜੇ ਵੱਡੇ ਲੇਖਕ ਹੋਣ ਬਾਰੇ ਦੱਸਣ ਲੱਗਾ। ਯਾਰਾਂ ਨੇ ਯਾਰਾਂ ਦੀ ਸਿਫ਼ਤ ਕਰਨੀ ਹੀ ਹੁੰਦੀ ਹੈ। ਛੋਟੇ ਵੀ ਹੋਣ ਤਾਂ ਵੱਡੇ ਬਣਾ ਧਰਨਾ ਹੁੰਦਾ ਹੈ। ਮੈਂ ਕੱਚਾ ਜਿਹਾ ਹੋ ਰਿਹਾ ਸਾਂ। ਉਹਨੀ ਦਿਨੀਂ ਪਹਿਲਵਾਨ ਕਰਤਾਰ ਸਿੰਘ ਬਾਰੇ ਮੇਰੀ ਪੁਸਤਕ, ਕੁਸ਼ਤੀ ਦਾ ਧਰੂ ਤਾਰਾ ਕਰਤਾਰ ਸਿੰਘ ਨਵੀਂ ਨਵੀਂ ਛਪੀ ਸੀ ਤੇ ਇਸ ਉਤੇ ਮੈਨੂੰ ਅੰਤਰ ਰਾਸ਼ਟਰੀ ਕੁਸ਼ਤੀ ਸੰਸਥਾ ਵੱਲੋਂ ੫੦ ਹਜ਼ਾਰ ਰੁਪਏ ਦਾ ਇਨਾਮ ਹੁਣੇ ਹੀ ਮਿਲਿਆ ਸੀ। ਜਗਦੀਸ਼ ਸਿੰਘ ਨੇ ਇਸਦਾ ਵੀ ਉਚੇਚਾ ਜ਼ਿਕਰ ਕੀਤਾ। ਸਤਿਗੁਰੂ ਜੀ ਨੇ ਸਭ ਬੜੇ ਧਿਆਨ ਨਾਲ ਸੁਣਿਆ। ਅਪਣਤ ਨਾਲ ਮੁਸਕਰਾਏ। ਇਸ ਮੁਸਕਰਾਹਟ ਨੇ ਮੈਨੂੰ ਖੇੜੇ ਨਾਲ ਭਰ ਦਿੱਤਾ।

ਵੱਡੀਆਂ ਵੱਡੀਆਂ ਸਿਆਸੀ, ਸਾਹਿਤਕ ਤੇ ਕਲਾਕਾਰੀ ਦੇ ਖੇਤਰ ਦੀਆਂ ਹਸਤੀਆਂ ਸਤਿਗੁਰੂ ਜੀ ਦੇ ਹਜ਼ੂਰ ਨਤਮਸਤਕ ਹੁੰਦੀਆਂ ਰਹਿੰਦੀਆਂ ਨੇ। ਮੈਂ ਉਹਨਾਂ ਹਸਤੀਆਂ ਦੇ ਮੁਕਾਬਲੇ ਅਸਲੋਂ ਹੀ ਨਾਂ-ਗਿਨੌਣਾ ਬੰਦਾ ਸਾਂ। ਪਰ ਸਤਿਗੁਰੂ ਜੀ ਮੇਰੇ ਬਾਰੇ ਇੰਜ ਸੁਣ ਕੇ ਚਿਹਰੇ ਤੋਂ ਪ੍ਰਤੀਕਰਮ ਦੇ ਰਹੇ ਸਨ, ਜਿਵੇਂ ਮੇਰਾ ਨਾਂ ਵੀ ਗੌਲਣ-ਯੋਗ ਹੋਵੇ। ਵੱਡਿਆਂ ਦੀ ਵਡਿਆਈ ਏਸੇ ਵਿਚ ਹੁੰਦੀ ਹੈ ਕਿ ਛੋਟਿਆਂ ਨੂੰ ਵੀ ਛੋਟਾ ਲੱਗਣ ਨਹੀਂ ਦਿੰਦੇ। ਸਤਿਗੁਰੂ ਜੀ ਨੇ ਮੈਨੂੰ ਮੋਹ ਲਿਆ ਸੀ। ਜਗਦੀਸ਼ ਸਿੰਘ ਨੇ ਮੈਨੂੰ ਬਾਦ ਵਿਚ ਦਸਿਆ ਕਿ ਸਤਿਗੁਰਾਂ ਨੇ ਇਕ ਵਾਰ ਪੁਛਿਆ ਸੀ ਕਿ ਇਹ ਓਹ ਹੀ ਹੈ ਜੋ ਵਡੀਆਂ-ਵਡੀਆਂ ਕਹਾਣੀਆਂ ਲਿਖਦਾ ਹੈ।

ਦੂਜੀ ਵਾਰ ਮੈਨੂੰ ਸਤਿਗੁਰੂ ਜੀ ਦੇ ਦੀਦਾਰ ਕਰਨ ਅਤੇ ਪਹਿਲੀ ਵਾਰ ਉਹਨਾਂ ਦੇ ਪ੍ਰਵਚਨ ਸੁਣਨ ਦਾ ਮੌਕਾ ਸਿਰਸੇ ਦੇ ਇਕ ਸਮਾਗਮ ਵਿਚ ਮਿਲਿਆ। ਇਹ ਸਮਾਗਮ ਨਾਮਧਾਰੀ



Namdhari Elibrary NamdhariElibrary@gmail.com

ਇਤਿਹਾਸਕਾਰ ਸੰਤ ਤਰਨ ਸਿੰਘ ਵਹਿਮੀ ਦੀ ਯਾਦ ਵਿਚ ਮਨਾਇਆ ਜਾ ਰਿਹਾ ਸੀ। ਇਸ ਸਮਾਗਮ ਵਿਚ ਬੋਲਦਿਆਂ ਮੈਂ ਸੰਤ ਤਰਨ ਸਿੰਘ ਵਹਿਮੀ ਵਲੋਂ ਆਪਣੀ ਪੁਸਤਕ ਵਿਚ ਦਿੱਤੇ ਹਵਾਲੇ ਨਾਲ ਸਤਿਗੁਰੂ ਜਗਜੀਤ ਸਿੰਘ ਦੀ ਸ਼ਖਸੀਅਤ ਦੇ ਮਜੀਠੀ ਰੰਗ ਦਾ ਜ਼ਿਕਰ ਕੀਤਾ। ਵਹਿਮੀ ਜੀ ਨੇ ਲਿਖਿਆ ਸੀ ਕਿ ਜਦੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਚੋਲਾ ਛੱਡਣ ਦੀ ਤਿਆਰੀ ਵਿਚ ਸਨ ਤਾਂ ਉਹਨਾਂ ਨੇ ਨੌਜਵਾਨ 'ਬਾਬਾ' ਜਗਜੀਤ ਸਿੰਘ ਜੀ ਨੂੰ ਸੰਕੇਤ ਦਿੱਤਾ ਕਿ ਭਵਿੱਖ ਵਿਚ ਉਹਨਾਂ ਨੂੰ ਵੱਡੀਆਂ ਜ਼ਿੰਮੇਵਾਰੀਆਂ ਸਾਂਭਣ ਲਈ ਤਿਆਰ ਹੋ ਜਾਣਾ ਚਾਹੀਦਾ ਹੈ। ਇਹ ਸੁਣ ਕੇ ਬਾਬਾ ਜਗਜੀਤ ਸਿੰਘ ਜੀ ਦਾ ਮਨ ਭਰ ਆਇਆ ਤੇ ਉਹ ਉਠ ਕੇ ਚੁਬਾਰੇ ਵਿਚ ਚਲੇ ਗਏ ਤੇ 'ਬੋਝ-ਮੁਕਤ' ਹੋ ਕੇ ਫਿਰ ਸ਼ਾਂਤ-ਚਿਤ ਹੋ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹਜ਼ੂਰ ਆਣ ਹਾਜ਼ਰ ਹੋਏ।

ਆਮ ਤੌਰ ਤੇ ਮਹਾਂ-ਪੁਰਸ਼ਾਂ ਬਾਰੇ ਇਸਤਰ੍ਹਾਂ ਬਿਆਨ ਕੀਤਾ ਜਾਂਦਾ ਹੈ ਜਿਵੇਂ ਉਹਨਾਂ 'ਤੇ ਦੁਖ-ਸੁਖ ਦਾ ਕੋਈ ਅਸਰ ਹੀ ਨਾ ਹੁੰਦਾ ਹੋਵੇ। ਮੈਨੂੰ ਤਾਂ ਸਦਾ ਇਹ ਲੱਗਦਾ ਹੈ ਕਿ ਮਹਾਂਪੁਰਖ ਤਾਂ ਸਗੋਂ ਸਭ ਤੋਂ ਵੱਧ ਸੰਵੇਦਨਸ਼ੀਲ ਹੁੰਦੇ ਹਨ। ਉਹਨਾਂ ਨੂੰ ਦੂਜਿਆਂ ਨਾਲੋਂ ਪਹਿਲਾਂ 'ਜਲਦੀ ਹੋਈ ਪ੍ਰਿਥਮੀ', ਕੇਵਲ ਦਿਸਦੀ ਹੀ ਨਹੀਂ ਸਗੋਂ ਉਸਦਾ ਸੇਕ ਵੀ ਸਭ ਤੋਂ ਵੱਧ ਲੱਗਦਾ ਹੈ, ਤਦ ਹੀ ਤਾਂ ਉਹ ਉਸਨੂੰ 'ਠਾਰਨ' ਲਈ ਆਪਣਾ ਸਭ ਕੁਝ ਕੁਰਬਾਨ ਕਰਨ ਦੀ ਠਾਣ ਲੈਂਦੇ ਹਨ। ਮੈਨੂੰ ਤਾਂ ਇਹ ਗੱਲ ਵੀ ਤਕਲੀਫ ਦਿੰਦੀ ਹੈ ਜਦੋਂ ਰਾਗੀ-ਢਾਡੀ ਇਹ ਕਹਿੰਦੇ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਚਮਕੌਰ ਵਿਚ ਪੁੱਤਰਾਂ ਦੀਆਂ ਲਾਸ਼ਾਂ ਕੋਲੋਂ ਨਿਰਲਿਪਤ ਭਾਵ ਨਾਲ ਗੁਜ਼ਰ ਗਏ ਸਨ। ਉਹਨਾਂ ਨੇ ਨਾ ਹਉਕਾ ਭਰਿਆ ਸੀ, ਨਾ ਹੰਝੂ ਕੇਰਿਆ ਸੀ। ਇਹ ਪ੍ਰਚਾਰਕ ਮੇਰੇ ਗੁਰੂ ਨੂੰ ਪੱਥਰ-ਚਿਤ ਬਣਾ ਧਰਦੇ ਨੇ। ਮੈਨੂੰ ਤਾਂ ਲੱਗਦਾ ਹੈ ਗੁਰੂ ਜੀ ਨੇ ਆਪਣੇ ਪੁੱਤਾਂ ਅਤੇ ਸਿੱਖਾਂ ਲਈ ਹਉਕਾ ਵੀ ਭਰਿਆ ਹੋਵੇਗਾ ਤੇ ਮਾਛੀਵਾੜੇ ਦੀ ਕਾਲੀ ਬੋਲੀ ਰਾਤ ਵਿਚ ਹੰਝੂ ਵੀ ਕੇਰੇ ਹੋਣਗੇ। ਇਹ ਉਹਨਾਂ ਦੇ ਇਨਸਾਨੀ ਪੱਖ ਦੀ ਵਢਿਆਈ ਸੀ। ਪਰ ਉਹਨਾਂ ਦੇ ਮਹਾਂ-ਪੁਰਖੀ ਪੱਖ ਦੀ ਵਡਿਆਈ ਇਹ ਸੀ ਕਿ ਉਹਨਾਂ ਨੇ ਨਿੱਜੀ ਦੁੱਖ ਨੂੰ ਸਵੀਕਾਰ ਕਰਦੇ ਹੋਏ ਵੀ ਉਸ ਨੂੰ ਆਪਣੇ ਆਪ ਤੇ ਭਾਰੂ ਨਹੀਂ ਸੀ ਹੋਣ ਦਿੱਤਾ। ਆਪਣੇ ਨਿੱਜੀ ਦੁੱਖ ਤੇ ਫ਼ਤਹਿ ਪਾ ਕੇ ਉਹ ਵੱਡੀ ਲੜਾਈ ਤੇ ਵੱਡੀ ਜ਼ਿੰਮੇਵਾਰੀ ਦੇ ਸਨਮੁੱਖ ਹੋ ਗਏ ਸਨ। ਸਤਿਗੁਰੂ ਜਗਜੀਤ ਸਿੰਘ ਦਾ ਮਨ-ਭਰ ਆਉਣਾ ਕੋਮਲ-ਚਿੱਤ ਇਨਸਾਨੀ ਮੁਹੱਬਤ ਦਾ ਪ੍ਰਗਟਾਵਾ ਸੀ, ਜਿਸ ਵਿਚੋਂ ਪੂਜਯ ਪਿਤਾ ਜੀ ਲਈ ਮੋਹ ਦਾ ਚਸ਼ਮਾ ਫੁੱਟ ਨਿਕਲਿਆ ਸੀ। ਪਿਤਾ ਦੇ ਸਦੀਵੀ ਵਿਛੋੜੇ ਦੀ ਕਲਪਨਾ ਨੇ ਉਹਨਾਂ ਅੰਦਰ ਵੈਰਾਗ-ਭਾਵ ਪੈਦਾ ਕਰ ਦਿੱਤੇ ਸਨ। ਮੈਨੂੰ ਸਤਿਗੁਰੂ ਜੀ ਦੇ ਇਸ ਵੈਰਾਗ-ਭਾਵ ਨਾਲ ਵੀ ਮੋਹ ਉਮਡਿਆ। ਪਰ ਅਗਲੇ ਹੀ ਪਲ ਉਹ ਜਦੋਂ ਚੁਬਾਰੇ ਵਿਚ ਜਾ ਕੇ ਇਸ ਵੈਰਾਗ ਭਾਵ ਤੋਂ ਮੁਕਤ ਹੋਣ ਲਈ ਯਤਨ ਕਰ ਰਹੇ ਸਨ ਤਾਂ ਮੈਨੂੰ ਲੱਗਾ ਜਿਵੇਂ ਉਹ 'ਚੁਬਾਰਾ', ਉਹਨਾਂ ਲਈ ਮਾਛੀਵਾੜੇ ਦਾ ਜੰਗਲ ਸੀ। ਛੇਤੀ ਹੀ ਮਿੱਤਰ ਪਿਆਰੇ ਨੂੰ ਆਪਣਾ ਹਾਲ ਸੁਣਾ ਕੇ ਉਹ ਸ਼ਾਂਤ-ਚਿੱਤ ਹੋ ਗਏ ਸਨ ਤੇ ਵਡੇਰੀਆਂ ਜ਼ਿੰਮੇਵਾਰੀਆਂ ਓੜ੍ਹਣ ਲਈ ਤਿਆਰ-ਬਰ-ਤਿਆਰ ਹੋ ਗਏ ਸਨ।

ਸ਼ਾਇਦ ਸਤਿਗੁਰੂ ਜੀ ਨੂੰ ਮੇਰੀ ਗੱਲ ਠੀਕ ਲੱਗੀ ਸੀ, ਤਦੇ ਹੀ ਉਹਨਾਂ ਨੇ ਬਾਦ ਵਿਚ ਕੀਤੇ ਆਪਣੇ ਪ੍ਰਵਚਨ ਵਿਚ ਮੇਰਾ ਉਚੇਚਾ ਜ਼ਿਕਰ ਕੀਤਾ।

ਸਤਿਗੁਰੂ ਜੀ ਦੇ ਖਿੜਦੇ ਮਹਿਕਦੇ ਰੰਗਾਂ ਵਾਲੀ ਇਕ ਹੋਰ ਮਿਲਣੀ ਵੀ ਮੇਰੇ ਚੇਤਿਆਂ ਵਿਚ ਤਾਜ਼ਾ ਹੋ ਉੱਠੀ ਹੈ। ੧੯੯੭ ਵਿਚ 'ਵਿਸ਼ਵ ਪੰਜਾਬੀ ਕਾਨਫਰੰਸ' ਤੇ ਜਾਣ ਲਈ ਅਸੀਂ ਸਵੇਰੇ ਵੀਜ਼ੇ ਲਵਾਉਣ ਲਈ ਅਮਰੀਕਨ ਅੰਬੈਸੀ ਵਿਚ ਹਾਜ਼ਰ ਹੋਣਾ ਸੀ। ਸਭ ਨੂੰ ਭੈਅ ਸੀ ਕਿ ਪਤਾ ਨਹੀਂ ਵੀਜ਼ੇ ਲੱਗਣਗੇ ਕਿ ਨਹੀਂ।

ਸਤਿਗੁਰੂ ਜੀ ਦਿੱਲੀ ਠਹਿਰੇ ਹੋਏ ਸਨ। ਸ਼ਾਮ ਨੂੰ ਜਗਦੀਸ਼ ਸਿੰਘ ਵਰਿਆਮ, ਤਾਰਾ ਸਿੰਘ ਅਨਜਾਣ ਤੇ ਮੈਂ ਸਤਿਗੁਰੂ ਜੀ ਦੇ ਦਰਸ਼ਨਾਂ ਲਈ ਉਹਨਾਂ ਦੇ ਨਿਵਾਸ ਤੇ ਪੁੱਜੇ। ਉਥੇ ਗਏ ਤਾਂ ਪਤਾ ਲੱਗਾ ਕਿ ਗੁਰੂ ਜੀ ਪ੍ਰਸਿੱਧ ਸੰਗੀਤਕਾਰ ਰਾਜਨ ਮਿਸ਼ਰਾ ਤੇ ਸਾਜਨ ਮਿਸ਼ਰਾ ਦੇ ਘਰ ਗਏ ਹੋਏ ਹਨ। ਅਸੀਂ ਉਧਰ ਨੂੰ ਚੱਲ ਪਏ।

ਸਭ ਤੋਂ ਉਪਰਲੀ ਮੰਜ਼ਿਲ ਉਪਰ ਗਲੀਚਿਆਂ 'ਤੇ ਵਿਛੀਆਂ ਦੁਧ ਚਿੱਟੀਆਂ ਚਾਦਰਾਂ 'ਤੇ ਦੁਧ ਚਿੱਟੇ ਵਸਤਰ ਪਹਿਨੀ ਇਕ ਹੱਥ ਵਿਚ ਮਾਲਾ ਫੜੀ ਕੰਧ ਨਾਲ ਸਤਿਗੁਰੂ ਜੀ ਬੈਠੇ ਸਨ। ਉਹਨਾਂ ਦੇ ਚੁਫੇਰੇ ਆਇਤ ਦੀ ਸ਼ਕਲ ਵਿਚ ਰੰਗ-ਬਰੰਗੀਆਂ ਫੁਲ ਪੱਤੀਆਂ ਦਾ ਖੁਸ਼ਬੂਦਾਰ ਪਰਿਵਾਰ ਸੀ। ਆਸੇ-ਪਾਸੇ ਦੁੱਧ-ਚਿੱਟੇ ਵਸਤਰਾਂ ਵਿਚ ਹੀ ਸਜੀ-ਸੰਵਰੀ ਬੈਠੀ ਸੀ ਨਾਮਧਾਰੀ ਸੰਗਤ...ਤੇ ਸਾਹਮਣੇ ਬੈਠੇ ਸਨ ਮਿਸ਼ਰਾ ਭਰਾ। ਇਕ ਅਦਬ ਭਰੀ ਖ਼ਾਮੋਸ਼ੀ ਮਨ ਨੂੰ ਠੰਢਕ ਪਾਉਂਦੀ ਸਾਦਗੀ ਦਾ ਰੱਬੀ ਹੁਸਨ ਚੁਫੇਰੇ ਪਸਰਿਆ ਪਿਆ ਸੀ।

ਅਸੀਂ ਨਮਸਕਾਰ ਕੀਤੀ ਤਾਂ ਸਤਿਗੁਰੂ ਜੀ ਨੇ ਸਾਰੀ ਸੰਗਤ ਨੂੰ ਸੰਬੋਧਨ ਕਰਕੇ ਸਾਡੇ ਵਲ ਹੱਥ ਦਾ ਇਸ਼ਾਰਾ ਕੀਤਾ, "ਇਹ ਨੇ ਜਗਦੀਸ਼ ਸਿੰਘ ਵਰਿਆਮ..."।

ਅਜੇ ਉਹਨਾਂ ਦਾ ਹੱਥ ਹਵਾ ਵਿਚ ਹੀ ਸੀ ਕਿ ਮਿਸ਼ਰਾ ਭਰਾ ਤੇ ਇਕ ਦੋ ਜਣੇ ਹੋਰ ਬੋਲੇ, "ਅਸੀਂ ਜਾਣਦੇ ਆਂ ਜੀ ਇਹਨਾਂ ਨੂੰ...।"

ਉਹਨਾਂ ਦੇ ਚੁੱਪ ਹੁੰਦਿਆਂ ਹੀ ਸਤਿਗੁਰੂ ਜੀ ਨੇ ਹਵਾ


Namdhari Elibrary NamdhariElibrary@gmail.com

ਵਿਚ ਲਹਿਰਦਾ ਹੱਥ ਮੇਰੇ ਵਲ ਕੀਤਾ ਤੇ ਵਿਨੋਦੀ ਅੰਦਾਜ਼ ਵਿਚ 'ਵਰਿਆਮ' ਸ਼ਬਦ 'ਤੇ ਜ਼ੋਰ ਦੇ ਕੇ ਆਖਿਆ, "...ਤੇ ਇਹ ਨੇ ਵਰਿਆਮ ਸਿੰਘ ਸੰਧੂ।" ਜਗਦੀਸ਼ ਸਿੰਘ ਵਰਿਆਮ ਤੇ ਵਰਿਆਮ ਸਿੰਘ ਸੰਧੂ ਵਿਚਾਲੇ 'ਵਰਿਆਮ' ਉਹਨਾਂ ਨੇ ਇਸ ਨਾਟਕੀ ਅੰਦਾਜ਼ ਵਿਚ ਜ਼ੋਰ ਦੇ ਕੇ ਜੋੜਿਆ ਕਿ ਉਹਨਾਂ ਦੇ ਮੁਸਕਰਾਹਟ ਬਿਖੇਰਦੇ ਚਿਹਰੇ ਤੋਂ ਮਿੱਠਾ ਮਖੌਲ ਪੜ੍ਹਕੇ ਸੰਗਤ ਵਿਚ ਹਾਸਾ ਛਣਕ ਪਿਆ। ਇਸ ਛਣਕਦੇ ਹਾਸੇ ਨੂੰ ਇਕ ਹੋਰ ਹੁਲਾਰਾ ਦੇਣ ਲਈ ਉਹਨਾਂ ਫਿਰ ਉਸੇ ਹਸਾਉਣੇ ਅੰਦਾਜ਼ ਵਿਚ ਆਖਿਆ, "...ਹੁਣ ਇਹ ਅਗਾਂਹ ਹੀ ਜਾਣਗੇ।"



*ਪੰਜਾਬੀ ਦੇ ਪ੍ਰਸਿਧ ਲੇਖਕ ਅਫਜ਼ਲ ਅਹਿਸਨ ਰੰਧਾਵਾ (ਪਾਕਿਸਤਾਨ) ਸਤਿਗੁਰੂ ਜੀ ਨੂੰ ਆਪਣੀ ਪੁਸਤਕਾਂ ਭੇਟ ਕਰਦੇ ਹੋਏ।*

ਉਹਨਾਂ ਦਾ ਇਸ਼ਾਰਾ ਸਾਡੀ ਵਿਦੇਸ਼ ਯਾਤਰਾ ਤੋਂ ਸੀ।

ਹੌਲੀ ਜਿਹੀ ਜਗਦੀਸ਼ ਸਿੰਘ ਨੇ ਮੇਰੇ ਕੰਨ ਵਿਚ ਕਿਹਾ, "ਲਓ ਜੀ! ਤੁਹਾਨੂੰ ਤਾਂ ਵਰ ਮਿਲ ਗਿਆ ਜੇ।"

ਮੈਂ ਖੁਸ਼ ਸਾਂ ਕਿ ਮੈਂ ਸਤਿਗੁਰੂ ਜੀ ਨੂੰ ਚੇਤੇ ਸਾਂ। ਉਹਨਾਂ ਦੇ ਅਜਿਹੇ ਸੁਭਾਅ ਨੇ ਮੈਨੂੰ ਪ੍ਰਿੰਸੀਪਲ ਤੇਜਾ ਸਿੰਘ ਦੀਆਂ ਸਤਰਾਂ ਯਾਦ ਕਰਵਾਈਆਂ:

"ਜਿੰਨਾ ਕੋਈ ਆਦਮੀ ਧਰਮਾਤਮਾ ਜਾਂ ਉੱਚੀ ਸ਼ਾਨ ਵਾਲਾ ਹੁੰਦਾ ਹੈ, ਓਹਾ ਹੀ ਚੁੱਪ ਤੇ ਖੁਲ੍ਹੀਆਂ ਗੱਲਾਂ ਕਰਨ ਤੋਂ ਸੰਗਣ ਵਾਲਾ ਹੁੰਦਾ ਹੈ। ਉਸ ਨੂੰ ਹਰ ਵਕਤ ਖਤਰਾ ਰਹਿੰਦਾ ਹੈ ਕਿ ਮੇਰੀ ਕਿਸੇ ਗੱਲ ਤੋਂ ਕੋਈ ਗਲਤ ਫਾਇਦਾ ਨਾ ਉਠਾ ਲਵੇ।... ਫਾਰਸੀ ਦੇ ਅਖਾਣ ਮੁਜਬ ਜਦ ਤੋੜੀ ਉਹ ਮੂੰਹ ਖੋਲ੍ਹ ਕੇ ਗੱਲ ਨਹੀਂ ਕਰਦੇ, ਤਦ ਤੋੜੀ ਉਹਨਾਂ ਦੇ ਗੁਣ ਔਗੁਣ ਛੁਪੇ ਰਹਿੰਦੇ ਹਨ। ...ਪਰ ਓਹੀ ਆਦਮੀ ਜਦੋਂ ਨਵੇਕਲਾ ਬਹਿ ਕੇ ਕਿਸੇ ਨਾਲ ਖੁਲ੍ਹੀਆਂ ਗੱਲਾਂ ਕਰਦਾ ਹੈ ਤਾਂ ਉਸ ਦਾ ਅਸਲਾ ਪ੍ਰਤੱਖ ਹੁੰਦਾ ਹੈ। ਉਸ ਵੇਲੇ ਉਸ ਦੀ ਸਾਰੀ ਸ਼ਖਸੀਅਤ ਖਿੜ ਕੇ ਬਾਹਰ ਆਉਂਦੀ ਹੈ।"

ਪਰ ਸਤਿਗੁਰੂ ਜੀ ਨਵੇਕਲੇ ਬੈਠ ਕੇ ਨਹੀਂ, ਸਗੋਂ ਸੰਗਤ ਵਿਚ ਬੈਠਕੇ ਇੰਝ ਖੁਲ੍ਹੀਆਂ ਗੱਲਾਂ ਕਰਕੇ ਖੇੜਾ ਬਖਸ਼ਦੇ ਨੇ...ਇਸ ਨਾਲ ਉਹਨਾਂ ਦੀ ਅੰਦਰਲੀ ਉਚਾਈ ਤੇ ਵਡਿਆਈ ਦੇ ਦਰਸ਼ਨ ਹੀ ਹੁੰਦੇ ਹਨ। ਉਹਨਾਂ ਨੂੰ ਕੋਈ 'ਖ਼ਤਰਾ' ਨਹੀਂ, ਨਾ ਹੀ 'ਸੰਗਣ' ਦੀ ਕੋਈ ਲੋੜ ਹੈ; ਕਿਉਂਕਿ ਉਹ ਅੰਦਰੋਂ ਖਾਲੀ ਨਹੀਂ। ਉਹਨਾਂ ਦੀ ਸਾਰੀ ਦੀ ਸਾਰੀ ਸ਼ਖਸੀਅਤ ਕਲਾਕਾਰੀ ਖੇੜੇ ਨਾਲ ਭਰੀ ਹੋਈ ਸੀ।

ਮੈਨੂੰ ਗੁਰੂ ਜੀ ਦੇ ਵਿਨੋਦੀ ਸੁਭਾਅ ਦੀ ਇਕ ਹੋਰ ਘਟਨਾ ਯਾਦ ਆਉਂਦੀ ਹੈ—ਜਦੋਂ ਜਗਦੀਸ਼ ਸਿੰਘ ਨੇ ਪਹਿਲੀ ਵਾਰ ਗੁਰੂ ਜੀ ਦੀ ਹਾਜ਼ਰੀ ਵਿਚ ਸੰਗਤ ਵਿਚ ਵਾਇਲਨ ਵਜਾਈ ਤਾਂ ਇਕ ਤਾਂ ਗੁਰੂ ਜੀ ਦੀ ਭਾਰੀ-ਗੌਰੀ ਸ਼ਖਸੀਅਤ ਦੀ ਹਾਜ਼ਰੀ ਦਾ ਸਹਿਮ ਤੇ ਦੂਜਾ ਪਹਿਲੀ ਵਾਰ ਸੰਗਤ ਵਿਚ ਦਿੱਤੀ ਜਾ ਰਹੀ ਪੇਸ਼ਕਾਰੀ ਦੀ ਕੰਬਣੀ। ਜਗਦੀਸ਼ ਸਿੰਘ ਕਹਿੰਦਾ, "ਮੈਨੂੰ ਪਤਾ ਸੀ ਜਦੋਂ ਮੈਂ ਅਲਾਪ ਸ਼ੁਰੂ ਕੀਤਾ ਤਾਂ ਬੇਸੁਰਾ ਵਜਾ ਰਿਹਾ ਸੀ, ਪਰ ਫਿਰ ਤਬਲਾ ਤੇਜ਼ ਹੋਇਆ। ਮੈਂ ਵੀ ਹੌਸਲਾ ਫੜਿਆ, ਕੰਬਣੀ ਹਟੀ ਤੇ ਮੈਂ ਵੀ ਤੇਜ਼ ਹੋਇਆ...ਤੇ ਇਸ 'ਤੇਜ਼ੀ' ਦਾ ਐਸਾ ਜੋੜ ਬੈਠਾ ਕਿ ਮਾੜੀ ਸ਼ੁਰੂਆਤ ਵੀ ਅਖੀਰ ਵਿਚ ਪ੍ਰਭਾਵੀ ਹੋ ਨਿਬੜੀ।"

ਸਤਿਗੁਰੂ ਜੀ ਨੇ ਪਹਿਲਾਂ ਜਗਦੀਸ਼ ਸਿੰਘ ਦੀ ਉੱਖੜੀ ਹਾਲਤ ਤੇ ਪਿਛੋਂ ਤੇਜ਼ ਹੋਣ ਸਮੇਂ ਸੰਤੁਲਨ ਵਿਚ ਆਉਣ ਵਾਲੀ ਗੱਲ 'ਤੇ ਟਿੱਪਣੀ ਕਰਦਿਆਂ ਮਿੱਠਾ ਮਖੌਲ ਕੀਤਾ—"ਇਕ ਵਾਰ ਦੀ ਗੱਲ ਹੈ 'ਫ਼ਲਾਣਾ ਸੁੰਹ' ਆਖਣ ਲੱਗਾ : ਮੈਨੂੰ ਕੰਢੇ ਲਾਗੇ ਤਰਨਾ ਨਹੀਂ ਆਉਂਦਾ...ਮੈਨੂੰ ਦੂਰ ਕਰਕੇ ਪਾਣੀ ਦੇ ਵਿਚਕਾਰ ਸੁੱਟਿਓ!"

ਸਤਿਗੁਰੂ ਜੀ ਦਾ ਇਕ ਹੋਰ ਪ੍ਰਭਾਵਸ਼ਾਲੀ ਰੂਪ ਮੈਂ ਸਿਰਸੇ ਵਾਲੇ ਸਮਾਗਮ ਵਿਚ ਵੇਖਿਆ ਸੀ, ਜਿਥੇ ਗੁਰੂ ਜੀ ਬੜੇ



Namdhari Elibrary NamdhariElibrary@gmail.com

ਜਚਵੇਂ ਤੁਲਵੇਂ ਜਾਨਦਾਰ ਸ਼ਬਦਾਂ ਵਿਚ ਆਪਣਾ ਪ੍ਰਵਚਨ ਕਰ ਰਹੇ ਸਨ। ਸਾਹਿਤਕ ਸਰਗਰਮੀਆਂ ਤੇ ਸਾਹਿਤਕਾਰਾਂ ਨਾਲ ਨਾਮਧਾਰੀ ਪੰਥ ਸਤਿਗੁਰੂ ਪ੍ਰਤਾਪ ਸਿੰਘ ਦੇ ਸਮੇਂ ਤੋਂ ਜੁੜਿਆ ਹੋਇਆ ਹੈ। 'ਵਿਸ਼ਵ ਕਾਨਫ਼ਰੰਸਾਂ' ਕਰਵਾਉਣ ਵਿਚ ਵੀ ਨਾਮਧਾਰੀ ਪੰਥ ਦਾ ਸਭ ਤੋਂ ਵੱਧ ਯੋਗਦਾਨ ਰਿਹਾ ਹੈ। ਸਿਰਸੇ ਉਹਨਾਂ ਨੇ ਆਪਣੇ ਪ੍ਰਵਚਨ ਵਿਚ ਇਹ ਕਿਹਾ ਕਿ ਉਹ ਚਾਹੁੰਦੇ ਸਨ ਕਿ ਭੈਣੀ ਸਾਹਿਬ ਸਾਹਿਤਕਾਰ ਦਿਨ ਮਿੱਥ ਕੇ ਇਕੱਠੇ ਹੋਣ। ਇਸ ਦੀ ਜ਼ਿੰਮੇਵਾਰੀ ਉਹ ਜਗਦੀਸ਼ ਸਿੰਘ ਦੀ ਲਾਉਂਦੇ ਹਨ। ਉਹਨਾਂ ਦਾ ਮਕਸਦ ਸੀ ਕਿ ਨਾਮਧਾਰੀ ਇਤਿਹਾਸ ਬਾਰੇ ਪੁਨਰ-ਵਿਚਾਰ ਹੋ ਕੇ ਨਵਾਂ ਕੁਝ ਲਿਖਿਆ ਜਾਵੇ।

ਉਹਨਾਂ ਕਿਹਾ ਕਿ "ਵਿਅਕਤੀ ਇਤਿਹਾਸ ਬਣਾਉਂਦੇ ਹਨ ਤੇ ਲੇਖਕ ਉਸ ਇਤਿਹਾਸ ਨੂੰ ਜ਼ਿੰਦਾ ਰੱਖਦੇ ਹਨ। ਜਿਵੇਂ ਪਹਿਲਵਾਨ ਕਰਤਾਰ ਸਿੰਘ ਨੇ ਇਕ ਇਤਿਹਾਸ ਸਿਰਜਿਆ, ਪਰ ਸੰਧੂ ਸਾਹਿਬ ਨੇ ਉਸ ਉਤੇ ਪੁਸਤਕ ਲਿਖ ਕੇ ਉਹਨੂੰ ਇਤਿਹਾਸ ਦੇ ਰੂਪ ਵਿਚ ਸਾਂਭ ਕੇ ਹਮੇਸ਼ਾ ਲਈ ਜਿਉਂਦਾ ਕਰ ਦਿੱਤਾ ਹੈ।" ਇਤਿਹਾਸ ਦੇ ਮਹੱਤਵ ਨੂੰ ਜਾਨਣ ਤੇ ਸਾਂਭਣ ਦੀ ਚਿੰਤਾ, ਲੇਖਕਾਂ ਪ੍ਰਤੀ ਇਹ ਆਦਰ-ਭਾਵ ਉਹਨਾਂ ਦੀ ਬੌਧਿਕ ਅਮੀਰੀ ਦੀ ਸੂਹ ਤਾਂ ਦਿੰਦਾ ਹੀ ਸੀ, ਪਰ ਇਕ ਸਹਿਜ-ਭਾਵ ਨਾਲ ਬੋਲ ਕੇ ਸਰੋਤਿਆਂ ਨੂੰ ਕੀਲ ਲੈਣ ਦੀ ਉਹਨਾਂ ਦੀ ਯੋਗਤਾ ਉਹਨਾਂ ਦੇ ਇਕ ਹੋਰ ਜਮ੍ਹਾਂ ਪਹਿਲੂ ਨੂੰ ਉਭਾਰ ਰਹੀ ਸੀ।

ਤੇ ਅੱਜ ਸਤਿਗੁਰੂ ਜੀ ਦਾ ਮੈਂ ਇਕ ਹੋਰ ਵੀ ਨਵਾਂ ਰੂਪ ਵੇਖ ਰਿਹਾ ਸਾਂ। ਉਹਨਾਂ ਦੀ ਕਲਾਕਾਰ ਸ਼ਖ਼ਸੀਅਤ ਦੀਆਂ ਕਿੰਨ੍ਹੀਆਂ ਕੋਮਲ ਪਰਤਾਂ ਸਨ। ਅੱਜ ਉਹ ਆਪ ਬਹੁਤ ਹੀ ਪੁਰਾਣੀਆਂ ਤੇ ਮੁਲਵਾਨ ਕਲਾਸੀਕਲ ਬੰਦਿਸ਼ਾਂ ਦਾ ਗਾਇਨ ਅਤੇ ਵਿਆਖਿਆ ਕਰ ਰਹੇ ਸਨ ਤੇ ਗਾਇਨ ਵਿਚ ਰਾਜਨ ਤੇ ਸਾਜਨ ਭਰਾਵਾਂ ਨੂੰ ਸਾਥ ਦੇਣ ਲਈ ਕਹਿ ਰਹੇ ਸਨ, ਜਿਵੇਂ ਉਸਤਾਦ ਚੇਲਿਆਂ ਨੂੰ ਸੰਥਾ ਦੇ ਰਿਹਾ ਹੋਵੇ ਤੇ ਹੈ ਵੀ ਇਜ ਹੀ ਸੀ। ਕਿਸੇ ਬੰਦਿਸ਼ ਦਾ ਨਵਾਂ ਅਸਲ ਖਜ਼ਾਨਾ ਲੱਭਣ 'ਤੇ ਮਿਸਰਾ ਭਰਾ ਮੰਤਰ ਮੁਗਧ ਹੋਏ ਵਿਸਮਾਦ ਵਿਚ ਸਿਰ ਹਿਲਾ ਰਹੇ ਸਨ।

ਅੱਜ ਵੀ ਜਦੋਂ ਮੈਂ ਸਤਿਗੁਰੂ ਜੀ ਨਾਲ ਆਪਣੀਆਂ ਅਲਪ-ਕਾਲੀ ਮਿਲਣੀਆਂ ਨੂੰ ਚਿਤਵਦਾ ਹਾਂ ਤਾਂ ਉਹਨਾਂ ਦੀ ਮਹਾਂ ਸ਼ਖ਼ਸੀਅਤ ਦੇ ਵਿਭਿੰਨ ਰੰਗਾਂ ਵਿਚ ਭਿੱਜ ਜਾਂਦਾ ਹਾਂ।



*ਸਤਿਗੁਰ ਜੀ ਦੀ ਹਾਜ਼ਰੀ ਭਰਦੇ ਹੋਏ ਪ੍ਰਸਿਧ ਸ਼ਾਸਤਰੀ ਗਾਇਕ ਜੋੜੀ, ਰਾਜਨ-ਸਾਜਨ ਮਿਸ਼ਰਾ*


Namdhari Elibrary NamdhariElibrary@gmail.com

# ਨਾਮਧਾਰੀ ਲਹਿਰ : ਸਮਾਜਿਕ ਪ੍ਰਤਿਬੱਧਤਾ

*—ਡਾ. ਜਸਪਾਲ ਸਿੰਘ ਰੰਧਾਵਾ*



ਕੂਕਾ ਅਰਥਾਤ ਨਾਮਧਾਰੀ ਲਹਿਰ ਸਿਰਫ ਇਕ ਸੁਧਾਰਕ ਲਹਿਰ ਨਹੀਂ ਸੀ। ਇਸ ਲਹਿਰ ਨੇ ਸਮਾਜ ਵਿਚ ਫੈਲੇ ਹੋਏ ਵਹਿਮਾਂ-ਭਰਮਾਂ ਅਤੇ ਆਪਣੇ ਸਭਿਆਚਾਰ ਤੋਂ ਬੇਮੁਖਤਾ ਨੂੰ ਵਿਸ਼ਾ ਬਣਾਉਂਦੇ ਹੋਏ ਆਪਣੇ ਧਰਮ ਅਤੇ ਸਭਿਆਚਾਰ ਵੱਲ ਮੂੰਹ ਮੋੜਨ ਲਈ ਜਿੱਥੇ ਲੋਕਾਂ ਨੂੰ ਪ੍ਰੇਰਿਆ ਉੱਥੇ ਸਤਿਗੁਰੂ ਰਾਮ ਸਿੰਘ ਦੀ ਅਗਵਾਈ ਹੇਠ ਦੇਸ਼ ਦੀ ਆਜ਼ਾਦੀ ਲਈ ਸੰਘਰਸ਼ਸ਼ੀਲ ਹੋਈ। ਇਸ ਦੇ ਪੈਰੋਕਾਰਾਂ ਵਲੋਂ ਅੰਗਰੇਜ਼ੀ ਹਕੂਮਤ ਨਾਲ ਪੂਰਨ ਨਾ ਮਿਲਵਰਤਨ ਦੀ ਨੀਤੀ ਧਾਰਨ ਕੀਤੀ ਗਈ। ਵਿਦੇਸ਼ਾਂ ਵਿਚ ਬਣੀਆਂ ਵਸਤਾਂ ਦੀ ਥਾਂ ਆਪਣੇ ਦੇਸ਼ ਵਿਚ ਬਣੀਆਂ ਵਸਤਾਂ ਦੀ ਵਰਤੋਂ ਲਈ ਲੋਕਾਂ ਨੂੰ ਪ੍ਰੇਰਿਆ। ਬਰਤਾਨਵੀ ਸਰਕਾਰ ਵਲੋਂ ਪ੍ਰਦਾਨ ਸਹੂਲਤਾਂ ਦਾ ਸੰਪੂਰਨ ਤੌਰ ਤੇ ਬਾਈਕਾਟ ਕਰਨ ਦਾ ਸੱਦਾ ਦਿੱਤਾ। ਬਿਦੇਸ਼ੀ ਵਸਤਰਾਂ ਦੀ ਥਾਂ ਦੇਸ਼ ਵਿਚ ਬਣੇ ਖੱਦਰ ਦੀ ਵਰਤੋਂ, ਸਰਕਾਰ ਵਲੋਂ ਨਵੇਂ ਆਵਾਜਾਈ ਦੇ ਸਾਧਨਾਂ ਦੀ ਥਾਂ ਘੋੜਿਆਂ ਅਤੇ ਗੱਡਿਆਂ ਨੂੰ ਆਉਣ ਜਾਣ ਲਈ ਵਰਤੋਂ ਵਿਚ ਲਿਆਉਣ, ਅੰਗਰੇਜ਼ਾਂ ਵਲੋਂ ਚਲਾਏ ਜਾ ਰਹੇ ਵਿਦਿਅਕ ਪ੍ਰਬੰਧ ਦਾ ਬਾਈਕਾਟ ਕਰਦੇ ਹੋਏ ਆਪਣੀ ਵੱਖਰੀ ਵਿਦਿਅਕ ਪ੍ਰਣਾਲੀ ਦੀ ਸਥਾਪਨਾ ਅਤੇ ਅੰਗਰੇਜ਼ੀ ਡਾਕ-ਤਾਰ ਮਹਿਕਮੇ ਨੂੰ ਵਰਤੋਂ ਵਿਚ ਲਿਆਉਣ ਦੀ ਥਾਂ ਸਮਾਂਨਤਰ ਵਿਵਸਥਾ ਸਥਾਪਿਤ ਕੀਤੀ। ਇਸ ਦੇ ਨਾਲ-ਨਾਲ ਨਾਮ ਜਪਨਾ ਅਤੇ ਹਰ ਸਮੇਂ ਉਸ ਈਸ਼ਵਰ ਦੀ ਯਾਦ ਵਿਚ ਲੀਨ ਰਹਿਣਾ ਇਨ੍ਹਾਂ ਦੀ ਜੀਉਣ ਵਿਧੀ ਦਾ ਮੁੱਖ ਅੰਗ ਸੀ। ਸਾਦਾ ਜੀਵਨ, ਗੁਰੂ ਪ੍ਰਤੀ ਪੂਰਨ ਨਿਸ਼ਠਾ ਅਤੇ ਦੇਸ਼ ਪਿਆਰ ਇਸ ਲਹਿਰ ਦੇ ਪ੍ਰਮੁੱਖ ਉਦੇਸ਼ ਸਨ।

ਸਫੇਦ ਵਸਤ੍ਰ ਧਾਰਨ ਕਰਨੇ ਨਾਮਧਾਰੀਆਂ ਦੀ ਇਕ ਵਿਲੱਖਣ ਪਰੰਪਰਾ ਹੈ ਕਿਉਂਕਿ ਸਫੇਦ ਵਸਤਰ ਅਮਨ, ਸਵੱਛਤਾ, ਪਿਆਰ ਤੇ ਪਵਿੱਤਰਤਾ ਦੇ ਚਿੰਨ੍ਹ ਹਨ। ਜੀਵਨ ਦੀ ਜੀਉਣ ਵਿਧੀ ਲਈ ਪੱਕੇ ਅਸੂਲ ਬਣਾਏ ਗਏ ਜਿਨ੍ਹਾਂ ਵਿਚ ਅੰਮ੍ਰਿਤ ਵੇਲੇ ਉਠਣਾ, ਸਣੇ ਕੇਸ ਇਸ਼ਨਾਨ ਕਰਨਾ, ਨਾਮ ਸਿਮਰਨ ਕਰਨ ਉਪਰੰਤ ਦੁਨਿਆਵੀ ਕੰਮਾਂ ਕਾਜ ਵਿਚ ਲੱਗਣਾ ਇਨ੍ਹਾਂ ਜੀਵਨ ਦੇ ਅੰਗ ਹਨ। ਸੋ ਇਸ ਲਹਿਰ ਨਾਲ ਜੁੜੇ ਲੋਕ ਸਵੱਛ ਰਹਿਣੀ ਅਤੇ ਆਪਣੇ ਜੀਵਨ ਵਿਚ ਕਿਰਤ ਕਰਕੇ ਖਾਣ ਨੂੰ ਪਹਿਲ ਦਿੰਦੇ ਹਨ। ਇਸ ਸਮਾਜ ਸੁਧਾਰਕ, ਧਾਰਮਿਕ ਅਤੇ ਰਾਜਨੀਤਿਕ ਲਹਿਰ ਦੇ ਆਗਮਨ ਨਾਲ ਪੁਰਾਤਨ ਸਨਾਤਨੀ ਹਿੰਦੂ ਪਰੰਪਰਾ ਵੀ ਆਪਣੀ ਨਵੀਂ ਨੁਹਾਰ ਸਥਾਪਿਤ ਕਰਦੀ ਹੈ। ਸਮਕਾਲੀ ਸਿੱਖ ਲਹਿਰਾਂ ਨਾਲੋਂ ਇਸ ਦੀ ਵੱਖਰਤਾ, ਦੇਹਧਾਰੀ ਗੁਰੂ ਵਿਚ ਵਿਸ਼ਵਾਸ ਰੱਖਣਾ ਸੀ। ਆਦਿ ਗੁਰੂ ਗ੍ਰੰਥ ਨੂੰ ਆਪਣਾ ਮਾਰਗ ਦਰਸ਼ਨ ਮੰਨਦੇ ਹੋਏ ਜੀਵਿਤ ਗੁਰੂ ਦੀ ਛਤਰ ਛਾਇਆ ਵਿਚ ਵਿਚਰਨ ਕਾਰਨ ਇਹ ਲਹਿਰ ਆਪਣਾ ਇਕ ਵਿਲੱਖਣ ਰੂਪ ਧਾਰਨ ਕਰ ਗਈ ਕਿਉਂਕਿ ਸਤਿਗੁਰੂ ਦਾ ਹੁਕਮ ਇਨ੍ਹਾਂ ਲਈ ਮਹੱਤਵਪੂਰਨ ਸਥਾਨ ਰੱਖਦਾ ਹੈ। ਨਾਮਧਾਰੀ ਪੈਰੋਕਾਰਾਂ ਲਈ ਗੁਰੂ ਉਹ ਹੈ ਜੋ ਮਾਨਵ ਦੀ ਪ੍ਰਤਖ ਰੂਪ ਵਿਚ ਅਗਵਾਈ ਕਰ ਸਕੇ। ਪ੍ਰਤਖ ਗੁਰੂ ਵਿਚ ਅਥਾਹ ਵਿਸ਼ਵਾਸ ਇਨ੍ਹਾਂ ਦਾ ਦ੍ਰਿੜ ਨਿਸ਼ਚਾ ਹੈ।

ਸਤਿਗੁਰੂ ਰਾਮ ਸਿੰਘ ਤੋਂ ਲੈ ਕੇ ਸਤਿਗੁਰ ਪ੍ਰਤਾਪ ਸਿੰਘ ਤੱਕ ਇਸ ਲਹਿਰ ਨੇ ਕਈ ਉਤਾਰ-ਚੜਾਅ ਦੇਖੇ। ਉਪਰੰਤ ਸਤਿਗੁਰੂ ਜਗਜੀਤ ਸਿੰਘ ਜੀ ਦੀ ਅਗਵਾਈ ਵਿਚ ਆਜ਼ਾਦ ਭਾਰਤ ਅੰਦਰ ਨਾਮਧਾਰੀ ਪੰਥ ਨੇ ਨਵਾਂ ਸਫਰ ਆਰੰਭ ਕੀਤਾ। ਆਪ ਬਹੁ-ਪੱਖੀ ਸ਼ਖਸ਼ੀਅਤ ਦੇ ਮਾਲਕ ਹਨ। ਆਪ ਜੀ ਨੇ ਆਪਣੀ ਵਿਦਿਆ ਨਾਮਧਾਰੀ ਪ੍ਰਥਾ ਅਨੁਸਾਰ ਹੀ ਗ੍ਰਹਿਣ ਕੀਤੀ। ਆਪ ਨੂੰ ਸਾਹਿਤ, ਕਲਾ, ਸੰਗੀਤ ਅਤੇ ਭਵਨ ਨਿਰਮਾਣ ਨਾਲ ਖਾਸ ਲਗਾਉ ਹੈ। ਸਤਿਗੁਰੂ ਪ੍ਰਤਾਪ ਸਿੰਘ ਨੇ ਜ਼ਿਲ੍ਹਾ ਹਿਸਾਰ (ਹਰਿਆਣਾ ਪ੍ਰਾਂਤ) ਵਿਚ ਜਿਥੇ ਇਕ ਨਵੇਂ ਨਾਮਧਾਰੀ ਵਸੋਂ ਵਾਲੇ ਇਲਾਕੇ ਨੂੰ ਵਸਾਉਣ ਦਾ ਆਰੰਭ ਕੀਤਾ ਸੀ ਉਥੇ ਸਤਿਗੁਰੂ ਜਗਜੀਤ ਸਿੰਘ ਦੀ ਅਗਵਾਈ ਹੇਠ ਇਸ ਨਗਰ ਨੂੰ ਉੱਨਤੀ ਅਤੇ ਖੁਸ਼ਹਾਲੀ ਦਾ ਨਵਾਂ ਬਲ ਪ੍ਰਾਪਤ ਹੋਇਆ। ਆਉਣ ਜਾਣ ਦੀ ਸਹੂਲਤ ਲਈ ਨਿੱਜੀ ਨਿਗਰਾਨੀ ਹੇਠ ਸੜਕਾਂ ਅਤੇ ਪੁੱਲਾਂ ਦਾ ਨਿਰਮਾਣ ਕਰਵਾਇਆ ਗਿਆ। ਮਸਤਾਨਗੜ੍ਹ ਇਲਾਕੇ ਦੀ ੧੬ ਮੁਰੱਬੇ ਜ਼ਮੀਨ ਜੋ ਕਿ ਨਿਰੀ ਦਲਦਲ ਸੀ ਉਸਨੂੰ ਵਾਹੀ ਯੋਗ ਬਣਾਇਆ। ਅੱਜ ਇਹ ਨਗਰ ਸਕੂਲ, ਵਿਦਿਆਲੇ ਅਤੇ ਚੰਗੀਆਂ ਨਸਲਾਂ ਦੀਆਂ ਮੱਝਾਂ ਅਤੇ ਗਊਆਂ ਆਦਿ ਲਈ ਜਾਣੇ ਜਾਂਦੇ ਹਨ। ਇਸ ਤੋਂ ਇਲਾਵਾ ਬੇਂਗਲੋਰ ਵਿਖੇ ਵੀ ਨਵੀਂ ਤਕਨੀਕ ਅਨੁਸਾਰ ਖੇਤੀ-ਬਾੜੀ ਕੀਤੀ ਗਈ, ਉਥੇ ਤਿਆਰ ਕੀਤੇ ਜਾਂਦੇ ਵੱਖ ਵੱਖ ਫਸਲਾਂ ਦੇ ਬੀਜ 'ਨਾਮਧਾਰੀ



Namdhari Elibrary NamdhariElibrary@gmail.com



*ਸਤਿਗੁਰੂ ਜਗਜੀਤ ਸਿੰਘ ਜੀ ਦੁਆਰਾ ਗੁਰੂ ਪਿਤਾ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਅਭਿਨੰਦਨ*

ਸੀਡ' ਨਾਮ ਅਧੀਨ ਅੱਜ ਭਾਰਤ ਅੰਦਰ ਕਾਫੀ ਪ੍ਰਚਲਤ ਹਨ। ਭੈਣੀ ਸਾਹਿਬ ਜਿੱਥੇ ਪਹਿਲਾਂ ਕੱਚੇ ਮਕਾਨ ਅਤੇ ਢਾਲੂ ਛਪਰਾ ਵਾਲੀਆਂ ਛੱਤਾਂ ਹੁੰਦੀਆਂ ਸਨ ਉੱਥੇ ਅੱਜ ਨਵੀਂ ਨੁਹਾਰ ਦਾ ਮਾਲਕ ਹੈ।

ਨਾਮਧਾਰੀ ਪਰਿਵਾਰਾਂ ਦੇ ਬੱਚਿਆਂ ਅੰਦਰ ਵਿਦਿਆ ਹਾਸਲ ਕਰਨ ਦੇ ਆਸ਼ੇ ਨਾਲ ਨਾਮਧਾਰੀ ਵਿਦਿਆਲਿਆਂ ਦੀ ਸਥਾਪਨਾ ਕੀਤੀ। ਜਿਨ੍ਹਾਂ ਵਿਚ ਵਿਦਿਆ ਦੇ ਨਾਲ-ਨਾਲ ਨੇਮ ਬੱਧ ਰਹਿਣੀ ਬਹਿਣੀ ਦੀ ਜਾਚ ਸਿਖਾਈ ਜਾਂਦੀ ਹੈ। ਇਸ ਤੋਂ ਇਲਾਵਾ ਨਾਮਧਾਰੀ ਬੱਚਿਆਂ ਅੰਦਰ ਖੇਡਾਂ ਦੇ ਸ਼ੌਕ ਨੂੰ ਪ੍ਰਫੁਲਤ ਕੀਤਾ ਗਿਆ। ਅੱਜ 'ਨਾਮਧਾਰੀ ਇਲੈਵਨ' ਹਾਕੀ ਟੀਮ ਦੁਨੀਆਂ ਭਰ ਵਿਚ ਪ੍ਰਸਿੱਧ ਹੈ। ਇਸਦੇ ਨਾਲ-ਨਾਲ ਸਤਿਗੁਰਾਂ ਨੇ ਨਾਮਧਾਰੀ ਪੈਰੋਕਾਰਾਂ ਨੂੰ ਆਪਣੇ ਰਵਾਇਤ ਅਤੇ ਸਭਿਆਚਾਰ ਨਾਲ ਲਗਾਤਾਰ ਜੋੜੀ ਰੱਖਿਆ। ਨਾਮਧਾਰੀ ਦਾ ਅਰਥ ਹੈ ਆਪਣੀ ਕਹਿਣੀ ਅਤੇ ਕਰਨੀ ਦਾ ਸਵਛ ਹੋਣਾ ਅਤੇ ਬਾਕੀਆਂ ਲਈ ਉਦਾਹਰਣ ਬਣਨਾ। ਆਮ ਲੋਕਾਂ ਨੂੰ ਚੰਗੀਆਂ ਸਿਹਤ ਸਹੂਲਤਾਂ ਦੇਣ ਵਾਸਤੇ ਲੁਧਿਆਣੇ ਵਿਖੇ ਅਪੋਲੋ ਗਰੁੱਪ ਨਾਲ ਸਮਝੌਤੇ ਅਧੀਨ ਆਧੁਨਿਕ ਸਹੂਲਤਾਂ ਵਾਲੀ ਵਿਸ਼ਾਲ ਮੈਡੀਕਲ ਸੰਸਥਾ ਸਥਾਪਿਤ ਕੀਤੀ।

ਸਤਿਗੁਰੂ ਜਗਜੀਤ ਸਿੰਘ ਹੋਰਾਂ ਨੂੰ ਸ਼ੁਰੂ ਵਿਚ ਸਮੇਂ ਦੀ ਸਰਕਾਰ ਨਾਲ ਵੀ ਜੂਝਣਾ ਪਿਆ। ਕਈ ਨਾਮਧਾਰੀ ਉੱਚ ਹਸਤੀਆਂ ਉੱਪਰ ਝੂਠੇ ਮੁਕੱਦਮੇ ਦਾਇਰ ਕੀਤੇ ਗਏ ਕਿਉਂਕਿ ਸਰਕਾਰ ਦਾ ਮਨਸ਼ਾ ਸੀ ਕਿ ਇਸ ਸ਼ਕਤੀਸ਼ਾਲੀ ਸੰਸਥਾ ਨੂੰ ਕਿਸੇ ਨਾ ਕਿਸੇ ਤਰ੍ਹਾਂ ਸਰਕਾਰੀ ਦਬਾਅ ਅਧੀਨ ਰੱਖਿਆ ਜਾਵੇ। ਇਥੋਂ ਤੱਕ ਕਿ ਮਹਾਰਾਜ ਵੀਰ ਸਿੰਘ ਹੋਰਾਂ ਉੱਤੇ ਵੀ ਮੁਕੱਦਮੇ ਬਨਾਉਣ ਦੀ ਕੋਸ਼ਿਸ਼ ਕੀਤੀ ਗਈ। ਸਰਕਾਰ ਦੀਆਂ ਸਾਜ਼ਸ਼ਾਂ ਸਿਰੇ ਨਹੀਂ ਚੜ੍ਹ ਸਕੀਆਂ ਬਲਕਿ ਸਰਕਾਰਾਂ ਵਿਚ ਵਿਲੱਖਣ ਪੈਂਠ ਬਣੀ। ਰਾਜਨੀਤਿਕ ਪਾਰਟੀਆਂ ਨੂੰ ਸਰਕਾਰ ਵਿਚ ਇਸ ਪੰਥ ਵਲੋਂ ਨਾਮਜ਼ਦ ਸ਼ਖਸੀਅਤਾਂ ਨੂੰ ਬਣਦੀ ਥਾਂ ਦੇਣੀ ਪਈ। ਇਸ ਤੋਂ ਇਲਾਵਾ ਕੂਕਾ ਅਰਥਾਤ ਨਾਮਧਾਰੀ ਲਹਿਰ ਦੀ ਦੇਣ ਅਤੇ ਕੁਰਬਾਨੀਆਂ ਨੂੰ ਪਛਾਣਦੇ ਹੋਏ ਢੁਕਵੀਆਂ ਯਾਦਗਾਰਾਂ ਬਣਾਉਣੀਆਂ ਪਈਆਂ। ਇਹ ਸਭ ਸਤਿਗੁਰੂ ਜਗਜੀਤ ਸਿੰਘ ਜੀ ਦੀ ਦੂਰਅੰਦੇਸ਼ੀ ਅਤੇ ਸੂਝ-ਬੂਝ ਦਾ ਨਤੀਜਾ ਹੈ।

ਸਤਿਗੁਰੂ ਜਗਜੀਤ ਸਿੰਘ ਹੋਰਾਂ ਨੇ ਸਿਰਫ ਦੇਸ਼ ਦੇ ਅੰਦਰ ਹੀ ਨਹੀਂ ਬਲਕਿ ਵਿਦੇਸ਼ਾਂ ਵਿਚ ਵੀ ਨਾਮਧਾਰੀ ਪੰਥ ਦੀ ਸਾਖ ਨੂੰ ਮਜਬੂਤ ਅਤੇ ਵਿਕਸਤ ਕਰਨ ਲਈ ਵਿਸ਼ੇਸ਼ ਯਤਨ ਕੀਤੇ। ਇਸ ਵਾਸਤੇ ਆਪ ਥਾਈਲੈਂਡ, ਅਫਰੀਕਾ, ਮਲੇਸ਼ੀਆ, ਇੰਗਲੈਂਡ, ਹਾਂਗ-ਕਾਂਗ, ਜਰਮਨੀ, ਹਾਲੈਂਡ, ਅਮਰੀਕਾ, ਕੈਨੇਡਾ ਆਦਿ ਕਈ ਵਾਰ ਗਏ। ਇਨ੍ਹਾਂ ਦੌਰਿਆਂ ਦੌਰਾਨ ਜਿੱਥੇ ਉਥੇ ਵਸਦੇ ਨਾਮਧਾਰੀ ਪਰਿਵਾਰਾਂ ਨੂੰ ਉਤਸ਼ਾਹ ਪ੍ਰਾਪਤ ਹੁੰਦਾ ਸੀ ਉੱਥੇ ਹੋਰ ਪਰਿਵਾਰ ਵੀ ਨਾਮਧਾਰੀ ਲਹਿਰ ਨਾਲ ਜੁੜਦੇ ਸਨ। ਸੋ ਇਸ ਪ੍ਰਕਾਰ ਇਸ ਸਮੇਂ ਵਿਚ ਨਾਮਧਾਰੀ ਮਰਿਆਦਾ ਅਤੇ ਜੀਵਨ ਵਿਧੀ ਦਾ ਵਿਕਾਸ ਦੇਸ਼ ਦੇ ਨਾਲ ਨਾਲ ਵਿਦੇਸ਼ਾਂ ਵਿਚ ਵੀ ਹੋਇਆ।

ਨਾਮਧਾਰੀ ਪੰਥ ਨੇ ਸਮਾਜ ਅੰਦਰ ਇਕ ਵਿਲਖਣ ਸਥਾਨ ਗ੍ਰਹਿਣ ਕਰ ਚੁੱਕਾ ਹੈ, ਜੋ ਮਾਨਵੀ ਜੀਵਾਂ ਨੂੰ ਵਿਕਸਤ ਹੋ ਰਹੇ ਪੂੰਜੀਵਾਦੀ ਸਮਾਜ ਅੰਦਰ ਸੁਚੱਜੀ ਜੀਵਨ ਸੇਧ ਦੇ ਰਿਹਾ ਹੈ। ਨਾਮਧਾਰੀ ਪੰਥ ਦੀਆਂ ਧਾਰਮਿਕ, ਸਮਾਜਿਕ, ਵਿਦਿਅਕ, ਸਭਿਆਚਾਰਕ ਗਤੀਵਿਧੀਆਂ ਦਾ ਲੇਖਾ-ਜੋਖਾ ਸਿਰਫ ੧੯੪੭ ਦੇ ਆਜ਼ਾਦੀ ਦੇ ਸੰਗਰਾਮ ਨਾਲ ਜੋੜ ਕੇ ਕਰਨਾ ਨਾ-ਕਾਫੀ ਹੈ ਬਲਕਿ ਆਜ਼ਾਦੀ ਅਤੇ ਦੇਸ਼ ਦੀ ਵੰਡ ਉਪਰੰਤ ਵੀ ਇਸ ਦੀ ਸਮਾਜ ਨੂੰ ਦੇਣ ਦਾ ਲੇਖਾ ਕਰਨਾ ਬਣਦਾ ਹੈ। ਐਸੇ ਸਮੇਂ ਵਿਚ ਜਦੋਂ ਲੋਕ ਆਪਣੀਆਂ ਸਭਿਆਚਾਰਕ ਕਦਰਾਂ ਕੀਮਤਾਂ ਨਾਲੋਂ ਟੁੱਟ ਰਹੇ ਹੋਣ ਉਸ ਸਮੇਂ ਸਮਾਜ ਦੇ ਇਕ ਵੱਡੇ ਵਰਗ ਨੂੰ ਵਿਰਾਸਤ ਨਾਲ ਜੋੜੀ ਰੱਖਣਾ ਇਕ ਪਰਉਪਕਾਰੀ ਕਾਰਜ ਹੈ, ਜੋ ਸਤਿਗੁਰੂ ਜਗਜੀਤ ਸਿੰਘ ਦੀ ਅਗਵਾਈ ਵਿਚ ਨਾਮਧਾਰੀ ਪੰਥ ਨੇ ਸਫਲਤਾ ਪੂਰਵਕ ਕੀਤਾ ਹੈ। ਜਿੱਥੇ


Namdhari Elibrary NamdhariElibrary@gmail.com



ਇਸ ਪੰਥ ਨੇ ਅਜੋਕੇ ਵਿਕਸਤ ਹੋ ਰਹੇ ਵਿਸ਼ਵੀਕਰਨ ਦੇ ਦੌਰ ਵਿਚ ਆਪਣੇ ਨਾਮ ਲੇਵਾਂ ਸਿੱਖਾਂ ਨੂੰ ਖੁਸ਼ਹਾਲ ਜੀਵਨ ਦਿੱਤਾ ਉੱਥੇ ਇਕ ਸੁਚੱਜੀ ਜੀਵਨ ਜਾਂਚ ਨਾਲ ਵੀ ਜੋੜੀ ਰੱਖਿਆ। ਜੇ ਇਹ ਕਹਿ ਲਿਆ ਜਾਵੇ ਇਹ ਕਠਿਨ ਕਾਰਜ ਇਸੇ ਪੰਥ ਦੇ ਹਿੱਸੇ ਆਇਆ ਹੈ ਤਾਂ ਅਤਕਥਨੀ ਨਹੀਂ ਹੋਵੇਗੀ। ਬਦਲ ਰਹੇ ਸਮਾਜਕ ਸਰੋਕਾਰਾਂ ਵਿਚ ਪਰੰਪਰਾ ਉਪਰ ਡੱਟ ਕੇ ਪਹਿਰਾ ਦੇਣਾ, ਇਥੋਂ ਤੱਕ ਕਿ ਵੇਸ਼ਭੂਸ਼ਾ ਲਈ ਵੀ ਚਲੀ ਆਉਂਦੀ ਰਿਵਾਇਤ ਵਿਚ ਕੋਈ ਫ਼ਰਕ ਨਾ ਪੈਣ ਦੇਣਾ, ਖਾਣ ਪੀਣ ਦੀ ਵਿਧੀ ਨਾਲ ਜਿਉਂ ਦਾ ਤਿਉਂ ਜੁੜੇ ਰਹਿਣਾ ਆਦਿ ਮਹਾਨ ਕਾਰਜ ਹਨ। ਇਸੇ ਕਾਰਨ ਹਰ ਨਾਮਧਾਰੀ ਪਰਿਵਾਰ ਆਪਣੇ ਆਲੇ-ਦੁਆਲੇ ਵਿਚ ਇਕ ਚੰਗਾ ਪ੍ਰਭਾਵ ਰੱਖਦਾ ਹੈ ਅਤੇ ਹੋਰਨਾਂ ਲਈ ਪ੍ਰੇਰਨਾ ਸਰੋਤ ਬਣਦਾ ਹੈ। ਜੋ ਵਿਦਵਾਨ ਨਿੱਠ ਕੇ ਨਾਮਧਾਰੀ ਅਰਥਾਤ ਕੂਕਾ ਲਹਿਰ ਉਪਰ ਖੋਜ ਕਰ ਰਹੇ ਹਨ ਉਨ੍ਹਾਂ ਨੂੰ ਚਾਹੀਦਾ ਹੈ ਕਿ ਦੇਸ਼ ਦੀ ਵੰਡ ਉਪਰੰਤ ਇਸ ਨਾਲ ਜੁੜੇ ਵਿਭਿੰਨ ਪੱਖਾਂ ਅਤੇ ਸਮਾਜ ਨੂੰ ਦੇਣ ਨੂੰ ਖੋਜ ਦਾ ਵਿਸ਼ਾ ਬਣਾਉਣ ਤਾਂ ਕਿ ਇਸ ਦੇ ਨਵੇਂ ਭਾਰਤ ਦੀ ਉਸਾਰੀ ਵਿਚ ਪਾਏ ਯੋਗਦਾਨ ਦੀ ਯੋਗ ਨਿਸ਼ਾਨਦੇਹੀ ਕੀਤੀ ਜਾ ਸਕੇ।

*ਪ੍ਰਿੰਸੀਪਲ,*
*ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ।*



*ਸਤਿਗੁਰੂ ਜਗਜੀਤ ਸਿੰਘ ਜੀ ਬਾਲ ਅਵਸਥਾ ਵਿਚ*

## ਆਈਆਂ ਅੱਜ ਸਰਕਾਰਾਂ ਨੇ

*—ਰਣਜੀਤ ਕੌਰ ਜੀਤ (ਦਿੱਲੀ)*

ਦੁਨੀਆਂ ਵਿਚ ਅੱਜ ਹਰ ਪਾਸੇ ਗੁਲਜ਼ਾਰਾਂ ਨੇ।
ਭੈਣੀ ਸਾਹਿਬ ਵਿਚ ਆਈਆਂ ਅੱਜ ਸਰਕਾਰਾਂ ਨੇ।
ਵੱਡ-ਪ੍ਰਤਾਪੀ ਪਿਤਾ ਜਿਨ੍ਹਾਂ ਦੇ ਮਾਤ ਭੁਪਿੰਦਰ ਜਾਏ ਨੇ।
ਲੈ ਕੇ ਖੁਸ਼ੀਆਂ ਲੱਖ ਹਜ਼ਾਰਾਂ ਜੋ ਅੱਜ ਜੱਗ ਤੇ ਆਏ ਨੇ।
ਖੁਸ਼ੀਆਂ ਦੇ ਵਿਚ ਨੱਚ ਰਹੀਆਂ ਅੱਜ ਹੰਸਾਂ ਦੀਆਂ ਡਾਰਾਂ ਨੇ।
ਭੈਣੀ ਸਾਹਿਬ ਵਿਚ ...............................

ਤਾਰਨ ਲਈ ਸੰਸਾਰ ਆ ਗਿਆ ਦੁਨੀਆ 'ਤੇ ਭਗਵਾਨ ਏ।
ਝੁਕੇ ਜਿਨ੍ਹਾਂ ਦੇ ਚਰਨਾਂ ਉਤੇ ਚੰਨੇ ਤਾਰੇ ਅਸਮਾਨ ਏ।
ਫੁੱਲਾਂ ਦੀ ਵਰਖਾ ਕਰੀ ਏ ਰੱਜ ਰੱਜ ਅੱਜ ਬਹਾਰਾਂ ਨੇ।
ਭੈਣੀ ਸਾਹਿਬ ਵਿਚ ...............................

ਜਗਜੀਤ ਗੁਰੂ ਦੇ ਚਰਨਾਂ ਦੀ ਧੂੜੀ ਮੱਥੇ 'ਤੇ ਲਾ ਲਓ ਜੀ।
ਖੁੱਲ੍ਹ ਜਾਵਣ ਤਕਦੀਰ ਦੇ ਬੂਹੇ ਸੁਤੇ ਭਾਗ ਜਗਾ ਲਓ ਜੀ।
ਪੈਲਾਂ ਪਾ ਕੇ ਝੂਮ ਰਹੀਆਂ ਅੱਜ ਮੋਰਾਂ ਦੀਆਂ ਕਤਾਰਾਂ ਨੇ।
ਭੈਣੀ ਸਾਹਿਬ ਵਿਚ ...............................

ਅਰਸ਼ਾਂ ਤੋਂ ਫਰਸ਼ਾਂ ਤੇ ਆ ਕੇ ਕਰ ਦਿੱਤੀ ਰੁਸ਼ਨਾਈ ਏ।
ਮਿੱਠੀ ਮਿੱਠੀ ਮੁਸਕਾਨ "ਜੀਤ" ਉਸ, ਸਭ ਦੀ ਝੋਲੀ ਪਾਈ ਏ।
ਜੱਗ ਦਾ ਬੇੜਾ ਪਾਰ ਕਰਨਾ ਏਸੇ ਦੇ ਉਪਕਾਰਾਂ ਨੇ।
ਭੈਣੀ ਸਾਹਿਬ ਵਿਚ ...............................

*ਫੋਨ-੦੯੮੧੦੩-੨੨੨੦੫*



Namdhari Elibrary NamdhariElibrary@gmail.com

# ਗੁਰੂ ਜਗਜੀਤ ਮੀਤ ਸਾਰੇ ਸੰਸਾਰ ਦਾ

*—ਗੁਰਦੀਸ਼ ਕੌਰ ਗਰੇਵਾਲ*

ਜਦੋਂ ਵਾੜ ਖੇਤ ਨੂੰ ਹੀ ਵੱਢ-ਵੱਢ ਖਾਣ ਲੱਗੇ,
ਕਿਰਤੀਆਂ ਤੇ ਕਾਮਿਆਂ ਦੀ ਪੁੱਛੇ ਕੋਈ ਬਾਤ ਨਾ।
ਜਦੋਂ ਸਰਮਾਏਦਾਰੀ ਆਪਣਾ ਹੀ ਭਲਾ ਲੋਚੇ,
ਪਰਜਾ ਨਿਮਾਣੀ ਦੀ ਤਾਂ ਜਾਣੇ ਕੋਈ ਜਾਤ ਨਾ।

ਔਰਤ ਨੂੰ ਜਦ ਲੋਕੀ ਪੈਰ ਦੀ ਸੀ ਜੁੱਤੀ ਕਹਿੰਦੇ,
ਕੁੜੀਆਂ ਦੇ ਹਿੱਸੇ ਆਵੇ ਵਿਦਿਆ ਦੀ ਦਾਤ ਨਾ।
ਖੁਸ਼ਾਮਦੀ ਫਰੰਗੀਆਂ ਦੇ ਸਾਂਭ ਜਗੀਰਾਂ ਬੈਠੇ,
ਦੇਸ਼ ਭਗਤਾਂ ਦੇ ਵਲ ਪਾਵੇ ਕੋਈ ਝਾਤ ਨਾ।

ਆਪ ਸਰਕਾਰ ਜਦੋਂ ਜ਼ਾਲਮ ਦਾ ਰੂਪ ਧਾਰੇ,
ਇਕ ਯੁੱਗ ਪੁਰਸ਼ ਉਦੋਂ ਜੱਗ ਨੂੰ ਹੈ ਤਾਰਦਾ।
ਕਰਾਂ ਮੈਂ ਬਿਆਨ ਕਿਵੇਂ ਤੁੱਛ ਜਿਹੀ ਕਲਮ ਮੇਰੀ,
ਗੁਰੂ ਜਗਜੀਤ ਮੀਤ ਸਾਰੇ ਸੰਸਾਰ ਦਾ

ਔਰਤ ਦੀ ਜਦ ਲੋਕੀਂ , ਗੁੱਤ ਪਿੱਛੇ ਮੱਤ ਕਹਿੰਦੇ,
ਸਤਿਗੁਰੂ ਔਰਤਾਂ ਨੂੰ ਦੇਣ ਸੂਬੇ ਦਾਰੀਆਂ।
ਦਾਜ ਤੇ ਵੀ ਰੋਕ ਲਾਈ, ਵਿਧਵਾ ਵਿਆਹ ਕੀਤੇ,
ਤੋੜੀਆਂ ਸੀ ਕੁੜੀਮਾਰਾਂ ਨਾਲ ਨਾਤੇਦਾਰੀਆਂ।

ਸਮੂਹਕ ਵਿਆਹਾਂ ਦੀਆਂ ਕਰਕੇ ਮਿਸਾਲਾਂ ਕਾਇਮ,
ਖਰਚੇ ਫਜ਼ੂਲ ਦੀਆਂ ਰਸਮਾਂ ਨਕਾਰੀਆਂ।
ਔਰਤ ਦੀ ਸਿੱਖਿਆ ਨੂੰ ਲਾਜ਼ਮੀ ਕਰਾਰ ਦੇ ਕੇ,
'ਪ੍ਰਯੋਗ' ਅਖੰਡਪਾਠਾਂ 'ਚ ਬਣਾਈਆਂ ਹਿੱਸੇਦਾਰੀਆਂ।

ਸਤਿਗੁਰਾਂ ਰਹਿਨੁਮਾਈ ਕੀਤੀ ਸਿੱਖ ਪੰਥ ਦੀ ਏ,
ਉੱਚਾ ਮਾਣ ਹੋਇਆ ਨਾਮਧਾਰੀ ਦਰਬਾਰ ਦਾ।
ਉੱਚੀ ਸੁੱਚੀ ਸੇਧ ਜਿਸ ਦਿੱਤੀ ਹੈ ਸਮਾਜ ਤਾਈਂ;
ਗੁਰੂ ਜਗਜੀਤ ਮੀਤ ਸਾਰੇ ਸੰਸਾਰ ਦਾ।

ਮਾਤ-ਭੂਮੀ, ਮਾਤ-ਭਾਸ਼ਾ ਬਹੁਤ ਹੀ ਪਿਆਰੀ ਇਨ੍ਹਾਂ,
ਸਾਹਿਤ ਤੇ ਕਲਾ ਦਾ ਵੀ ਪੂਰਾ ਸਤਿਕਾਰ ਏ।
'ਸਤਿਜੁਗ' ਪਰਚਾ ਮਿਆਰੀ ਅਠਾਸੀ ਸਾਲਾਂ ਤੋਂ ਏ,
ਰਸਾਲਾ 'ਵਰਿਆਮ' ਵੀ ਗਿਆਨ ਦਾ ਭੰਡਾਰ ਏ।

ਕਵੀ ਅਤੇ ਸਾਹਿਤਕਾਰ ਨਾਮਧਾਰੀ ਪੈਦਾ ਕੀਤੇ,
ਖੇਡਾਂ ਤੇ ਸੰਗੀਤ ਨੂੰ ਵੀ ਕਰਦੇ ਪਿਆਰ ਏ।
ਸਿਆਸਤ ਹੰਗਾਮਿਆਂ ਤੋਂ ਸਦਾ ਇਹ ਉਤਾਂਹ ਰਹਿੰਦੇ,
ਥਾਂਈ ਥਾਂਈ ਜਪ-ਪ੍ਰਯੋਗ ਬੇ-ਸ਼ੁਮਾਰ ਏ।

ਉੱਚੀ ਸ਼ਖਸੀਅਤ ਵਾਲਾ ਸਾਦਗੀ ਦਾ ਪਹਿਨ ਜਾਮਾ,
ਸਿਮਰਨ ਬੰਦਗੀ 'ਚ ਜ਼ਿੰਦਗੀ ਗੁਜ਼ਾਰਦਾ।
ਸੇਵਾ ਤੇ ਤਿਆਗ ਵਾਲਾ, ਪਰਉਪਕਾਰ ਵਾਲਾ,
ਗੁਰੂ ਜਗਜੀਤ ਮੀਤ ਸਾਰੇ ਸੰਸਾਰ ਦਾ।

ਸੰਨ ਸੰਤਾਲੀ ਜਦੋਂ ਦੇਸ਼ ਦੀ ਸੀ ਵੰਡ ਹੋਈ।
ਲਹੂ ਤੇ ਲੁਹਾਨ ਹੋਇਆ ਭਾਰਤ ਮਹਾਨ ਏ।
ਉੱਜੜੇ ਹੋਏ ਲੋਕਾਂ ਤਾਈਂ ਮੁੜ ਤੋਂ ਵਸਾਵਣੇ ਲਈ,
ਨਾਮਧਾਰੀਆਂ ਹੀ ਦਿੱਤਾ ਪੂਰਨ ਧਿਆਨ ਏ।

ਉਜਾੜਾਂ 'ਚ ਬਹਾਰਾਂ ਜੀਵਨ ਨਗਰ ਰੁਸ਼ਨਾ ਦਿੱਤਾ,
ਕੱਚਿਆਂ ਦੇ ਤਾਈ ਦਿੱਤਾ ਮਹਿਲਾਂ ਵਰਦਾਨ ਏ।
ਪਰਜਾ ਤੇ ਸ਼ਾਸਕਾਂ 'ਚ ਕੰਮ ਕਰੇ ਕੜੀ ਵਾਲਾ,
ਸੱਚ ਇਨਸਾਫ ਦਾ ਵੀ ਕਰਦੇ ਸਨਮਾਨ ਏ।

ਸੇਵਾ ਦੀਨ ਦੁਖੀਆਂ ਦੀ ਸਿੱਖੀ ਦਾ ਉਸਾਰ ਮਹਿਲ,
ਦਰਦ ਮਨੁੱਖਤਾ ਦਾ ਸੀਨੇ ਤੇ ਸਹਾਰਦਾ।
ਮਹਿਮਾ 'ਗੁਰਦੀਸ਼' ਤੇਰੀ ਕਰੇ ਤਾਂ ਬਿਆਨ ਕਿਵੇਂ ?
ਗੁਰੂ ਜਗਜੀਤ ਮੀਤ ਸਾਰੇ ਸੰਸਾਰ ਦਾ

*੧-ਸੀ ਮਾਡਲ ਗਰਾਮ, ਲੁਧਿਆਣਾ ੧੪੧੦੦੨,*
*ਮੋ. ੯੮੭੨੮-੬੦੪੮੮*



Namdhari Elibrary NamdhariElibrary@gmail.com

# ਇੱਕੀਵੀਂ ਸਦੀ ਦੀਆਂ ਚੁਣੌਤੀਆਂ ਅਤੇ
# ਸਤਿਗੁਰੂ ਜਗਜੀਤ ਸਿੰਘ ਦੇ ਨਾਮਧਾਰੀ

*—ਸੁਵਰਨ ਸਿੰਘ ਵਿਰਕ*

*ਇਹ ਲੇਖ ਦੋ ਕਿਸ਼ਤਾਂ ਵਿਚ ਪ੍ਰਾਪਤ ਹੋਇਆ ਹੈ। ਡਾਕ ਵਿਚ ਗੁਆਚਾ ਪਹਿਲਾ ਲੇਖ ਲਭ ਪੈਣ ਨਾਲ ਅਸੀਂ ਇਕੱਠਾ ਹੀ ਛਾਪਿਆ ਹੈ ਤਾਂ ਵੀ ਇਸ ਦੀ ਨਿਰੰਤਰਤਾ ਅਤੇ ਮਹੱਤਤਾ ਕਾਇਮ ਹੈ—ਸੰਪਾਦਕ*

ਆਪਣੀ ਆਰਜਾ ਦੇ ਦਸਵੇਂ ਦਹਾਕੇ ਵਿਚ ਪਰਵੇਸ਼ ਕਰ ਚੁੱਕੇ ਅਤੇ ਨਾਮਧਾਰੀ ਪੰਥ ਦੀ ਗੁਰਗੱਦੀ ਤੇ ਸੁਭਾਇਮਾਨ ਹੋ ਕੇ ਅੱਧੀ ਸਦੀ ਤੋਂ ਵਰ੍ਹਾ ਉਪਰ ਸਮਾਂ ਲੰਘਾਉਣ ਵਾਲੇ ਸਤਿਗੁਰੂ ਜਗਜੀਤ ਸਿੰਘ ਜੀ ਦਾ ਸ਼ੁਮਾਰ ਵਿਸ਼ਵ ਦੇ ਧਾਰਮਿਕ ਰਾਹਨੁਮਾਵਾਂ ਵਿਚ ਹੁੰਦਾ ਹੈ। ਉਹਨਾਂ ਦਾ ਆਗਮਨ ਵੀ ਨਾਮਧਾਰੀ ਪੰਥ ਦੇ ਸੰਕਰਮਣ ਕਾਲ ਵਿਚ ਹੋਇਆ ਸੀ, ਜਦੋਂ ਪਿਤਾ ਸਤਿਗੁਰੂ ਪਰਤਾਪ ਸਿੰਘ ਦੀ ਜਲਾਲੀ ਸ਼ਖਸੀਅਤ ਦੀ ਚੜ੍ਹਤ ਦਾ ਸਮਾਂ ਆਰੰਭ ਹੋ ਰਿਹਾ ਸੀ। ਸਤਿਗੁਰੂ ਰਾਮ ਸਿੰਘ ਜੀ ਦੀ ਜਲਾਵਤਨੀ ਤੋਂ ਬਾਅਦ ਵਿਸ਼ਾਲ ਲੋਕ ਅਧਾਰ ਵਾਲੀ ਕੂਕਾ ਲਹਿਰ ਤੇ ਬਸਤੀਵਾਦੀ ਹਾਕਮਾਂ ਨੇ ਬੇਫਿਕਰ ਹੋ ਕੇ ਜ਼ੁਲਮ ਤਸ਼ੱਦਦ ਢਾਹਿਆ। ਗੁਰੂ ਹਰੀ ਸਿੰਘ ਜੀ ਨੇ ਆਪਣਾ ਵਕਤ ਬੜੀ ਧੀਰਜ, ਸਬਰ ਸਿਦਕ ਨਾਲ ਨੀਵੀਂ ਖਿੱਚ ਕੇ ਬਤੀਤ ਕੀਤਾ। ਯੁਵਾ ਸਤਿਗੁਰੂ ਪਰਤਾਪ ਸਿੰਘ ਜੀ ਦੇ ਵਾਗ ਡੋਰ ਸੰਭਾਲਣ ਤੋਂ ਬਾਅਦ, ਇਕ ਆਸ ਦਾ ਸੰਚਾਰ ਹੋ ਰਿਹਾ ਸੀ। ਇਹ ਉਹ ਸਮਾਂ ਸੀ ਜਦੋਂ ਕੌਮੀ ਅਤੇ ਕੌਮਾਂਤਰੀ ਪੱਧਰ ਤੇ ਵੀ, ਦੂਰ ਰਸ ਨਤੀਜਿਆਂ ਵਾਲੀਆਂ ਤਿੱਖੀਆਂ ਤਬਦੀਲੀਆਂ ਵਾਪਰ ਰਹੀਆਂ ਸਨ। ਕੂਕਾ ਅੰਦੋਲਨ ਤੋਂ ਪ੍ਰੇਰਿਤ ਗ਼ਦਰ ਪਾਰਟੀ ਦੇ ਜਾਂਬਾਜ਼ਾਂ ਨੇ ਬਰਤਾਨਵੀ ਸਰਕਾਰ ਨੂੰ ਇਕ ਵੇਰ ਤੇ ਝੰਜੋੜ ਸੁਟਿਆ ਸੀ। ਮਲੇਰਕੋਟਲੇ ਦਾ ਸਾਕਾ, ਆਪਣੇ ਵੱਡੇ ਕੈਨਵਸ ਤੇ ਜਲ੍ਹਿਆਂਵਾਲਾ ਬਾਗ ਦੇ ਦੁਖਾਂਤ ਵਜੋਂ ਚਿਤਰਤ ਹੋ ਗਿਆ ਸੀ। ਸਤਿਗੁਰੂ ਰਾਮ ਸਿੰਘ ਜੀ ਦੀ ਦਾਰਸ਼ਨਿਕ ਪ੍ਰਤਿਭਾ ਦੇ ਦਰਸ਼ਨ, ਜਿਸ ਸੁਦੇਸ਼ੀ, ਸਵਰਾਜ, ਬ੍ਰਿਟਿਸ਼ ਮਾਲ ਅਤੇ ਸੰਸਥਾਵਾਂ ਨਾਲ ਅਸਹਿਯੋਗ ਦੇ ਬਾਈਕਾਟ, ਦੇ ਪੈਂਤੜੇ ਤੋਂ ਹੁੰਦੇ ਸਨ ਪੈਂਹਠ ਸਾਲ ਬਾਦ, ਮੋਹਨ ਦਾਸ ਕਰਮ ਚੰਦ ਗਾਂਧੀ ਵੀ ਉਸੇ ਪੜੁਲ ਤੇ ਖਲੋ ਕੇ ਕੌਮੀ ਕਾਂਗਰਸ ਦਲ, ਵਿਕਸਿਤ ਸਮਾਜਿਕ ਅਧਾਰ ਵਾਲੀ ਪਾਰਟੀ ਬਨਾਉਣ ਦੇ ਆਹਰ ਵਿਚ ਸੀ। ਵੈਸੇ ਤਾਂ ਸਾਰਾ ਦੇਸ਼ ਹੀ ਪਰ ਪੰਜਾਬ ਤੇ ਬੰਗਾਲ ਇਨਕਲਾਬ ਦੇ ਵਾਹਕ ਬਣਦੇ ਨਜ਼ਰ ਆ ਰਹੇ ਸਨ।

ਸਤਿਗੁਰੂ ਜਗਜੀਤ ਸਿੰਘ ਹੋਰਾਂ ਦਾ ਪੰਜਾਬ ਦੇ ਮਹਾਂ ਨਾਇਕ ਅਤੇ ਹੋਰ ਅਨੇਕ ਲੋਕ ਨਾਇਕਾਂ ਵਾਲੇ ਜਨ ਅੰਦੋਲਨ ਦੀ ਕਰਮ ਭੂਮੀ ਤੇ ਅਛੋਪਲੇ ਹੀ ਪ੍ਰਗਟ ਹੋਣਾ, ਇਤਿਹਾਸ ਦਾ ਇਕ ਸੁਖਦ ਸੰਜੋਗ ਬਣ ਗਿਆ। ਬਿਰਧ ਦਾਦੀਆਂ ਨੂੰ ਬਾਲ ਕਿਲਕਾਰੀਆਂ ਜੋ ਕੂਕਿਆਂ ਦੇ ਇਸ ਬੰਦੀਖਾਨੇ ਵਰਗੇ ਘਰ ਵਿਚ ਸੁਣਾਈ ਦਿੱਤੀਆਂ, ਅਨੰਦ ਵਿਭੋਰ ਅਤੇ ਉਜਲ ਭਵਿੱਖ ਪ੍ਰਤੀ ਆਸਵੰਦ ਕਰ ਗਈਆਂ। ਆਪ ਦੀ ਜਨਮ ਦਾਤੀ ਵੀ ਤਿੰਨ ਚਾਰ ਸਾਲ ਦੇ ਬਾਲ ਨੂੰ ਵਿਛੋੜਾ ਦੇ ਗਈ ਸੀ। ਬੇਸ਼ਕ ਮਾਤਰੀ ਪਿਆਰ ਦੀ ਪੂਰਤੀ ਵਾਸਤੇ ਹੋਰ ਵਿਭੂਤੀਆਂ ਵੀ ਵਿਦਮਾਨ ਸਨ, ਪਰ ਬਚਪਨ ਵਿਚ ਇਕ ਐਸਾ ਵਾਤਸਲ ਦਾ ਖਿਲਾਅ ਆਪ ਦੇ ਹਿਰਦੇ ਵਿਚ ਪ੍ਰਵਿਸ਼ਟ ਹੋ ਚੁੱਕਾ ਸੀ, ਜਿਸਨੂੰ ਭਰਨ ਲਈ ਆਪ ਨੇ ਨਾ ਜਾਣੇ ਹੁਣ ਤੱਕ




ਕਿੰਨਿਆਂ ਲੋੜਵੰਦਾਂ ਉਤੇ ਆਪਣੇ ਉਪਕਾਰਾਂ ਦੀ ਵਰਖਾ ਹੀ ਕਰ ਦਿੱਤੀ। ਇਕ ਅਤੀ ਸੰਵੇਦਨਸ਼ੀਲ ਹਿਰਦੇ ਦੇ ਸੁਆਮੀ ਹਨ ਸਤਿਗੁਰੂ ਜਗਜੀਤ ਸਿੰਘ, ਜਿਹੜੇ ਉਜੜਿਆਂ ਥੁੜਿਆਂ ਅਤੇ ਦੀਨਾਂ ਦੁਖੀਆਂ ਲਈ ਕਿਸੇ ਵੀ ਹੱਦ ਤੱਕ ਜਾ ਕੇ ਸੰਕਟ ਮੋਚਨ ਬਣ ਸਕਦੇ ਹਨ।

ਉਜਾੜਾ ਜਿਹਨੇ ਵੇਖਿਆ ਨਹੀਂ ਉਹਨੂੰ ਮੁੜ ਵਸੇਬੇ ਜਿਹੇ ਬਿਖਮ ਕਾਰਜ ਦੀ ਗੰਭੀਰਤਾ ਦਾ ਅਹਿਸਾਸ ਨਹੀਂ ਹੋ ਸਕਦਾ। ਪਿਤਾ ਸਤਿਗੁਰੂ ਨੇ, ਫਿਰਕੂ ਹਿੰਸਾ ਦੀਆਂ ਲਪਟਾਂ ਵਿਚ ਘਿਰੇ, ਪੱਛਮੀ ਪੰਜਾਬ ਦੇ ਨਾਮਧਾਰੀਆਂ ਜਾਂ ਹੋਰ ਬਸ਼ਿੰਦਿਆਂ ਨੂੰ ਭੈੜੇ ਦਿਨਾਂ ਤੋਂ ਬਚਣ ਲਈ ਰਾਵੀ ਤੋਂ ਚੜ੍ਹਦੇ ਵੱਲ, ਛੇਤੀ ਤੁਰ ਜਾਣ ਦਾ ਸੁਨੇਹਾ ਦੇਣ ਹਿੱਤ, ਆਪ ਨੂੰ ਉਸ ਜੁੱਗ ਗਰਦੀ ਦਾ ਗੁਆਹ ਬਨਣ ਲਈ ਭੇਜਿਆ। ਫਿਰ ਨਵੀਆਂ ਧਰਤੀਆਂ ਤੇ ਨਵੇਂ ਸਿਆੜ ਪਾਉਣ ਦਾ ਕੰਮ ਸ਼ੁਰੂ ਹੋਣਾ ਸੀ। ਉੱਖੜ ਕੇ ਆਇਆਂ ਨੂੰ ਓਪਰੀ ਧਰਤੀ ਕੀਲਣ ਤੋਂ ਅਸਮਰਥ ਸੀ। ਉਹਦੀ ਮਦਦ ਲਈ ਆਪ ਅੱਗੇ ਆਏ। ਜਾਣ ਵਾਲਿਆਂ ਦੇ ਮਿੰਨਤਾ ਤਰਲੇ ਕੱਢ ਕੇ ਆਪ ਨੇ ਉਹਨਾਂ ਨੂੰ ਇਕ ਕਹਿੰਦਿਆਂ ਟਿਕਾਈ ਰੱਖਿਆ— "ਮੇਰੇ ਪਿਤਾ ਸਤਿਗੁਰ ਤੁਹਾਨੂੰ ਇੱਥੇ ਨਾ ਵੇਖਕੇ ਬਹੁਤ ਦੁਖੀ ਹੋਣਗੇ। ਮੈਂ ਉਹਨਾਂ ਦਾ ਦੁੱਖ ਵੇਖ ਨਹੀਂ ਸਕਦਾ। ਤੁਸੀਂ ਮੇਰਾ ਇਹ ਦੁਖ ਵੰਡਾਓ ਤੇ ਟਿਕੇ ਰਹੋ ਤੇ ਜਦੋਂ ਉਹ ਲੋੜਵੰਦਾਂ ਨੂੰ ਆਉਣ ਵਾਲੇ ਸਿਆਲ ਦੇ ਪ੍ਰਬੰਧ ਲਈ ਸਾਂਝੇ ਭੰਡਾਰ ਵਿਚੋਂ ਬਸਤਰ ਵੰਡ ਰਹੇ ਸਨ, ਇਕ ਬਹੁਤ ਪੁਰਾਣੇ ਪ੍ਰਬੰਧਕ ਨੇ ਨਿਹੋਰਾ ਮਾਰਿਆ, 'ਵੱਡੇ ਬਾਬਾ ਜੀ ਖੁੱਲ੍ਹੇ ਹੱਥੀਂ ਸਭ ਕੁਝ ਵੰਡ




Namdhari Elibrary NamdhariElibrary@gmail.com

ਵਰਤਾਈ ਜਾਂਦੇ ਹਨ। ਇਹਨਾਂ ਵਸਤਾਂ ਦੀ ਥੁੜ ਹੋ ਜਾਏਗੀ।" ਸਤਿਗੁਰੂ ਜੀ ਦਾ ਜੁਆਬ ਸੀ, "ਮਾਸਟਰ ਜੀ ਵੱਡੇ ਕਾਕੇ ਦਾ ਸੁਭਾਉ ਐਸਾ ਹੀ ਹੈ। ਉਹ ਇਉਂ ਹੀ ਵੰਡੇਗਾ। ਜੇ ਉਸਦਾ ਵੱਸ ਚੱਲਿਆ ਤਾਂ ਸਾਡੇ ਗਲ ਦੇ ਕੱਪੜੇ ਲੁਹਾ ਕੇ ਵੀ ਲੋੜਵੰਦਾਂ ਵਿਚ ਵੰਡ ਦੇਵੇਗਾ। ਇਹ ਸਤਿਗੁਰੂ ਰਾਮ ਸਿੰਘ ਦਾ ਘਰ ਹੈ। ਇੱਥੇ ਤੋਟ ਨਹੀਂ ਆਵੇਗੀ। ਬੇਫਿਕਰ ਹੋ ਜਾਓ।" ਸਤਿਗੁਰੂ ਜਗਜੀਤ ਸਿੰਘ ਜਿਹਾ ਹੱਥ ਦਾ ਸਖੀ ਅਤੇ ਹਿਰਦੇ ਦਾ ਉਦਾਰ, ਮਨੁੱਖ ਜਾਤੀ ਦਾ ਗਹਿਣਾ ਬਣ ਜਾਂਦਾ ਹੈ।

ਬੜਾ ਵਿਕਟ ਸਮਾਂ ਸੀ ਜਦੋਂ ਪਿਤਾ ਸਤਿਗੁਰੂ ਆਪਣਾ ਸਫਰ ਮੁਕਾ ਗਏ। ਜਿਹਨਾਂ ਲੋਕਾਂ ਨੂੰ ਪੰਥਕ ਬੇੜੇ ਨੂੰ ਇਸ ਮੰਝਧਾਰ ਵਿਚੋਂ ਕੱਢਣ ਵਾਲੀ ਆਪਦੀ ਯੋਗਤਾ ਤੇ ਸ਼ੱਕ ਸੀ, ਉਹਨਾਂ ਦੀਆਂ ਕਿਆਸ ਅਰਾਈਆਂ ਗਲਤ ਸਿੱਧ ਹੋਈਆਂ ਹਨ। ਘਰ ਬਾਹਰ ਦਾ ਮਾਹੌਲ ਸੁਆਰਨ ਲਈ ਜ਼ਿਆਦਾ ਸਮਾਂ ਨਹੀਂ ਲੱਗਾ। ਫਿਰ ਆਪਣੀਆਂ ਵਡੇਰੀਆਂ ਜ਼ਿੰਮੇਵਾਰੀਆਂ ਦੇ ਸੁਚੱਜੇ ਨਿਰਬਾਹ ਲਈ ਹਰ ਰੰਗ ਦੇ ਅਭਿਆਗਤਾਂ ਨੂੰ ਆਪਣੀ ਸ਼ਰਨ ਵਿਚ ਲਿਆ। ਜਦੋਂ ਉਹ ਦਹੇਜ-ਰਹਿਤ ਪਾਰਟੀ-ਰਹਿਤ ਵਿਆਹਾਂ ਦੀ ਗੱਲ ਕਰੜਾਈ ਨਾਲ ਤੋਰਦੇ ਸਨ ਤਾਂ ਮਨੋਰਥ ਇਹ ਹੀ ਸੀ ਸਾਡਾ ਕੋਈ ਵੀ ਪਿਛੇ ਰਹਿ ਗਿਆ, ਭਾਈਚਾਰੇ ਦਾ ਭਾਗ, ਹੀਣ ਭਾਵਨਾ ਦਾ ਸ਼ਿਕਾਰ ਨਾ ਹੋਵੇ। ਮਾਇਆ ਦੇ ਉਪਯੋਗ ਨੂੰ ਸਤਿਗੁਰੂ ਜੀ ਇਕ ਸਮਾਜਕ ਕਾਰਜ ਸਮਝਦੇ ਹਨ ਨਾ ਕਿ ਵਿਅਕਤੀਗਤ ਲੋੜਾਂ ਦੀ ਪੂਰਤੀ। ਕੋਮਲ ਕਲਾਵਾਂ ਦੇ ਖੇਤਰ ਵਿਚ ਬਹੁਤ ਸਾਰੇ ਕਲਾਕਾਰਾਂ ਨੂੰ ਆਪ ਦੀ ਛਤਰ ਛਾਇਆ ਵਿਚ ਵਿਚਰ ਕੇ ਅਨੋਖਾ ਸਕੂਨ ਮਿਲਦਾ ਹੈ। ਕਲਾ ਨੂੰ ਉਸਦੇ ਦੰਭ ਰਹਿਤ ਸਹਾਇਕ ਅਤੇ ਪਾਰਖੂ ਹੋਰ ਵਿਗਸਣ ਦਾ ਮੌਕਾ ਦਿੰਦੇ ਹਨ। ਪੰਜਾਬੀ ਜਾਂ ਕਿਸੇ ਹੱਦ ਤੱਕ ਹਿੰਦੀ ਵੀ, ਭਾਸ਼ਾਵਾਂ ਦੇ ਸਾਹਿਤਕਾਰਾਂ ਨਾਲ, ਇਸ ਘਰ ਦਾ ਪੌਣੀ ਸਦੀ ਤੋਂ ਗਹਿਰਾ ਲਗਾਉ ਚੱਲਿਆ ਆਉਂਦਾ ਹੈ। ਗੁਣੀਜਨਾਂ ਅਤੇ ਹਰ ਰੰਗ ਦੇ ਦੇਸ਼ ਭਗਤਾਂ ਨੂੰ, ਨਿਵਾਜਣ ਵਿਚ ਸ੍ਰੀ ਭੈਣੀ ਸਾਹਿਬ ਦਾ ਵਤੀਰਾ, ਰੀਸ ਕਰਨ ਵਾਲਾ ਰਿਹਾ ਹੈ।

ਇਸ ਸਮੇਂ ਨਾਮਧਾਰੀ ਸਮੁਦਾਇ ਬ੍ਰਹਿਮੰਡੀ ਵਰਤਾਰਾ ਬਣ ਚੁੱਕਾ ਹੈ। ਉਹ ਜਿੱਥੇ ਵੀ ਹਨ ਹੋਰਨਾਂ ਤੋਂ ਮਾਣ ਸਤਿਕਾਰ ਹਾਸਲ ਕਰਦੇ ਹਨ। ਇਸ ਪ੍ਰਾਪਤੀ ਦੀ ਤਹਿ ਵਿਚ ਜਿਹੜਾ ਨਾਂ ਹੈ—ਉਹ ਹੈ ਸਤਿਗੁਰੂ ਜਗਜੀਤ ਸਿੰਘ। ਕਿਸੇ ਵੀ ਨਾਮਧਾਰੀ ਦੇ ਸਨਮਾਨ ਨੂੰ ਸਤਿਗੁਰੂ ਜੀ ਆਪਣਾ ਸਨਮਾਨ ਸਮਝਦੇ ਹਨ। ਭਾਈਚਾਰੇ ਨੂੰ ਇਕ ਸੂਤਰ ਵਿਚ ਪਰੋਣ ਲਈ, ਸਮੂਹਿਕ ਅਨੰਦ ਕਾਰਜ, ਹੋਲੇ ਮੇਲੇ, ਜਪ ਪ੍ਰਯੋਗ ਆਦਿ ਦਾ ਆਯੋਜਨ ਕੀਤਾ ਜਾਂਦਾ ਹੈ। ਹਰ ਨਾਮਧਾਰੀ ਨੂੰ ਹਮੇਸ਼ਾ ਕ੍ਰਿਆਸ਼ੀਲ ਰਹਿਣ ਦੀ ਸਿੱਖਿਆ ਦੇ ਕੇ, ਉਸ ਵਿਚ ਜੋਖਮ ਉਠਾਉਣ ਲਈ ਉਤਸ਼ਾਹ ਭਰ ਕੇ, ਉਸਨੂੰ ਹੋਣੀਆਂ ਨਾਲ ਅੱਖ ਮਟੱਕਾ ਕਰਨ ਦੇ ਸਮਰਥ ਬਣਾ ਦਿੱਤਾ ਜਾਂਦਾ ਹੈ ਤਾਂ ਹੀ ਉਹ ਨਵੇਂ ਖੇਤਰਾਂ ਵਿਚ ਮਾਅਰਕੇ ਮਾਰਨ ਦੀ ਮੁਹਾਰਤ ਵਿਚ ਪਰਬੀਨ ਹਨ।

ਸਤਿਗੁਰੂ ਜੀ ਦੀ ਵੇਲੇ ਦੇ ਹਾਕਮਾਂ ਪ੍ਰਤੀ ਉਦਾਰ ਨੀਤੀ ਦਾ ਪ੍ਰਤੀਫਲ ਹੈ ਅੱਜ ਸਾਰੇ ਪੰਜਾਬ ਦੇ ਵਿੱਦਿਅਕ ਅਦਾਰਿਆਂ ਵਿਚ, ਸਤਿਗੁਰੂ ਰਾਮ ਸਿੰਘ ਜੀ ਦਾ ਨਾਂ ਇਕ ਘਰੇਲੂ ਨਾਂ ਬਣ ਚੁੱਕਾ ਹੈ। ਸਕੂਲਾਂ, ਕਾਲਜਾਂ ਤੇ ਵਿਸ਼ਵ ਵਿਦਿਆਲਿਆਂ ਵਿਚ ਕੂਕਾ-ਅੰਦੋਲਨ ਬਾਰੇ ਵੱਖ-ਵੱਖ ਪੱਧਰਾਂ ਵਾਲੀ ਚਰਚਾ ਚਲਾਈ ਜਾਂਦੀ ਹੈ। ਵਿਦਵਾਨਾਂ ਨੇ ਸਤਿਗੁਰੂ ਰਾਮ ਸਿੰਘ ਅਤੇ ਉਹਨਾਂ ਦੁਆਰਾ ਵਿੱਢੇ ਕੂਕਾ ਅੰਦੋਲਨ ਨੂੰ ਮੁੜ ਘੋਖਣ ਦਾ ਕੰਮ ਅਰੰਭਿਆ ਹੈ। ਨਾਮਧਾਰੀ ਇਤਿਹਾਸ ਪ੍ਰਤੀ ਸੰਤੁਲਿਤ ਪਹੁੰਚ ਅਖਤਿਆਰ ਕੀਤੀ ਜਾਣ ਲੱਗੀ ਹੈ। ਪੱਖਪਾਤੀ ਧਾਰਨਾਵਾਂ ਤੋਂ ਖਹਿੜਾ ਛੁੱਟ ਰਿਹਾ ਹੈ।

ਸ੍ਰੀ ਭੈਣੀ ਸਾਹਿਬ ਦਾ ਨਵਨਿਰਮਾਣ ਬੜੀ ਤੇਜ ਗਤੀ ਨਾਲ। ਇਹ ਵੀ ਸਤਿਗੁਰੂ ਜੀ ਦੀ ਇਕ ਚਿਰੋਕਣੀ ਰੀਝ ਪੁਗਾਉਣ ਦੇ ਤੁੱਲ ਹੈ।

ਨਾਮਧਾਰੀਆਂ ਨੂੰ ਨਾ ਸਿਰਫ ਰਾਜੀ ਖੁਸ਼ੀ ਇੱਕੀਵੀਂ ਸਦੀ ਵਿਚ ਪਰਵੇਸ਼ ਕਰਵਾ ਦੇਣਾ ਸਗੋਂ ਇਸ ਦੀਆਂ ਚੁਨੌਤੀਆਂ ਨੂੰ ਸਵੀਕਾਰਨ ਦੇ ਯੋਗ ਬਨਾਉਣਾ ਸਤਿਗੁਰੂ ਜਗਜੀਤ ਸਿੰਘ ਜੀ ਦੀ ਕਰਾਮਾਤ ਹੈ। ਛਾਵਾਂ ਬਣੀਆਂ ਰਹਿਣ।

ਸਤਿਗੁਰੂ ਜਗਜੀਤ ਸਿੰਘ ਜੀ ਦਾ ਨਾਮਧਾਰੀ ਸੰਗਤ ਨਾਲ ਆਤਮਿਕ, ਅਧਿਆਤਮਿਕ, ਸਮਾਜਿਕ, ਭਾਈਚਾਰਕ ਅਤੇ ਸੱਭਿਆਚਾਰਕ ਰਿਸ਼ਤਾ ਕਾਇਮ ਹੋ ਚੁੱਕਿਆ ਹੈ। ਵਰਤਮਾਨ ਸਮੇਂ ਵਿਚ ਗੁਰੂ-ਸਿੱਖ ਪਰੰਪਰਾ ਦਾ ਜੀਵੰਤ ਰੂਪ ਹੈ ਨਾਮਧਾਰੀ ਸਤਿਗੁਰੂ ਅਤੇ ਉਸਦੀ ਸੰਗਤ ਵਿਚਾਲੇ ਆਪਣੀ ਹੀ ਕਿਸਮ ਦੇ ਸਬੰਧ। ਇਹਨਾਂ ਸਬੰਧਾਂ ਦੀ ਪ੍ਰਿਸ਼ਠ ਭੂਮੀ ਵਿਚ ਪੰਜ ਸੌ ਸਾਲ ਦਾ ਸਿੱਖ ਭਾਈਚਾਰੇ ਦਾ ਅਤੇ ੧੫੦ ਸਾਲ ਦਾ ਕੂਕਾ ਜਾਂ ਨਾਮਧਾਰੀ ਮੱਤ ਦਾ ਸ਼ਾਨਾ ਮੱਤਾ ਇਤਿਹਾਸ ਹੈ। ਸਤਿਗੁਰੂ ਜੀ ਨੇ ਹਮੇਸ਼ਾਂ ਆਪਣੇ ਮਹੱਤਵਪੂਰਨ ਸਥਾਨ ਨੂੰ ਧਿਆਨ ਵਿਚ ਰੱਖਦਿਆਂ ਹੀ ਪਿਛਲੇ ੫੧ ਵਰ੍ਹਿਆਂ ਤੋਂ ਆਪਣੀਆਂ ਗਤੀਵਿਧੀਆਂ ਸੰਚਾਲਿਤ ਕੀਤੀਆਂ ਹਨ। ਗੁਰਮਤਿ ਗਾਡੀ ਰਾਹ ਅਤੇ ਗੁਰਸਿਖ ਪਰੰਪਰਾ ਉਹਨਾਂ ਦੇ ਧਿਆਨ ਦਾ ਹਮੇਸ਼ਾ ਕੇਂਦਰ ਬਿੰਦੂ ਬਣੀਆਂ ਰਹੀਆਂ ਹਨ। ਆਪਣੀਆਂ ਸਰੀਰਕ ਔਕੜਾਂ ਦੀ ਨਵਿਰਤੀ ਸਮੇਂ ਵੀ, ਉਹਨਾਂ ਨੇ ਉਹ ਅਨੁਸ਼ਾਸਨ ਜੋ ਆਪਣੀ ਸੰਗਤ ਲਈ ਨਿਸ਼ਚਿਤ ਕੀਤਾ ਹੈ ਉਸ ਤੋਂ ਕੁਝ ਦਰਜੇ ਵੱਧ ਹੀ ਆਪਣੇ ਆਪ ਤੇ ਵੀ ਲਾਗੂ ਕਰਕੇ ਵੇਖਿਆ ਹੈ। ਜਿਹੜੀ ਭਜਨ ਬਾਣੀ ਦੀ ਰਹਿਤ ਮਰਿਆਦਾ, ਸਤਿਗੁਰੂ ਰਾਮ ਸਿੰਘ ਜੀ, ਗੁਰੂ ਹਰੀ ਸਿੰਘ ਜੀ ਅਤੇ ਸਤਿਗੁਰੂ ਪਰਤਾਪ ਸਿੰਘ ਜੀ ਨੇ ਨਾਮਧਾਰੀ ਸੰਗਤ ਲਈ ਲਾਜ਼ਮੀ ਕਰਾਰ ਦਿੱਤੀ ਉਸ ਵਿਚ ਕਿਸੇ ਢਿੱਲ ਮੱਠ ਦੀ ਗੁੰਜਾਇਸ਼ ਤਾਂ ਕੀ ਹੋਣੀ ਸੀ, ਆਪਣੇ ਉਸ ਤੋਂ ਵੀ ਵੱਧ ਸਮਾਂ ਇਹਨਾਂ ਕਾਰਜਾਂ ਵਿਚ ਬਤੀਤ ਕੀਤਾ।

ਧਰਮ ਦਾ ਮੋਟਾ ਜਿਹਾ ਅਰਥ ਕੁਝ ਉਨ੍ਹਾਂ ਚੰਗੇ ਅਸੂਲਾਂ ਨੂੰ ਧਾਰਨ ਕਰਨਾ ਹੈ, ਜਿਹਨਾਂ ਸਦਕਾ ਜਿਉਣ ਸੁਖੇਨ ਰਹੇ। ਧਰਮ ਨੂੰ


Namdhari Elibrary NamdhariElibrary@gmail.com



*ਸਤਿਗੁਰੂ ਅਭਿਨੰਦਨ : ਭਾਪਾ ਪ੍ਰੀਤਮ ਸਿੰਘ, ਡਾ. ਜੁਗਿੰਦਰ ਸਿੰਘ ਪੁਆਰ, ਸ. ਬੂਟਾ ਸਿੰਘ, ਗੁਲਜ਼ਾਰ ਸਿੰਘ ਸੰਧੂ*

ਇਸ ਦੀ ਸੰਸਾਰਕਤਾ ਵਿਚ ਕਬੂਲਣਾ, ਸਿਖ ਗੁਰੂ ਸਾਹਿਬਾਨ ਨੇ ਇਕ ਨਿਵੇਕਲਾ ਅੰਦਾਜ ਸਿਰਜਿਆ ਸੀ। ਇਸੇ ਕਾਰਨ ਪੰਜਾਬ ਵਾਸੀ ਗੁਰੂਆਂ ਦੇ ਧਰਮ ਵੱਲ ਜਿਆਦਾ ਆਕਰਸ਼ਿਤ ਹੋਏ। ਇਸੇ ਲਈ ਉੱਘੇ ਪਾਕਿਸਤਾਨੀ ਪੰਜਾਬੀ ਚਿੰਤਕ ਨਜਮ ਹੁਸੈਨ ਸਈਅਦ ਨੇ ਗੁਰੂ ਬਾਬਾ ਨਾਨਕ ਨੂੰ ਪੰਜਾਬੀਅਤ ਦਾ ਪਹਿਲਾ ਅਗਵਾਨੂੰ ਮਿਥਿਆ। ਇਹੋ ਸਵਦੇਸ਼ੀ ਮੁਹਿਮ ਸਤਿਗੁਰੂ ਰਾਮ ਸਿੰਘ ਜੀ ਨੇ ਵਿੱਢੀ ਸੀ। ਸਤਿਗੁਰੂ ਜਗਜੀਤ ਸਿੰਘ ਜੀ ਨੇ 'ਪਿਉ-ਦਾਦੇ ਦੇ ਖਜ਼ਾਨੇ' ਵਿਚੋਂ ਮਿਲੀ ਪੰਜਾਬੀਅਤ ਨੂੰ ਹੋਰ ਅਮੀਰ ਕਰਨ ਲਈ ਨਿਜੀ ਅਤੇ ਸਮੂਹਿਕ ਯਤਨਾਂ ਨੂੰ ਹੋਰ ਜਿਆਦਾ ਉਤਸ਼ਾਹਿਤ ਕੀਤਾ। ਪੰਜਾਬੀਅਤ ਦੀ ਪਹਿਲੀ ਪਛਾਣ–

"ਬੋਲੀ ਦੇਸ਼ ਪੰਜਾਬ ਦੀ, ਪੰਜਾਬੀ ਇਸ ਦਾ ਨਾਂ।
ਚਾਈਂ ਚਾਈਂ ਬੋਲਦੇ, ਹਰ ਘਰ ਸ਼ਹਿਰ ਗਿਰਾਂ।
ਹਰ ਘਰ ਸ਼ਹਿਰ ਗਿਰਾਂ, ਪਾਣੀਆਂ ਪੰਜਾਂ ਧੋਤੀ।
ਮਜ਼ਬੀ ਮੈਲੋਂ ਪਾਕ, ਸਾਫ਼ ਇਹ ਸੁੱਚਾ ਮੋਤੀ।
ਕਹਿ ਗੋਧਾ ਸਿੰਘ ਜੱਟ, ਸਾਹਿਤ ਦੇ ਛਾਬੇ ਤੋਲੀ।
ਪੰਜਾਬੀ ਇਸ ਦਾ ਨਾਂ, ਦੇਸ਼ ਪੰਜਾਬ ਦੀ ਬੋਲੀ।"

ਪੰਜਾਬੀ ਭਾਸ਼ਾ ਗੁਰਮੁਖੀ ਲਿੱਪੀ, ਸਾਹਿਤ ਨੂੰ ਸਮਰਿੱਧ ਕਰਨ ਵਿਚ ਮਗਰਲੀ ਅੱਧੀ ਸਦੀ ਵਿਚ ਦੇਸ਼ ਵਿਦੇਸ਼ ਵਿਚ ਜਿਹਨਾਂ ਵੀ ਸੰਗਠਨਾਂ ਨੇ ਛੋਟੇ ਵੱਡੇ, ਸਥਾਨਕ ਤੋਂ ਕੌਮਾਂਤਰੀ ਪੱਧਰ ਤੇ ਜਿੰਨੇ ਵੀ ਉਪਰਾਲੇ ਕੀਤੇ ਹਨ, ਪਿਤਾ ਸਤਿਗੁਰੂ ਪਰਤਾਪ ਸਿੰਘ ਜਿਉਂ, ਇਹਨਾਂ ਸਾਰੇ ਯਤਨਾਂ ਦੇ ਪਿੱਛੋਂ ਇਕ ਉਤਸ਼ਾਹੀ ਥਾਪੜਾ ਸਤਿਗੁਰੂ ਜਗਜੀਤ ਸਿੰਘ ਜੀ ਦਾ ਰਿਹਾ ਹੈ। ਇਸ ਸੁਹਿਰਦ ਕਾਰਜ ਵਿਚ ਸਭਨਾਂ ਦੇ ਅਬੋਲ ਇਮਦਾਦੀ ਵਜੋਂ, ਕਦੇ ਵੀ ਆਪਣੀ ਕਿਸੇ ਦੇਣ ਨੂੰ, ਮਹਿਮਾ ਮੰਡਿਤ ਹੋਈ ਵੇਖਣ-ਸੁਣਨ ਦਾ ਆਪਣਾ ਸੁਭਾਅ ਨਹੀਂ। ੧੯੯੩ ਵਿਚ ਹਰਿਆਣਾ ਵਿਚ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਦੇ ਸਹਿਯੋਗ ਨਾਲ, ਪੰਜਾਬੀ ਲੇਖਕ ਸਭਾ ਸਿਰਸਾ ਨੇ, ਹਰਿਆਣਾ ਵਿਚ ਪੰਜਾਬੀ ਨੂੰ ਦੂਜੀ ਭਾਸ਼ਾ ਦਾ ਦਰਜਾ ਦਿਵਾਉਣ ਲਈ ਸਿਰਸੇ ਵਿਚ ਦੋ ਰੋਜ਼ਾ ਪੰਜਾਬੀ ਲੇਖਕ ਕਾਨਫਰੰਸ ਆਯੋਜਿਤ ਕੀਤੀ। ਪਰਬੰਧਕਾਂ ਦੀ ਬੇਨਤੀ ਤੇ ਆਪ ਨੇ, ਅੱਸੂ ਦੇ ਮਹੀਨੇ ਜਪ ਪ੍ਰਯੋਗ ਵਿਚ ਸ੍ਰੀ ਭੈਣੀ ਸਾਹਿਬ ਤੋਂ ਬਾਹਰ ਕਿਤੇ ਵੀ ਨਾ ਜਾਣ ਦੇ ਆਪਣੇ ਬੜੇ ਸਖਤ ਨਿਯਮ ਦਾ ਅਪਵਾਦ ਬਣਨਾ ਪਰਵਾਨ ਕਰ ਲਿਆ। ਕਾਨਫਰੰਸ ਵਿਚ ਪੰਜਾਬੀ ਦੇ ਤਕਰੀਬਨ ਸਾਰੇ ਹੀ ਨਾਮਵਰ ਲੇਖਕ ਪੁੱਜੇ ਹੋਏ ਸਨ। ਉਹਨਾਂ ਵਿਚਕਾਰ ਬਿਰਾਜਮਾਨ ਹੋ ਕੇ ਆਪ ਨੇ ਅਤੀ ਪਰਸੰਨਤਾ ਪ੍ਰਗਟ ਕਰਦਿਆਂ, ਪੰਜਾਬੀ ਲਈ ਹੋਣ ਵਾਲੇ ਹਰ ਯਤਨ ਲਈ ਆਪਣਾ ਬੇਗਰਜ਼ ਸਹਿਯੋਗ ਸਦਾ ਦਿੰਦੇ ਰਹਿਣ ਦੀ ਨਾਂ ਕੇਵਲ ਪੇਸ਼ਕਸ਼ ਦੁਹਰਾਈ ਸਗੋਂ ਇਹ ਕਹਿਕੇ ਭਾਸ਼ਾ ਦੇ ਗੌਰਵ ਨੂੰ ਬੁਲੰਦੀ ਪਰਦਾਨ ਕੀਤੀ ਕਿ ਜਦੋਂ ਅਸੀਂ ਆਪਣੀ ਬੋਲੀ, ਭਾਸ਼ਾ, ਲਿੱਪੀ ਸਾਹਿਤ ਲਈ ਕੁਝ ਕਰ ਰਹੇ ਹੁੰਦੇ ਹਾਂ ਤਾਂ ਕੇਵਲ ਤੇ ਕੇਵਲ ਸਤਿਗੁਰੂ ਰਾਮ ਸਿੰਘ ਜੀ ਦੇ ਉਹ ਹੁਕਮ ਹੀ ਵਜਾ ਰਹੇ ਹੁੰਦੇ ਹਾਂ ਜੋ ਇਸ ਪ੍ਰਥਾਇ ਆਪ ਨੇ ਬਰਮਾ ਦੇ ਬੰਦੀਖਾਨਿਆਂ ਵਿਚੋਂ ਸੰਗਤ ਪ੍ਰਥਾਇ ਹੁਕਮਨਾਮਿਆਂ ਵਿਚ ਦਰਜ ਕੀਤੇ ਸਨ। ਮਾਇਆ ਤਾਂ ਆਪ ਦੇ ਹੁਕਮ ਨਾਲ ਆਯੋਜਕਾਂ ਪਾਸ ਪਹਿਲਾਂ ਵੀ ਪੁੱਜ ਗਈ


Namdhari Elibrary NamdhariElibrary@gmail.com

ਸੀ, ਪਰ ਜਦੋਂ ਆਪ ਨੂੰ ਵਿਦਾ ਕਰਨ ਲਈ ਹਾਲ ਤੋਂ ਬਾਹਰ ਨਿਕਲੇ ਤਾਂ ਉਸ ਤੋਂ ਢਾਈ ਗੁਣਾ ਹੋਰ ਰਕਮ, ਖਜ਼ਾਨਚੀ ਸਿੰਘ ਤੋਂ ਮੇਰੇ ਹਵਾਲੇ ਕਰਵਾਉਣ ਤੋਂ ਬਾਅਦ ਫੁਰਮਾਇਆ— "ਸੁਵਰਨ ! ਮੈਂ ਤਾਂ ਸਮਝਦਾ ਸਾਂ ਕਿ ਤੁਹਾਡਾ ਕੰਮ ਛੋਟਾ ਜਿਹਾ ਹੋਵੇਗਾ ਪਰ ਤੁਸਾਂ ਤਾਂ ਕਾਫੀ ਵੱਡੀ ਕਾਨਫਰੰਸ ਕਰ ਲਈ ਹੈ। ਇਹ ਮਾਇਆ ਸਾਂਭੋ। ਪਰ ਸਟੇਜ ਸਕੱਤਰ ਪ੍ਰੋ. ਸੁਖਦੇਵ ਸਿੰਘ ਹੋਰਾਂ ਨੂੰ ਕਹਿ ਦੇਣਾ ਕਿ ਜੇ ਇਸ ਮਾਇਆ ਦਾ ਮੰਚ ਤੋਂ ਜ਼ਿਕਰ ਕਰਨਾ ਬਹੁਤ ਜ਼ਰੂਰੀ ਸਮਝਣ ਤਾਂ ਮੇਰੇ ਜਾਣ ਤੋਂ, ਘੱਟ ਘੱਟ ਇਕ ਘੰਟਾ ਬਾਅਦ, ਅਜਿਹਾ ਕਰਨਾ।"

ਮੈਨੂੰ ਸ਼ੇਖ ਸਾਅਦੀ ਦਾ ਉਹ ਕਥਨ ਚੇਤੇ ਆ ਗਿਆ ਕਿ ਜੇ ਕਿਸੇ ਨੂੰ ਕੁਝ ਦੇਣਾ ਹੈ ਤਾਂ ਬਿਨਾਂ ਵਿਖਾਵੇ ਅਤੀ ਨਿਮਰਤਾ ਸਹਿਤ ਦੇਹ। ਇਸ ਤਰ੍ਹਾਂ ਨਾ ਦਿਉ ਕਿ ਲੈਣ ਵਾਲਾ ਇਹ ਸਮਝੇ ਕਿ ਤੁਸੀਂ ਉਸ ਤੇ ਕੋਈ ਅਹਿਸਾਨ ਕਰ ਰਹੇ ਹੋ। ਇਸ ਤਰ੍ਹਾਂ ਦੇਵੋ ਜਿਵੇਂ ਰੁੱਖ ਤੁਹਾਡੀ ਝੋਲੀ ਵਿਚ ਚੁੱਪ-ਚਾਪ ਫਲ ਸੁੱਟਦੇ ਹਨ। ਇਹ ਸ਼ਾਇਦ ਕੁਰਆਨ ਮਜੀਦ ਦਾ ਵਾਕ ਹੈ ਕਿ ਜੇ ਸੱਜੇ ਹੱਥ ਨਾਲ ਲੋੜਵੰਦ ਨੂੰ ਕੁਝ ਦੇਣ ਲੱਗਾਂ ਏ ਤਾਂ ਇਸ ਤਰ੍ਹਾਂ ਦੇਈਂ ਕਿ ਤੇਰੇ ਖੱਬੇ ਹੱਥ ਨੂੰ ਉਸਦਾ ਪਤਾ ਤੱਕ ਨਾ ਲੱਗੇ। ਇਸ ਸਹਿਜ ਭਾਵੀ ਜੀਵਨ ਜਾਚ ਵਾਲੇ ਗੁਣਾਂ ਦੇ ਮੁਜੱਸਮੇ ਦਾ ਨਾਂ ਹੈ— ਸਤਿਗੁਰੂ ਜਗਜੀਤ ਸਿੰਘ।

ਆਪਣਿਆਂ ਲਈ ਤਾਂ ਹਰ ਬੂਹਾ ਖੁੱਲ੍ਹ ਜਾਂਦਾ ਹੈ ਪਰ ਬੇਗਾਨਿਆਂ ਲਈ ਵੀ ਜਿਹੜੇ ਬੂਹੇ ਕਦੇ ਬੰਦ ਨਹੀਂ ਹੁੰਦੇ, ਉਹਨਾਂ ਥਾਵਾਂ ਦੇ ਸੁਆਮੀ ਹੀ ਵੱਡੇ ਦਿਲ ਵਾਲੇ ਅਖਵਾਉਂਦੇ ਹਨ। ਇੱਥੇ ਫਿਰ ਸਤਿਗੁਰੂ ਰਾਮ ਸਿੰਘ ਜੀ ਦੀ ਸਿੱਖਿਆ ਸਾਡਾ ਰਾਹ ਰੁਸ਼ਨਾਉਂਦੀ ਹੈ ਕਿ ਸੇਵਾ ਹਰ ਭੇਖ ਦੇ ਲੋੜਵੰਦ ਦੀ ਕਰੋ। ਭਾਵੇਂ ਉਹ ਤੁਹਾਡੀ ਨਿੰਦਿਆ ਕਰਨ ਵਾਲਾ ਵੀ ਹੋਵੇ ਕਿਉਂ ਜੁ 'ਸੇਵਾ ਵਾਲੇ ਨੂੰ ਸੇਵਾ ਦਾ ਫਲ ਅਤੇ ਨਿੰਦਕ ਨੂੰ ਨਿੰਦਿਆ ਦਾ ਫਲ' ਤਾਂ ਮਿਲਣਾ ਹੁੰਦਾ ਹੈ ਫਿਰ ਤੁਸੀਂ ਸੌੜੇ ਵਿਚ ਕਿਉਂ ਆਉਂਦੇ ਹੋ। ਨਿਸ਼ਚੇ ਹੀ ਐਸੇ ਵਿਸ਼ਾਲ ਹਿਰਦੇ ਦੇ ਸੁਆਮੀ ਹਨ— ਸਤਿਗੁਰੂ ਜਗਜੀਤ ਸਿੰਘ।

ਸਾਰਕੁਤਾਵਲੀ ਵਾਲਾ ਕਹਿੰਦਾ ਹੈ ਕਿ ਜੇ ਕਾਂ ਉੱਚੀ ਅਟਾਰੀ ਤੇ ਵੀ ਬਹਿ ਜਾਵੇ ਤਾਂ ਉਹ ਹੰਸ ਨਹੀਂ ਬਣ ਸਕਦਾ, ਕਾਂ ਹੀ ਰਹਿੰਦਾ ਹੈ। ਇਸੇ ਤਰ੍ਹਾਂ ਇੰਗਲੈਂਡ ਦੇ ਪ੍ਰਧਾਨ ਮੰਤਰੀ ਦੇ ਪਦ ਦੀ ਸ਼ਕਤੀ ਬਾਰੇ ਕਿਹਾ ਗਿਆ ਹੈ। ਕਿ ਇਹ ਕੁਰਸੀ ਮਹੱਤਵਪੂਰਨ ਨਹੀਂ। ਮਹੱਤਵਪੂਰਨ ਉਹ ਵਿਅਕਤੀ ਹੈ, ਜੋ ਇਸ ਤੇ ਬਿਰਾਜਮਾਨ ਹੈ। ਜੇ ਉਹ ਸੁਪਾਤਰ ਹੈ ਤਾਂ ਕੁਰਸੀ ਸ਼ਕਤੀਸ਼ਾਲੀ ਹੈ, ਤੇ ਜੇ ਕੁਪਾਤਰ ਹੈ ਤਾਂ ਇਹ ਕੁਰਸੀ ਹੀਣੀ ਹੋ ਜਾਂਦੀ ਹੈ। ਬੇਸ਼ਕ ਲੇਖਕ ਦਾ ਭਾਵ ਦੁਨਿਆਵੀ ਤਖਤਾਂ ਨਾਲ ਕਿਸੇ ਤਰ੍ਹਾਂ ਤੁਲਨਾ ਕੇ ਇਸ ਅਬਿਚਲ ਰਾਜ ਬਾਰੇ ਕੋਈ ਕਿੰਤੂ ਪਰੰਤੂ ਕਰਨਾ ਨਹੀਂ ਹੈ ਪਰੰਤੂ ਉਹ ਦਾਅਵੇ ਇਹ ਗੱਲ ਕਹਿਣ ਦਾ ਅਧਿਕਾਰ ਰੱਖਦਾ ਹੈ ਕਿ ਸਤਿਗੁਰੂ ਜਗਜੀਤ ਸਿੰਘ ਜੀ ਦੇ ਇਸ ਤਖਤ ਤੇ ਬਿਰਾਜਮਾਨ ਹੋਣ ਨਾਲ, ਇਹਦੀ ਮਹਿਮਾਂ ਦੇਸ ਕਾਲ ਦੀਆਂ ਹੱਦਾਂ ਤੋਂ ਪਾਰ ਗਈ ਹੈ। ਅਤੇ ਇਹ ਸਾਰਾ ਇਕ ਦਿਨ ਵਿਚ ਨਹੀਂ ਹੋ ਗਿਆ। ਇਸ ਲਈ ਆਪ ਨੂੰ ਬੜੇ ਬਿਖਮ ਮਾਰਗ ਤੈਅ ਕਰਨੇ ਪਏ ਹਨ। ਇਕ ਸਾਧਕ ਜਿਉਂ ਲੰਮੀ ਸਾਧਨਾ, ਇਕ ਨੀਤੀ ਵੇਤਾ ਜਿਉਂ ਸਫਲ ਨੀਤੀ ਨਿਰਧਾਰਨ, ਇਕ ਅਧਿਆਤਮਕ ਗੁਰੂ ਜਿਉਂ ਅਧਿਆਤਮ ਦੇ ਗੁੰਝਲਦਾਰ ਪਰਸ਼ਨਾਂ ਦਾ ਨਿਖੇੜਾ ਕਰਨ ਦੀ ਸਮੱਰਥਾ, ਇਕ ਮਨੋਵਿਗਿਆਨੀ ਜਿਉਂ ਮਨੁੱਖੀ ਮਨ ਦੀਆਂ ਬਾਰੀਕ ਪਰਤਾਂ ਦਾ ਅਧਿਅਨ ਕਰਕੇ, ਹਰ ਕਿਸੇ ਦੇ ਗੁਣਾਂ ਮੁਤਾਬਿਕ ਉਸ ਨੂੰ ਆਹਰੇ ਲਾਉਣਾ ਅਤੇ ਮਨੁੱਖੀ ਮਨ ਦੀਆਂ ਕਮਜ਼ੋਰੀਆਂ ਦਾ ਸਮਾਧਾਨ ਕਰਕੇ, ਅਧੂਰਿਆਂ ਨੂੰ ਨਾ ਸਿਰਫ ਪੂਰਿਆਂ ਕਰਨਾਂ ਸਗੋਂ ਉਹਨਾਂ ਨੂੰ ਕ੍ਰਿਸ਼ਮੇਸਾਜ਼ ਬਣਾ ਦੇਣਾ। ਉਹਨਾਂ ਦੇ ਪੈਰੋਕਾਰ ਦੁਨੀਆਂ ਦੇ ਕਿਸੇ ਕੋਨੇ ਵਿਚ ਵੀ ਗਏ ਹਨ ਤਾਂ ਆਪਣਾ ਨਾਂ ਅਤੇ ਥਾਂ ਬਣਾ ਕੇ ਬੈਠੇ ਹਨ।

ਉਹ ਵਿਅਕਤੀਗਤ ਪ੍ਰਯਾਸਾਂ ਨਾਲੋਂ ਸਮੂਹਿਕ ਯਤਨਾਂ ਦੀ ਸਫਲਤਾ ਪ੍ਰਤੀ ਹਮੇਸ਼ਾਂ ਆਸਵੰਦ ਰਹੇ ਹਨ। ਇਸੇ ਲਈ ਨਾਮਧਾਰੀਆਂ ਨੂੰ ਵਿਅਕਤੀਗਤ ਜੀਵਨ ਦੀ ਜਿੱਲਣ ਵਿਚੋਂ ਕੱਢਣ ਲਈ, ਲੰਮੇ ਲੰਮੇ ਪ੍ਰਯੋਗਾਂ, ਪਾਠਾਂ, ਮੇਲਿਆਂ ਹੋਲਿਆਂ ਮਹੌਲਿਆਂ, ਸ਼ਤਾਬਦੀਆਂ ਅਤੇ ਸਮਾਗਮਾਂ ਦਾ ਆਯੋਜਨ ਅਕਸਰ ਕਰਵਾਉਂਦੇ ਰਹਿੰਦੇ ਹਨ। ਉਹ ਆਪਣੇ ਸਿੱਖਾਂ ਵਿਚੋਂ ਹੀਣ ਭਾਵਨਾ ਕੱਢਣ ਲਈ, ਸਮੂਹਿਕ ਅਨੰਦ ਕਾਰਜਾਂ ਨੂੰ ਦਾਹੇਜ ਅਤੇ ਵਿਖਾਵੇ ਰਹਿਤ ਕਰਨ ਲਈ ਲਗਾਤਾਰ ਕਹਿੰਦੇ ਆਏ ਹਨ। ਇਹ ਵੱਖਰੀ ਗੱਲ ਹੈ ਕਿ ਮੰਨਣ ਵਾਲੇ ਈਮਾਨਦਾਰੀ ਵਰਤਦੇ ਹਨ ਜਾਂ ਨਹੀਂ। ਹਿੰਦੁਸਤਾਨ ਵਰਗੇ ਮੁਲਕ ਵਿਚ ਜਿੱਥੇ ਬੰਗਾਲ ਦੇ ਪਿਛਲੀ ਸਦੀ ਦੇ ਕਾਲ ਸਮੇਂ, ਲੱਖਾਂ ਲੋਕ ਭੁੱਖ ਨਾਲ ਮਰ ਗਏ ਸਨ, ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਪਰਸ਼ਾਦਾ ਛੱਕਣ ਬਾਅਦ ਥਾਲਾ ਧੋਕੇ ਪੀਣ ਨੂੰ ਅੰਨ ਦਾ ਅਦਬ ਕਰਨਾ ਸਿਖਾਇਆ ਸੀ। ਅੱਜ ਵੱਡੇ ਸ਼ਹਿਰਾਂ ਵਿਚ ਵਿਆਹਾਂ ਪਾਰਟੀਆਂ ਆਦਿ ਦੀ ਜੂਠ ਕਿੰਨੇ ਲੋਕਾਂ ਦਾ ਪੇਟ ਭਰਨ ਜੋਗੀ ਹੋਵੇ ਜੇ ਦੁਰਵਰਤੋਂ ਨਾ ਕਰਨ। ਸੁਪਰੀਮ ਕੋਰਟ ਨੂੰ ਕਹਿਣਾ ਪਿਆ ਹੈ ਕਿ ਅੰਨ-ਗੁਦਾਮਾਂ ਵਿਚ ਸਾੜੋ ਨਾ, ਲੋੜਵੰਦਾਂ ਨੂੰ ਮੁਫਤ ਵੰਡ ਦਿਉ। ਵੱਡੇ-ਵੱਡੇ ਧੌਲਰ-ਮਹਿਲ ਉਸਾਰਨ ਵਾਲੇ ਤੇ ਸ਼ਾਹਨਾਂ ਢੰਗ ਨਾਲ ਜਿਊਣ ਵਾਲੇ ਲੋਕਾਂ ਬਾਰੇ ਹਿੰਦੀ ਕਵੀ ਸਵਪਨਿਲ ਸ੍ਰੀਵਾਸਤਵ ਦੀ ਇਹ ਕਵਿਤਾ:

"ਇਸ ਗਰੀਬ ਦੇਸ਼ ਮੇਂ ਵਿਲਾਸਤਾ ਸੇ ਰਹਿਨਾ,
ਏਕ ਤਰਹ ਕੀ ਹਿੰਸਾ ਹੈ"

ਸਤਿਗੁਰੂ ਜਗਜੀਤ ਸਿੰਘ ਹੋਰਾਂ ਦੀ ਸਾਦਾ ਰਹਿਣੀ ਬਹਿਣੀ ਵਾਲੀ ਸਿੱਖਿਆ ਨਾਲ ਕਿੰਨਾ ਮੇਲ ਖਾਂਦੀ ਹੈ। ਜਿਹਨਾਂ ਕੋਲ ਸਭ ਕੁਝ ਹੈ, ਉਹ ਜਿਹਨਾਂ ਕੋਲ ਕੁਝ ਨਹੀਂ ਜਾਂ ਬਹੁਤ ਥੋੜ੍ਹਾ ਹੈ, ਉਹਨਾਂ ਬਾਰੇ ਕੁਝ ਕਰਕੇ ਹੀ, ਸਤਿਗੁਰੂ ਜਗਜੀਤ ਸਿੰਘ ਦੇ ਸਹੀ ਪੈਰੋਕਾਰ ਹੋਣ ਦੀਆਂ ਖੁਸ਼ੀਆਂ ਲੈ ਸਕਦੇ ਹਨ।

*— ਪਿੰਡ ਤੇ ਡਾਕ : ਕਰੀਵਾਲਾ (ਸਿਰਸਾ)*
*ਫੋਨ — ੦੧੬੬੮-੨੭੪੫੬੨ (ਘਰ)*
*੦੯੯੯੬੩-੭੧੭੧੬ (ਮੋ.)*
*੧੪-੧੦-੨੦੧੦*


Namdhari Elibrary NamdhariElibrary@gmail.com

# ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ੯੧ਵੇਂ ਪ੍ਰਕਾਸ਼ ਦਿਵਸ ਦੀਆਂ ਲੱਖ-ਲੱਖ ਮੁਬਾਰਕਾਂ !



ਸ੍ਰੀ ਸਤਿਗੁਰੂ ਜੀ ਸੁਰਜੀਤ ਸਿੰਘ ਜੀਤ ਨੂੰ ਸਨਮਾਨ ਬਖ਼ਸ਼ਦੇ ਹੋਏ

## CONGRATULATIONS

**ON BLISSFUL AUSPICIOUS PARKASH DIWAS OF :**
**H.H. SHRI SATGURU JAGJIT SINGH JEE**

**From**
***SURJEET SINGH JEET***
**H.H. Shri Satguru Jagjit Singh Ji Library**
***36 Margery Park Road, Forest Gate, London E7 9JY***

ਵੱਲੋਂ :

***ਸੁਰਜੀਤ ਸਿੰਘ ਜੀਤ***

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਲਾਇਬ੍ਰੇਰੀ ਤੇ ਸੱਚ ਸੈਂਟਰ *(ਯੂ.ਕੇ.)*


Namdhari Elibrary NamdhariElibrary@gmail.com



## ਸਤਿਗੁਰੂ ਸੱਚੇ ਪਾਤਸ਼ਾਹ
## ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੀ
## ਸਮੂਹ ਗੁਰਸਿੱਖਾਂ ਨੂੰ ਲੱਖ-ਲੱਖ ਵਧਾਈ



**ਠੇਕੇਦਾਰ ਸੁਲੱਖਣ ਸਿੰਘ**



**ਜਥੇਦਾਰ ਕੂਕਾ ਸਿੰਘ**

ਜਨਤਾ ਕਲੋਨੀ ਨਵੀਂ ਦਿੱਲੀ 110027


Namdhari Elibrary NamdhariElibrary@gmail.com

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ
ਸੱਚੇ ਪਾਤਸ਼ਾਹ ਜੀ ਦੇ
ਪ੍ਰਕਾਸ਼ ਪੁਰਬ ਦੀਆਂ
ਹਾਰਦਿਕ ਵਧਾਈਆਂ



# NAMDHARI AGENCIES

***All Type Bike Modifications***



**Balwinder Singh**

***Deal in :***

1. *Raddo Alloy,*
2. *Michro Alloy*
3. *Imported Alloy*
4. *Duro Tyre*
5. *King Tyre*
6. *Roots Horn*

(Ph.) 0181-5182605 (M) 95692-19049 (M) 98721-02817
Shop No. 167, Namdhari Complex, Sehdev Market, Jalandhar City



Namdhari Elibrary NamdhariElibrary@gmail.com



ਮਾਡਰਨ ਗਨ ਵਰਕਸ ਜੰਮੂ ਦੇ ਸੰਸਥਾਪਕ ਸਵ. ਸੰਤ ਕੁਲਦੀਪ ਸਿੰਘ ਜੀ ਸਤਿਗੁਰੂ ਜੀ ਦਾ ਸੁਆਗਤ ਕਰਦੇ ਹੋਏ। ਨਾਲ ਹਨ ਸੰਤ ਕਰਤਾਰ ਸਿੰਘ, ਅਮਰੀਕ ਸਿੰਘ ਤੇ ਹੋਰ ਸੰਗਤਾਂ

ਵਧਾਈਆਂ ! ਵਧਾਈਆਂ ! ਵਧਾਈਆਂ !

## ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੀਆਂ ਹਾਰਦਿਕ ਵਧਾਈਆਂ

**Reputed Manufacturers of :**

**Superior Quality**

**SINGLE BARREL & DOUBLE BARREL GUNS**

**B.L.–12 Bore**

# MODERN GUN WORKS

**OPP. : INDUSTRIAL ESATE, JAMMU CANNT**



Namdhari Elibrary NamdhariElibrary@gmail.com

# 'ਵਰਿਆਮ' ਦੇ ਤਿੰਨ ਦਹਾਕੇ

*—ਸਤਨਾਮ ਚਾਨਾ*




ਮਾਸਿਕ 'ਵਰਿਆਮ' ਨਾਲ ਮੇਰੀ ਜਾਣ ਪਹਿਚਾਣ ਉਦੋਂ ਹੀ ਹੋ ਗਈ ਸੀ ਜਦੋਂ ਇਸ ਦੀ ਪ੍ਰਕਾਸ਼ਨਾ ਅਰੰਭ ਕਰਨ ਬਾਰੇ ਮੁੱਢਲੀ ਚਰਚਾ ਸ਼ੁਰੂ ਹੋਈ ਸੀ। ਉਸ ਤੋਂ ਬਾਦ ਅੱਸੀਵਿਆਂ ਦੇ ਪਹਿਲੇ ਪੰਜ ਸਾਲ ਛੱਡਕੇ ਇਸ ਦਾ ਨਿਰੰਤਰ ਪਾਠਕ ਹੋਣ ਦਾ ਸੁਭਾਗ ਹਾਸਲ ਰਿਹਾ ਹੈ। ਇਸ ਤਰ੍ਹਾਂ ਇਸ ਦੇ ਸੰਪਾਦਕ ਅਤੇ ਇਕ ਸੰਸਥਾਪਕ ਦੀ ਜ਼ਾਤੀ ਸੰਗਤ ਦੀਆਂ ਛੋਹਾਂ ਦਾ ਭਾਵਕ ਅਹਿਸਾਸ ਵੀ ਨਿਰੰਤਰ ਹੀ ਰਿਹਾ ਹੈ। ਜਗਦੀਸ਼ ਸਿੰਘ ਵਰਗਾ ਕੋਈ ਹੋਰ ਨਹੀਂ ਹੈ ਪਰ ਪ੍ਰੀਤਮ ਸਿੰਘ ਵੀ ਘੱਟ ਮਿਕਨਾਤੀਸੀ ਨਹੀਂ ਸਨ। ਪਿਛਲੇ ਸਾਢੇ ਤਿੰਨ ਦਹਾਕਿਆਂ ਵਿਚ 'ਵਰਿਆਮ' ਨੇ ਜਿਹੜਾ ਇਤਿਹਾਸ ਸਿਰਜਿਆ ਹੈ ਉਸ ਤਰ੍ਹਾਂ ਦੀ ਉਦਾਹਰਣ ਵੀ ਸ਼ਾਇਦ ਹੋਰ ਨਾ ਹੋਵੇ। ਅਜਿਹਾ ਪਰਚਾ ਸ਼ਾਇਦ ਹੋਰ ਨਾ ਹੀ ਹੋਵੇ ਜਿਸ ਦੀ ਚਾਲਕ ਸ਼ਕਤੀ ਦੀਆਂ ਜੜ੍ਹਾਂ ਇਕ ਵਿਸੇਸ਼ ਸੰਪਰਦਾਇ 'ਚ ਹੋਣ ਅਤੇ ਉਸ ਦੇ ਪਾਠਕਾਂ ਦਾ ਘੇਰਾ ਸੰਪਰਦਾਇ ਤੋਂ ਬਾਹਰ ਏਨਾ ਵਿਸ਼ਾਲ ਹੋਵੇ ਕਿ ਹਰ ਮਹੀਨੇ ਉਸਨੂੰ ਨਾਸਤਕ ਵੀ ਉਡੀਕਦੇ ਹੋਣ। ਇਹ ਪਰਚੇ ਦੀ ਸਮੱਗਰੀ ਅਤੇ ਸੰਪਾਦਕ ਦੇ ਸਲੀਕੇ ਦਾ ਕਮਾਲ ਹੈ। ਜਗਦੀਸ਼ ਸਿੰਘ ਵਿੱਚ ਨਾਮਧਾਰੀ ਸਿਧਾਂਤਾਂ, ਇਸ ਦੇ ਸ਼ਾਨਾਮੱਤੇ ਇਤਿਹਾਸ ਅਤੇ ਆਪਣੇ ਸਤਿਗੁਰੂ ਪ੍ਰਤੀ ਅਥਾਹ ਸ਼ਰਧਾ ਦੇ ਨਾਲ-ਨਾਲ ਤਰਕ ਦੀ ਨਿੱਗਰ ਹੋਂਦ ਹੈ, ਜਿਸ ਵਿੱਚ ਕੋਈ ਥਿੜਕਣ ਬਾਜ਼ੀ ਨਹੀਂ ਪ੍ਰੰਤੂ ਇਹ ਨਿਰਣਾ ਕਰਣਾ ਅਤਿਅੰਤ ਔਖਾ ਹੈ ਕਿ ਉਹਨਾਂ ਦੇ ਹਿਰਦੇ ਵਿੱਚ ਆਪਣੀ ਮਾਂ ਬੋਲੀ, ਪੰਜਾਬੀ ਸਾਹਿਤ ਅਤੇ ਸਮੁੱਚੀ ਮਾਨਵਤਾ ਲਈ ਵੀ ਓਨੀ ਹੀ ਸ਼ਰਧਾ ਤੇ ਸਤਿਕਾਰ ਹੈ ਜਾਂ ਰੱਤੀ-ਮਾਸਾ ਵੱਧ ਹੀ ਹੈ ? ਪਿਛਲੇ ਤਿੰਨ ਦਹਾਕਿਆਂ ਵਿੱਚ ਤਾਂ ਇਹ ਨਿਰਣਾ ਨਹੀਂ ਹੋ ਸਕਿਆ। ਇਹ ਉਨ੍ਹਾਂ ਦੀ ਰਹਿਤ-ਬਹਿਤ ਵੀ ਦੱਸਦੀ ਹੈ।

ਪੜ੍ਹਨ ਦੇ ਨਾਲ ਨਾਲ 'ਵਰਿਆਮ' ਵਾਸਤੇ ਕਦੇ-ਕਦਾਈਂ ਲਿੱਖਣ ਦਾ ਵੀ ਮੌਕਾ ਮਿਲਿਆ ਪ੍ਰੰਤੂ ਕੁਝ ਵਿਸ਼ੇ ਅਜਿਹੇ ਵੀ ਸਨ ਜਿਹੜੇ ਛੱਪਣ ਦੇਣ ਤੋਂ ਪਹਿਲਾਂ ਲਗਦਾ ਹੁੰਦਾ ਸੀ ਕਿ ਕੋਈ ਹਿੱਚਕਚਾਹਟ ਪੈਦਾ ਨਾ ਹੋ ਜਾਵੇ। ਪਰ ਅਜਿਹਾ ਨਾ ਹੋਇਆ। ਸੰਪਾਦਕ ਨੇ ਉਘੜਵੀਂ ਥਾਂ ਦਿੱਤੀ, ਜਿਸ ਤੇ ਪ੍ਰਤੀਕਰਮ ਵੀ ਆਏ ਅਤੇ ਚਰਚਾ ਵੀ ਹੋਈ। 'ਵਰਿਆਮ' ਵਿਚ ਛੱਪਣ ਵਾਲੇ ਅਨੇਕਾ ਹੀ ਉੱਚ ਪਾਏ ਦੇ ਬੁਧੀਮਾਨ ਲੇਖਕ ਅਤੇ ਇਤਿਹਾਸਕਾਰ ਹੁੰਦੇ ਹਨ ਜਿਨ੍ਹਾਂ ਵਿੱਚ ਕਦੇ ਕਦਾਈਂ ਇਸ ਲੇਖਕ ਨੂੰ ਵੀ ਥਾਂ ਮਿਲ ਜਾਂਦੀ ਰਹੀ ਹੈ। ਇਸ ਪਰਚੇ ਨੇ ਧਾਰਮਿਕ ਵਿਆਖਿਆਵਾਂ ਤੋਂ ਲੈ ਕੇ ਤਰਕਸ਼ੀਲ ਵਿਚਾਰਾਂ ਤੱਕ ਅਤੇ ਇਤਿਹਾਸ ਤੋਂ ਲੈਕੇ ਕੋਮਲ ਕਲਾਵਾਂ, ਸਾਹਿਤ ਅਤੇ ਖੇਡਾਂ ਤੱਕ ਨੂੰ ਮਾਨਵੀ ਦ੍ਰਿਸ਼ਟੀਕੋਣ ਤੋਂ ਪਾਠਕਾਂ ਸਾਹਮਣੇ ਪ੍ਰਸਤੁੱਤ ਕੀਤਾ ਹੈ। ਤਿੰਨ ਦਹਾਕਿਆਂ ਤੱਕ ਆਸਤਕਾਂ ਅਤੇ ਨਾਸਕਾਂ ਨੂੰ ਇੱਕ ਦੂਜੇ ਦੇ ਸੰਪਰਕ ਵਿੱਚ ਅਤੇ ਅੰਤਰਕ੍ਰਿਆ ਵਿੱਚ ਰੱਖਿਆ ਹੈ। ਇਸ ਪਿੱਛੇ ਕਿਹੜਾ ਭੇਦ ਹੈ।

ਇਝ ਮਹਿਸੂਸ ਹੋ ਰਿਹਾ ਕਿ ਇਰਾਦਾ ਰੱਖਣਾ, ਫੈਸਲਾ ਕਰ ਲੈਣਾ ਅਤੇ ਦ੍ਰਿਸ਼ਟੀਕੋਣ ਅਪਣਾ ਲੈਣਾ ਆਪਣੀ ਥਾਂ ਮਹੱਤਤਾ ਵਾਲੇ ਵਿਸ਼ੇ ਹਨ ਪਰ ਇਨ੍ਹਾਂ ਨੂੰ ਹਕੀਕਤ ਵਿਚ ਤਬਦੀਲ ਕਰਨ ਲਈ ਯੋਗ ਇਨਸਾਨ ਦੀ ਲੋੜ ਹੁੰਦੀ ਹੈ। ਕਈ ਵਾਰ ਯੋਗਤਾ ਦੀ ਪ੍ਰੀਭਾਸ਼ਾ ਹੀ ਕੁਰਾਹੇ ਦਾ ਕਾਰਨ ਬਣ ਜਾਂਦੀ ਹੈ। ਹਥਲੇ ਵਿਸ਼ੇ ਦੇ ਸਬੰਧ ਵਿੱਚ ਯੋਗਤਾ ਦੀ ਪ੍ਰੀਭਾਸ਼ਾ ਜਗਦੀਸ਼ ਸਿੰਘ ਹੀ ਹੈ। ਇਹ ਯੋਗਤਾ ਉਨ੍ਹਾਂ ਨੂੰ ਕਿਥੋਂ ਮਿਲੀ?




Namdhari Elibrary NamdhariElibrary@gmail.com



*ਲਖ ਖੁਸ਼ੀਆਂ ਪਾਤਸ਼ਾਹੀਆਂ, ਵਰਿਆਮ ਸੰਪਾਦਕ ਤੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਕ੍ਰਿਪਾ ਦ੍ਰਿਸ਼ਟੀ*

ਬਿਨਾਸ਼ੱਕ ਇਹ ਨਾਮਧਾਰੀ ਫਲਸਫਾ ਹੀ ਹੈ ਅਤੇ ਉਸਦੇ ਬਾਨੀ ਸਤਿਗੁਰੂ ਰਾਮ ਸਿੰਘ ਜੀ ਅਤੇ ਜਿਸਨੂੰ ਵਰਤਮਾਨ ਵਿੱਚ ਉਲਥਾ ਰਹੇ ਹਨ ਸਤਿਗੁਰੂ ਜਗਜੀਤ ਸਿੰਘ ਜੀ, ਜੋ ਜਗਦੀਸ਼ ਸਿੰਘ ਨੂੰ ਯੋਗਤਾ ਮੁਹੱਈਆ ਕਰ ਰਹੇ ਹਨ। ਇਸਦੇ ਬਹੁਤੇ ਸਾਰੇ ਵਿਲੱਖਣ ਪੱਖਾਂ ਸਮੇਤ ਨਾਮਧਾਰੀ ਫਲਸਫਾ ਨੈਤਿਕਤਾ ਉਪਰ ਉਸਾਰਿਆ ਹੋਇਆ ਹੈ ਜਿਸ ਦੀ ਰਾਜਨੀਤਕ ਕ੍ਰਾਂਤੀ ਅਤੇ ਜਿਸਦਾ ਸਮਾਜਿਕ ਸੁਧਾਰ ਨੈਤਿਕਤਾ ਦੀਆਂ ਨੀਹਾਂ ਉਤੇ ਖੜੋਤਾ ਹੈ। ਸਤਿਗੁਰੂ ਰਾਮ ਸਿੰਘ ਨੇ ਸਿੱਖ ਰਾਜ ਦੇ ਪੱਤਣ ਦਾ ਕਾਰਨ ਆਚਰਣ ਦੀ ਗਿਰਾਵਟ ਨੂੰ ਦੱਸਿਆ ਸੀ। ਉਨ੍ਹਾਂ ਦਾ ਇਹ ਨਿਸ਼ਕਰਸ਼ ਸੀ ਕਿ ਗੁਲਾਮੀ ਤੋਂ ਛੁਟਕਾਰਾ ਵੀ ਸਮਾਜਿਕ-ਆਚਰਣ ਹੀ ਦੁਆ ਸਕਦਾ ਹੈ। ਉੱਚੀਆਂ ਨੈਤਿਕ ਕਦਰਾਂ-ਕੀਮਤਾਂ ਤੋਂ ਵਿਹੂਣੇ ਸਮੂਹ ਕ੍ਰਾਂਤੀ ਕਰਨ ਯੋਗ ਨਹੀਂ ਹੁੰਦੇ। ਇਹ ਸ਼ਾਂਤਮਈ ਸੰਘਰਸ਼ ਦਾ ਸ਼ਕਤੀਸ਼ਾਲੀ ਹਥਿਆਰ ਹੈ। ਸਤਿਗੁਰੂ ਰਾਮ ਸਿੰਘ ਨੇ ਆਗੂ ਅਤੇ ਪੈਰੋਕਾਰਾਂ ਦਰਮਿਆਨ ਰਿਸ਼ਤਿਆਂ ਦੇ ਉੱਚੇ ਨੈਤਿਕ ਮਿਆਰਾਂ ਨੂੰ ਨਿਸਚਿਤ ਕੀਤਾ ਸੀ। ਉਨ੍ਹਾਂ ਦੇ ਸੰਗਠਨ ਵਿੱਚ ਬਾਗੀ ਨਹੀਂ ਸਨ, ਸਗੋਂ "ਮਸਤਾਨੇ" ਸਨ। ਅਸਿਹਮਤੀ ਕਾਰਨ ਅਪਣੱਤ ਨੂੰ ਤੋੜਨਾ ਉਨ੍ਹਾਂ ਦੀ ਨੈਤਿਕਤਾ ਦਾ ਹਿੱਸਾ ਨਹੀਂ ਸੀ। ਨੈਤਿਕਤਾ ਦਾ ਨਿਸ਼ਾਨ ਸਾਹਿਬ, ਪਹਿਲੀ ਵਾਰ ੧੮੫੭ ਦੀ ਵਿਸਾਖੀ ਵਾਲੇ ਦਿਨ ਭੈਣੀ ਸਾਹਿਬ ਵਿੱਚ ਗੱਡਿਆ ਗਿਆ ਸੀ। 'ਅੰਮ੍ਰਿਤ' ਦੇ ਅਰਥ ਹੀ ਉਸਦਾ ਅਮਲ ਸੀ। ਇਸ ਦਾ ਲਾ-ਮਿਸਾਲ ਪ੍ਰਗਟਾਵਾ ਉਦੋਂ ਹੋਇਆ ਸੀ ਜਦੋਂ ਅਮ੍ਰਿਤਸਰ ਦੇ ਬੁੱਚੜਾਂ ਨੂੰ ਕਤਲ ਕਰਨ ਵਾਲੇ ਨਾਮਧਾਰੀ ਸਿੰਘਾਂ ਨੇ ਅਦਾਲਤ ਵਿੱਚ ਪੇਸ਼ ਹੋ ਕੇ ਉਨ੍ਹਾਂ ਦੇ ਗਲੇ ਵਿਚੋਂ ਫੰਦਾ ਉਤਾਰ ਕੇ ਆਪਣੇ ਗਲੇ ਵਿੱਚ ਪਾ ਲਿਆ ਸੀ ਜਿਨ੍ਹਾਂ ਨਿਰਦੋਸ਼ਿਆਂ ਨੂੰ ਉਨ੍ਹਾਂ ਦੀ ਥਾਂ ਫਾਂਸੀ ਦਿੱਤੀ ਜਾਣੀ ਸੀ। ਇਹ ਨੈਤਿਕਤਾ ਦੀ ਬੁਲੰਦੀ ਵਾਸਤੇ ਦਿੱਤੀ ਗਈ ਸ਼ਹੀਦੀ ਸੀ ਅਤੇ ਇਹ ਕੇਵਲ ਨਾਮਧਾਰੀ ਹੀ ਕਰ ਸਕਦੇ ਸਨ। ਸੰਸਾਰ ਦਾ ਦਸਤੂਰ 'ਜਾਨ ਬਚੀ ਔਰ ਲਾਖੋਂ ਪਾਏ' ਹੈ।

ਇਸ ਤਰ੍ਹਾਂ ਨਾਮਧਾਰੀ ਨੈਤਿਕਤਾ ਦੀ ਭਾਵਨਾ ਨੂੰ ਕੇਵਲ ਮਹਿਸੂਸ ਹੀ ਕੀਤਾ ਜਾ ਸਕਦਾ ਹੈ। ਇਹ ਜ਼ਰੂਰੀ ਨਹੀਂ ਕਿ ਸੰਪਰਦਾਇ ਵਿੱਚ ਪ੍ਰਵੇਸ਼ ਕਰਨ ਵਾਲਾ ਹਰ ਇਨਸਾਨ ਨੈਤਿਕਤਾ ਦੀ ਇਸ ਨਾਮਧਾਰੀ ਭਾਵਨਾ ਨੂੰ ਠੀਕ ਤਰ੍ਹਾਂ ਗ੍ਰਹਿਣ ਕਰ ਰਿਹਾ ਹੋਵੇ। ਇਸ ਕਰਕੇ ਹੀ ਵਿਸ਼ੇਸ਼ ਵਿਅਕਤੀਆਂ ਦੇ ਵਿਸ਼ੇਸ਼ ਰੋਲ ਹੁੰਦੇ ਹਨ। ਰੋਲ ਪ੍ਰਭਾਵਸ਼ਾਲੀ ਜਾਂ ਪ੍ਰਭਾਵ ਰਹਿਤ ਹੁੰਦੇ ਹਨ। ਇਸੇ ਕਰਕੇ ਇਹ ਮਹਿਸੂਸ ਹੁੰਦਾ ਹੈ ਕਿ 'ਵਰਿਆਮ' ਵਾਸਤੇ ਜਗਦੀਸ਼ ਸਿੰਘ ਹੀ ਯੋਗ ਵਿਅਕਤੀ ਹਨ। ਸਮੇਂ ਦੇ ਪ੍ਰਸੰਗ ਵਿੱਚ ਉਨ੍ਹਾਂ ਨੇ ਪ੍ਰਭਾਵਸ਼ਾਲੀ ਭੂਮਿਕਾ ਨਿਭਾਈ ਹੈ ਅਤੇ ਮਾਨਵੀ ਕਦਰਾਂ ਦੀ ਉੱਚਤਾ ਬਣਾਈ ਰਖਦਿਆਂ ਪੰਜਾਬੀ ਸਹਿਤ, ਪੰਜਾਬੀ ਬੋਲੀ ਪਤਰਕਾਰਤਾ ਅਤੇ ਸਮੁੱਚੇ ਮਾਨਵੀ ਵਿਕਾਸ ਦੇ ਨਜ਼ਰੀਏ ਤੋਂ ਠੁੱਕਦਾਰ ਯੋਗਦਾਨ ਪਾਇਆ ਹੈ। ਇਹ ਸ਼ਾਇਦ ਉਨ੍ਹਾਂ ਨੇ ਆਪਣੇ ਸਤਿਗੁਰੂ, ਸਤਿਗੁਰੂ ਜਗਜੀਤ ਸਿੰਘ ਦੇ ਨਿਰਦੇਸ਼ਾਂ ਅਨੁਸਾਰ ਹੀ ਕੀਤਾ ਹੈ। 'ਵਰਿਆਮ' ਲਈ ਪ੍ਰਫੁਲਤਾ ਅਤੇ ਦ੍ਰਿੜਤਾ ਦੀ ਨਿਰੰਤਰਤਾ ਵਾਸਤੇ ਸ਼ੁੱਭ ਇਛਾਵਾਂ।


Namdhari Elibrary NamdhariElibrary@gmail.com

# ਬੇਅੰਤ ਰੋਜ਼ਨਾਮਚਾ

## ੨੦ ਅਗਸਤ ੧੯੯੩

—ਰਛਪਾਲ ਸਿੰਘ
ਹਜ਼ੂਰੀ ਸੇਵਕ

*ਸੰਤ ਰਛਪਾਲ ਸਿੰਘ ਜੀ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਨਿੱਜੀ ਸੇਵਕ ਹਨ। ਗੁਰੂ ਸੇਵਾ ਦੇ ਨਾਲ ਨਾਲ ਓਹ ਰੋਜ਼ਨਾਮਚਾ ਵੀ ਲਿਖਦੇ ਹਨ। ਭਾਰੀ ਰੁਝੇਵਿਆਂ ਵਿਚੋਂ ਸਮਾਂ ਕੱਢ ਕੇ ਸਾਡੀ ਬੇਨਤੀ ਤੇ ਸਤਿਗੁਰਾਂ ਦੇ 'ਇਕ ਦਿਨ' ਦੀ ਸਰਗਰਮੀ ਉਹਨਾਂ ਲਿਖ ਕੇ ਭੇਜਣ ਦੀ ਖੇਚਲ ਕੀਤੀ ਹੈ। ਜੇ ਇਹ ਲਿਖਤ ਪਹਿਲਾਂ ਮਿਲ ਜਾਂਦੀ ਤਾਂ ਸਾਰੀ ਹੀ ਪ੍ਰਕਾਸ਼ਤ ਹੋ ਜਾਣੀ ਸੀ। ਸਮੇਂ ਦੀ ਮਜਬੂਰੀ ਕਰਕੇ ਇਸਦਾ ਇਕ ਵਿਸ਼ੇਸ਼ ਭਾਗ ਜੋ ਸਤਿਗੁਰੂ ਜੀ ਅਤੇ ਉਸਤਾਦ ਵਲਾਇਤ ਖਾਂ ਸਾਹਿਬ ਦਾ ਬਚਨ ਬਿਲਾਸ ਹੈ ਉਹ ਸਾਨੂੰ ਕਿਸੇ ਅਗਲੇ ਅਵਸਰ ਵਾਸਤੇ ਸੁਰੱਖਿਅਤ ਕਰਨਾ ਪਿਆ ਹੈ। —ਸੰਪਾਦਕ*

ਅਮਰੀਕਾ ਦੀ ਨਾਰਥ ਕੈਰੋਲੀਨਾ ਸਟੇਟ 'ਚ ਗ੍ਰੀਨਜ਼ ਬੋਰੋ ਸ਼ਹਿਰ ਦੇ ਨੇੜੇ ਪੈਂਦੇ ਐਸ਼ਬੋਰੋ ਪਿੰਡ 'ਚ ਡਾ. ਪ੍ਰਿਥੀਪਾਲ ਸਿੰਘ ਹੰਸਪਾਲ ਦੇ ਘਰ ਬੀਤੀ ਰਾਤ ਡੇਰਾ ਕੀਤਾ ਸੀ। ਅੱਜ ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਪਾਣੀ ਕਰਕੇ ਨਾਮ ਸਿਮਰਨ 'ਚ ਲੀਨ ਹੋਏ। ਬੇਸਮੈਂਟ ਵਿਚ ਆਸਾ ਦੀ ਵਾਰ ਦੇ ਕੀਰਤਨ ਸਮੇਂ ਦਰਸ਼ਨ ਦਿੱਤੇ। ਆਸਾ ਦੀ ਵਾਰ ਦਾ ਕੀਰਤਨ ਹਜ਼ੂਰੀ ਰਾਗੀ ਹਰਬੰਸ ਸਿੰਘ, ਸ਼ੇਰ ਸਿੰਘ ਤੇ ਉਸਤਾਦ ਹਰਭਜਨ ਸਿੰਘ ਜੀ ਨੇ ਕੀਤਾ। ੬.੨੫ ਵਜੇ ਸਮਾਪਤੀ ਦੀ ਅਰਦਾਸ ਤੋਂ ਬਾਦ ਉਪਰ ਕਮਰੇ 'ਚ ਆ ਕੇ ਚੰਡੀ ਦੀ ਵਾਰ ਦਾ ਪਾਠ ਕੀਤਾ। ਸੂਰਜ ਦੀ ਟਿੱਕੀ ਨਿਕਲਣ ਦੇ ਨਾਲ ਹੀ ਠੀਕ ੬.੫੦ ਵਜੇ ਅਰਦਾਸ ਕੀਤੀ। ਕੁਝ ਸਮਾਂ ਏਥੇ ਹੀ ਡਾ. ਪ੍ਰਿਥੀਪਾਲ ਸਿੰਘ, ਉਸਤਾਦ ਹਰਭਜਨ ਸਿੰਘ, ਹਰਬੰਸ ਸਿੰਘ ਤੇ ਕੁਝ ਹੋਰ ਸਿੰਘਾਂ ਨਾਲ ਬਚਨ ਬਲਾਸ ਕਰਦੇ ਰਹੇ। ਏਸੇ ਵਕਤ ਹੀ ਸਿਰਸਾ ਵਿਖੇ ਲਖਬੀਰ ਸਿੰਘ ਦੇ ਘਰ...ਟੈਲੀਫੋਨ ਤੇ ਬਚਨ ਬਿਲਾਸ ਕੀਤੇ। ਕੁਝ ਸਮਾਂ ਆਰਾਮ ਕਰਕੇ, ਉਤੇ ਇਸ਼ਨਾਨ ਪਾਣੀ ਕਰਕੇ ਬਸਤਰ ਪਹਿਣ ਕੇ ਬਾਹਰ ਆ ਕੇ ਗਾਰਡਨ 'ਚ ਦਰਸ਼ਨ ਦਿੱਤੇ। ਫੇਰ ਕਾਰ 'ਚ ਬਰਾਜਮਾਨ ਹੋ ਕੇ ਠੀਕ ਸਾਢੇ ਅੱਠ ਵਜੇ ਏਥੋਂ ਚੱਲ ਕੇ ਏਸੇ ਪਿੰਡ 'ਚ ਡਾਕਟਰ ਸਾਹਿਬ ਦੇ ਭਰਾ ਸ. ਯਸ਼ਪਾਲ ਸਿੰਘ ਦੇ ਘਰ ਚਰਨ ਪਾਏ। ਪਰਿਵਾਰ ਨੇ ਭੇਟਾ ਸੁੱਕੇ ਮੇਵੇ ਰੱਖ ਕੇ ਨਮਸਕਾਰ ਕੀਤੀ। ਗਰੀਬ ਨਿਵਾਜ ਜੀ ਨੇ ਉਹਨਾਂ ਦੇ ਲੜਕੇ ਨੂੰ ਹੁਕਮ ਕੀਤਾ, ਤੂੰ ਇਕੱਲਾ ਹੀ ਲੜਕਾ ਹੈ? ਉਸ ਅਰਜ ਕੀਤੀ "ਹਾਂ ਜੀ" ਫੇਰ ਗਰੀਬ ਨਿਵਾਜ ਜੀ ਨੇ ਬੜੇ ਹੀ ਪਿਆਰ ਨਾਲ ਲੜਕੇ ਨੂੰ ਸਮਝਾਇਆ ਕਿ ਵੇਖ ਤੂੰ ਕਿਸ ਖਾਨਦਾਨ ਵਿਚੋਂ ਏਂ। ਹੁਣ ਮੇਰੀ ਗੱਲ ਮੰਨ ਕੇ ਅੱਜ ਤੋਂ ਦਾਹੜੀ ਕਟਣੀ ਬੰਦ ਕਰ ਦੇ। ਉਸ ਸਤਿਬਚਨ ਕਹਿ ਕੇ ਨਮਸਕਾਰ ਕੀਤੀ। ਏਥੋਂ ਚੱਲ ਕੇ ਸਿੱਧਾ ਗ੍ਰੀਨਜ਼ਬੋਰੋ ਏਅਰਪੋਰਟ ਪੁੱਜੇ। ਏਥੋਂ ਯੂ. ਐਸ ਏਅਰ ਦੇ ੩੬ ਸੀਟਾਂ ਵਾਲੇ ਜਹਾਜ਼ 'ਚ ਆਪਣੇ ਸੇਵਕਾਂ (ਸੁਰਿੰਦਰ ਸਿੰਘ ਮਨਚੰਦਾ, ਉਸਤਾਦ ਹਰਭਜਨ ਸਿੰਘ ਤੇ ਰਛਪਾਲ ਸਿੰਘ) ਨਾਲ ਬਰਾਜਮਾਨ ਹੋਏ। ਜਹਾਜ਼ ਨੇ ਠੀਕ ੧੦-੨੫ ਸਮੇਂ ਟੇਕ ਆਫ਼ ਕਰਕੇ ਵਾਸ਼ਿੰਗਟਨ ਡੀ. ਸੀ. ਵਿਖੇ ਇੰਟਰਨੈਸ਼ਨਲ ਏਅਰਪੋਰਟ ਤੇ ੧੧-੩੫ ਵਜੇ ਲੈਂਡ ਕੀਤਾ। ਏਅਰਪੋਰਟ ਤੇ ਸਵਾਗਤ ਲਈ ਬਾਲਟੀਮੋਰ ਨਿਵਾਸੀ ਸ. ਜਗਜੀਤ ਸਿੰਘ ਚਾਨਾ ਆਪਣੀਆਂ ਤਿੰਨੇ ਬੇਟੀਆਂ (ਗੁਰਸ਼ਰਨ ਕੌਰ, ਉਪਕਾਰ ਕੌਰ,



ਉਸਤਾਦ ਵਲਾਇਤ ਖਾਂ ਸਾਹਿਬ ਅਮਰੀਕਾ ਵਿਚ ਆਪਣੇ ਗ੍ਰਹਿ ਵਿਚ ਸਤਿਗੁਰੂ ਜੀ ਨੂੰ ਜੀ ਆਇਆਂ ਕਹਿੰਦੇ ਹੋਏ



Namdhari Elibrary NamdhariElibrary@gmail.com



ਗੁਰਪ੍ਰੀਤ ਕੌਰ) ਸਹਿਤ ਪੁੱਜੇ ਹੋਏ ਸਨ। ਸਭ ਨੇ ਚਰਨ ਪਰਸ ਕੇ ਸੁਆਗਤ ਕੀਤਾ। ਇਥੋਂ ਉਹਨਾਂ ਦੀ ਡਾਜ ਕੰਪਣੀ ਦੀ ਵੈਨ 'ਚ ਬਰਾਜਮਾਨ ਹੋ ਕੇ ਸਿੱਧਾ ਬਾਲਟੀਮੋਰ 'ਚ ਉਸਤਾਦ ਵਲਾਇਤ ਹੁਸੈਨ ਖਾਂ ਸਾਹਿਬ ਦੇ ਘਰ (West View Park, Catonsville, Meryland USA) ਦਰਸ਼ਨ ਦਿੱਤੇ। ਖਾਂ ਸਾਹਿਬ, ਘਰੋਂ ਬੀਬੀ ਜੀ ਤੇ ਬੇਟੇ ਹਦਾਇਤ ਨੇ ਨਮਸਕਾਰ ਕੀਤੀ ਤੇ ਖਾਂ ਸਾਹਿਬ ਨੇ ਗਰੀਬ ਨਿਵਾਜ਼ ਨੂੰ ਕੁਰਸੀ ਤੇ ਬੈਠਣ ਦੀ ਬੇਨਤੀ ਕੀਤੀ ਤੇ ਫੇਰ ਕਹਿਣ ਲੱਗੇ "ਮੇਰਾ ਘਰ ਪਵਿੱਤਰ ਹੁਆ ਆਪ ਕੇ ਚਰਨ ਪੜਨੇ ਸੇ। ਇਥੇ ਹੀ ਬੈਠਿਆਂ ਕਾਫੀ ਚਿਰ ਬਚਨ ਬਿਲਾਸ ਹੁੰਦੇ ਰਹੇ।

ਕੁਝ ਸਮੇਂ ਬਾਦ ਖਾਂ ਸਾਹਿਬ ਨੇ ਸੱਚੇ ਪਾਤਸ਼ਾਹ ਜੀ ਨੂੰ ਸਾਰੇ ਕਮਰਿਆਂ 'ਚ ਚਰਨ ਪਾਉਣ ਦੀ ਅਰਜ਼ ਕੀਤੀ। ਕਮਰਿਆਂ 'ਚ ਚਰਨ ਪਾ ਕੇ ਬੇਸਮੈਂਟ 'ਚ ਦਰਸ਼ਨ ਦਿੱਤੇ। ਖਾਂ ਸਾਹਿਬ ਨੇ ਦੱਸਿਆ "ਯਹਾਂ ਬੱਚੇ ਰਿਆਜ਼ ਕਰ ਲੇਤੇ ਹੈਂ" ਏਥੇ ਹੀ ਗਰੀਬ ਨਿਵਾਜ਼ ਜੀ ਦੇ ਨਾਲ ਖਾਂ ਸਾਹਿਬ ਦੀ ਜਾਨ ਪਹਿਚਾਣ ਕਰਵਾਈ। ਖਾਂ ਸਾਹਿਬ ਨੇ ਚਾਨਾ ਜੀ ਦਾ ਨਾਂ ਪੁੱਛਿਆ ਤੇ ਸੱਚੇ ਪਾਤਸ਼ਾਹ ਜੀ ਨੇ ਦੱਸਿਆ (ਜਗਜੀਤ ਸਿੰਘ) ਤਾਂ ਉਸੇ ਵਕਤ ਖਾਂ ਸਾਹਿਬ ਨੇ ਆਪਣਾ ਹੱਥ ਮੂੰਹ ਤੇ ਰੱਖ ਲਿਆ ਤੇ ਕਹਿਣ ਲੱਗੇ "ਮੈਂ ਨਹੀਂ ਪੀਰ ਕਾ ਨਾਮ ਉਸ ਕੇ ਸਾਹਮਣੇ ਲੇ ਸਕਤਾ... ਬਾਹਰ ਆ ਕੇ ਖਾਂ ਸਾਹਿਬ ਦੀ ਬੇਨਤੀ ਪਰਵਾਨ ਕਰਦਿਆਂ ਉਹਨਾਂ ਦੀ ਕਾਰ 'ਚ ਵੀ ਚਰਨ ਪਾਏ ਉਪਰੰਤ ਚਾਨਾ ਜੀ ਦੀ ਵੈਨ 'ਚ ਬਿਰਾਜਮਾਨ ਹੋਏ। ਏਥੇ ਹੀ ਖਾਂ ਸਾਹਿਬ ਦੇ ਬੇਟੇ ਹਿਦਾਇਤ ਨੂੰ ਪਿਆਰ ਬਖਸ਼ਿਸ਼ ਕੀਤਾ। ਕੋਲ ਹੀ ਪਿੱਛੇ ਖਾਂ ਸਾਹਿਬ ਖੜੇ ਸਨ। ਇਕਦਮ ਅੱਗੇ ਹੋ ਕੇ ਬੜੇ ਹੀ ਪਿਆਰ ਭਰੇ ਲਹਿਜੇ ਨਾਲ ਕਹਿਣ ਲੱਗੇ, "ਮੈਂ ਕਿਆ ਬੂਡੀ ਹੋ ਗਈ ਹੂੰ" ਉਸੇ ਵਕਤ ਗਰੀਬ ਨਿਵਾਜ਼ ਜੀ ਨੇ ਖਾਂ ਸਾਹਿਬ ਨੂੰ ਆਪਣੇ ਕਰ ਕੰਵਲ ਨਾਲ ਠੋਡੀ ਤੇ ਪਿਆਰ ਬਖਸ਼ਿਸ਼ ਕੀਤਾ। ਖਾਂ ਸਾਹਿਬ ਬੜੀ ਹੀ ਪ੍ਰਸੰਨ ਮੁਦਰਾ 'ਚ ਸਨ। ਇਹ ਕਹਿਣ ਕਥਨ ਤੋਂ ਬਾਹਰ ਦੀ ਗੱਲ ਹੈ।

ਏਥੋਂ ਚੱਲ ਕੇ ਨੇੜੇ ਹੀ ਚਾਨਾ ਜੀ ਦੇ ਘਰ 4090 Sharp Road, Glenely Meryland-21737 ਦਰਸ਼ਨ ਦਿੱਤੇ। ਕੁਝ ਸਮਾਂ ਆਰਾਮ ਕਰਕੇ ਫੇਰ ਜਲ ਪਾਣੀ ਛੱਕਿਆ। ਇਥੇ ਹੀ ਪਰਿਵਾਰ ਨੇ ਆ ਕੇ ਨਮਸਕਾਰ ਕੀਤੀ। ਹੋਰ ਵੀ ਕੁਝ ਸਰੀਰ ਪੁੱਜੇ ਹੋਏ ਸਨ। ਸਭ ਨੇ ਖੁਸ਼ੀਆਂ ਲਈਆਂ। ਗਰੀਬ ਨਿਵਾਜ ਜੀ ਨੇ ਪਰਿਵਾਰ ਨੂੰ ਗੁਰਸਿਖੀ ਜੀਵਨ ਜੀਊਣ, ਭਜਨ ਬਾਣੀ ਕਰਨ ਦਾ ਉਪਦੇਸ਼ ਦਿੱਤਾ। ਨਾਲ ਹੀ ਹੁਕਮ ਕੀਤਾ ਕਿ ਆਦਿ ਗ੍ਰੰਥ ਸਾਹਿਬ ਦਾ ਪ੍ਰਕਾਸ਼ ਪਾਠ ਕਰਨ ਵੇਲੇ ਹੀ ਕਰਿਆ ਕਰੋ। ਪਾਠ ਕਰਨ ਤੋਂ ਬਾਦ ਸੰਤੋਖ ਕੇ ਅਦਬ ਨਾਲ ਅਲਮਾਰੀ ਵਿਚ ਰੱਖਿਆ ਕਰੋ।

ਠੀਕ ੫.੩੦ ਵਜੇ ਏਥੋਂ ਏਅਰਪੋਰਟ ਜਾਣ ਲਈ ਰਵਾਨਾ ਹੋਏ। ਥੋੜ੍ਹਾ ਲੇਟ ਪੁੱਜੇ। ਪਤਾ ਲੱਗਾ ਕਿ ਜਿਸ ਜਹਾਜ਼ (Delta) ਤੇ ਜਾਣਾ ਸੀ, ਉਹ ਜਾ ਚੁੱਕਾ ਸੀ। ਸੁਰਿੰਦਰ ਸਿੰਘ ਮਨਚੰਦਾ ਨੇ ਅਮੇਰੀਕਨ ਏਅਰ ਲਾਈਨ (ਈਗਲ) ਤੇ ਜਾਣ ਦਾ ਪ੍ਰਬੰਧ ਕੀਤਾ। ਜਹਾਜ਼ ਠੀਕ ੬-੫੦ ਤੇ ਉਡਿਆ ਤੇ ਸਵਾ ਘੰਟੇ ਬਾਦ ਨਿਊਯਾਰਕ ਦੇ ਜੇ. ਐਫ. ਕੇ ਇੰਟਰਨੈਸ਼ਨਲ ਏਅਰਪੋਰਟ ਤੇ ਉਤਰਿਆ। ਬਾਹਰ ਆਏ ਤਾਂ ਸੁਆਗਤ ਲਈ ਸੰਗਤਾਂ ਪੁੱਜੀਆਂ ਹੋਈਆਂ ਸਨ।

ਬਲਦੇਵ ਸਿੰਘ, ਸ਼ੇਰ ਸਿੰਘ, ਭੁਪਿੰਦਰ ਸਿੰਘ, ਪ੍ਰਿਥੀਪਾਲ ਸਿੰਘ ਨਾਗੀ ਦੇ ਬੱਚਿਆਂ ਸਹਿਤ ਸਭ ਨੇ ਨਮਸਕਾਰ ਕੀਤੀ। ਇਥੋਂ ਸ਼ੇਰ ਸਿੰਘ ਦੀ ਕਾਰ 'ਚ ਬਰਾਜਮਾਨ ਹੋ ਕੇ ਸਿੱਧਾ ਸ਼ੇਰ ਸਿੰਘ ਦੇ ਘਰ ਠੀਕ ੧੦ ਵਜੇ ਪੁੱਜੇ। ਅੰਦਰ ਆਏ, ਘਰੋਂ ਬੀਬੀ ਚਰਨ ਕੌਰ ਨੇ ਨਮਸਕਾਰ ਕੀਤੀ। ਕਮਰੇ 'ਚ ਆ ਕੇ ਇਸ਼ਨਾਨ ਪਾਣੀ ਕਰਕੇ ਪਰਸ਼ਾਦਾ ਛੱਕਿਆ ਤੇ ਰਾਤ ਸਵਾ ਗਿਆਰਾਂ ਵਜੇ ਬਿਰਾਜੇ।


Namdhari Elibrary NamdhariElibrary@gmail.com



ਉਸਤਾਦ ਵਿਲਾਇਤ ਖਾਂ    ਸ੍ਰੀ ਸਤਿਗੁਰੂ ਜੀ    ਉਸਤਾਦ. ਹਰਭਜਨ ਸਿੰਘ

ਯਾਦਗਾਰੀ ਪਲ

# ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ੯੧ਵੇਂ ਪ੍ਰਕਾਸ਼ ਦਿਵਸ ਦੀਆਂ ਲੱਖ-ਲੱਖ ਵਧਾਈਆਂ

# ਉਸਤਾਦ ਹਰਭਜਨ ਸਿੰਘ
## ਦਿੱਲੀ, ਯੂ.ਕੇ



Namdhari Elibrary    NamdhariElibrary@gmail.com

"ਗਹਿਰ ਗੰਭੀਰਾ ਗੁਣੀ ਗਹੀਰਾ ਕੋਇ ਨ ਜਾਣੈ ਤੇਰਾ ਕੇਤਾ ਕੇਵਡ ਚੀਰਾ"

ਪਰਮ ਪੂਜ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪ੍ਰਕਾਸ਼ ਪੁਰਬ ਤੇ ਸਾਰੇ ਸੰਸਾਰ ਨੂੰ

# ਲੱਖ-ਲੱਖ ਵਧਾਈ



## ਨੀਲ ਕੰਠ ਰਾਈਸ ਮਿਲ

ਮਾਨਸਾ (94170-88845)

## ਕੂਕਾ ਰਾਈਸ ਮਿਲ

ਮਾਨਸਾ (94175-58650)

## ਆਰ.ਜੀ. ਇੰਡਸਟ੍ਰੀਜ਼

ਫਫੜੇ ਭਾਈਕੇ (ਮਾਨਸਾ) (94170-88845)



ਦਾਸ ਗੁਰਮੁਖ ਸਿੰਘ ਸ਼ਾਹ

ਮਾਨਸਾ (98761-83188)



Namdhari Elibrary NamdhariElibrary@gmail.com





ਸੱਚੇ ਪਾਤਸ਼ਾਹ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

ਦੇ ਆਗਮਨ ਪੁਰਬ ਦੀਆਂ

ਹਾਰਦਿਕ ਵਧਾਈਆਂ



ਸ. ਹਰਵਿੰਦਰ ਸਿੰਘ
ਪਾਰਟਨਰ

ਸਵ. ਸੰਤ ਕਰਤਾਰ ਸਿੰਘ
ਫਾਊਂਡਰ

# FREE INDIA GUN MANUFACTURERS

**High Class Gun Manufacturers**
**Single & Double Barrels**
**12-Bore Guns**

6-Industrial Estate, Ashok Nagar, Jammu Cantt-3, Ph. : 2433810

**SISTER CONCERN : M/S KARTAR SINGH**
**ARMS & AMMUNITION DEALERS**



Namdhari Elibrary NamdhariElibrary@gmail.com

## ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ
## ੯੧ਵੇਂ ਪ੍ਰਕਾਸ਼ ਦਿਵਸ ਅਤੇ
## ਵਰਿਆਮ ਦੇ ੩੯ਵੇਂ ਸਾਲ ਵਿਚ
## ਪ੍ਰਵੇਸ਼ ਅਵਸਰ ਦੀਆਂ
# ਲੱਖ-ਲੱਖ ਵਧਾਈਆਂ



ਸ. ਸਾਧੂ ਸਿੰਘ ਕਿਸਾਨ



ਸ. ਬਲੀ ਸਿੰਘ ਗੁਰਾਇਆ



**ਗੁਰਭੇਜ ਸਿੰਘ ਗੁਰਾਇਆ**
ਸੀਨੀਅਰ ਪਬਲਿਕ ਪ੍ਰੋਸੀਕਿਊਟਰ
ਦਿੱਲੀ ਸਰਕਾਰ


Namdhari Elibrary NamdhariElibrary@gmail.com

# ਨਾਮਧਾਰੀ ਸੰਸਾਰ : ਯਾਦਾਂ ਦੇ ਪਰਛਾਂਵੇਂ

*—ਗੁਰਭਜਨ ਸਿੰਘ ਗਿੱਲ*
*ਪ੍ਰਧਾਨ*
*ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ*



ਮੈਂ ਬਹੁਤ ਨਿੱਕਾ ਜਿਹਾ ਸੀ ਜਦ ਮੇਰੇ ਤਾਇਆ ਜੀ ਦੇ ਘਰ ਹਰ ਵਰ੍ਹੇ ਕਣਕਾਂ ਦੀ ਵਾਢੀ ਮਗਰੋਂ ਇਕ ਘੋੜੀ ਵਾਲਾ ਬਾਬਾ ਆਉਂਦਾ। ਨਾਮਧਾਰੀ ਤਰਜ਼ ਦੀ ਦਸਤਾਰ ਵਾਲਾ। ਉਹ ਲਗਭਗ ਹਫ਼ਤਾ ਦੋ ਹਫ਼ਤੇ ਸਾਡੇ ਤਾਏ ਦੇ ਪੁੱਤਰ ਸ. ਗੁਰਦਿਆਲ ਸਿੰਘ ਦੇ ਘਰ ਰਹਿੰਦਾ ਅਤੇ ਸਵੇਰ ਸਾਰ ਕਿਸੇ ਨਾ ਕਿਸੇ ਪਿੰਡ ਕਣਕ ਦੀ ਉਗਰਾਹੀ ਲਈ ਜਾਂਦਾ। ਸਾਰੀ ਇਕੱਠੀ ਕਣਕ ਸੰਗਤਾਂ ਵਲੋਂ ਭੈਣੀ ਸਾਹਿਬ ਦੇ ਲੰਗਰ ਵਾਸਤੇ ਸ਼ੁਕਰਾਨੇ ਵਜੋਂ ਭੇਟ ਕੀਤੀ ਜਾਂਦੀ ਸੀ, ਦਾਨ ਨਹੀਂ। ਨਾਮਧਾਰੀ ਸੰਸਾਰ ਨਾਲ ਇਹ ਮੇਰੀ ਪਹਿਲੀ ਵਾਕਫ਼ੀਅਤ ਸੀ। ਘੋੜੀ ਵਾਲਾ ਬਾਬਾ ਬੜਾ ਸਹਿਜ ਭਾਵੀ, ਭਰਿਆ ਭਕੁੰਨਾ, ਸਹਿਜ ਸੰਤੋਖੀ ਚਿਹਰਾ। ਨਾਮਧਾਰੀ ਸੰਸਾਰ ਨਾਲ ਮੇਰੀ ਦੂਸਰੀ ਮੁਲਾਕਾਤ ਮੇਰੇ ਸਹਿਪਾਠੀ ਸਤਨਾਮ ਸਿੰਘ ਕਾਰਨ ਹੋਈ। ਮੰਮਣ ਪਿੰਡ ਦੇ ਕਿਰਤੀ ਪਰਿਵਾਰ ਵਿਚੋਂ ਉੱਠਿਆ ਇਹ ਨੌਜੁਆਨ ਮੈਨੂੰ ਅੱਜ ਤੀਕ ਦੁਬਾਰਾ ਕਦੇ ਨਹੀਂ ਮਿਲਿਆ ਪਰ ਜਿੰਨੀ ਲਗਨ, ਮਿਹਨਤ ਅਤੇ ਸਮਰਪਿਤ ਭਾਵਨਾ ਨਾਲ ਉਹ ਹਰ ਕਾਰਜ ਨੂੰ ਨੇਪਰੇ ਚਾੜਦਾ ਉਹ ਅੱਜ ਵੀ ਮੇਰੀ ਰੂਹ ਨੂੰ ਠਾਰ ਜਾਂਦਾ ਹੈ। ਸਤਨਾਮ ਸਾਡਾ ਮੁਨੀਟਰ ਸੀ, ਕਦੇ ਗੁੱਸੇ ਵਿਚ ਨਾ ਆਉਂਦਾ ਹਰ ਗੱਲ ਹੱਸ ਕੇ ਸਮਝਾਉਂਦਾ ਅਤੇ ਸਾਰੀ ਜਮਾਤ ਨੂੰ ਆਪਣੇ ਨਾਮਧਾਰੀ ਹੋਣ ਦਾ ਅਹਿਸਾਸ ਕਰਵਾਉਂਦਾ। ਸੱਚੀ ਗੱਲ ਤਾਂ ਇਹ ਹੈ ਕਿ ਉਦੋਂ ਮੈਨੂੰ ਇਹ ਵੀ ਨਹੀਂ ਸੀ ਪਤਾ ਕਿ ਨਾਮਧਾਰੀਏ ਕੌਣ ਹੁੰਦੇ ਨੇ, ਕਿਥੇ ਰਹਿੰਦੇ ਨੇ। ਆਮ ਵਿਕਤੀਆਂ ਨਾਲੋਂ ਵਧੇਰੇ ਅਨੁਸ਼ਾਸ਼ਨਬੱਧ ਇਨ੍ਹਾਂ ਲੋਕਾਂ ਬਾਰੇ ਜਾਨਣ ਦੀ ਉਤਸੁਕਤਾ ਬਾਰੇ ਹੀ ਸੀ ਕਿ ਜਦ ਮੈਂ ਉਚੇਰੀ ਪੜ੍ਹਾਈ ਲਈ ੧੯੭੧ ਵਿਚ ਲੁਧਿਆਣੇ ਆਇਆ ਤਾਂ ਇਥੇ ਆਉਣ ਸਾਰ ਭੈਣੀ ਸਾਹਿਬ ਦਾ ਜ਼ਿਕਰ ਤੁਰਦਿਆਂ ਇਕ ਸਵੇਰ ਸਾਈਕਲਾਂ ਤੇ ਹੀ ਭੈਣੀ ਸਾਹਿਬ ਦੀ ਧਰਤੀ ਨੂੰ ਨਮਸਕਾਰਨ ਤੁਰ ਪਿਆ।

ਰੁਜ਼ਗਾਰ ਕਾਰਨ ੧੯੭੬ ਵਿਚ ਮੈਂ ਗੁਰੂ ਨਾਨਕ ਨੈਸ਼ਨਲ ਕਾਲਜ ਦੋਰਾਹਾ ਵਿਖੇ ਪੁੱਜਾ ਤਾਂ ਇਥੇ ਪੜ੍ਹਦੇ ਨਾਮਧਾਰੀ ਵਿਦਿਆਰਥੀਆਂ ਨੇ ਮੈਨੂੰ ਹੋਰ ਵੀ ਪ੍ਰਭਾਵਿਤ ਕੀਤਾ। ਨਾਮਧਾਰੀ ਬੱਚਿਆਂ ਦਾ ਸੰਗੀਤ ਅਤੇ ਖੇਡਾਂ ਵਲ ਸਮਰਪਣ ਹੋਰ ਵੀ ਅਪੀਲ ਕਰਨ ਵਾਲਾ ਸੀ। ਇਹ ਸਾਰਾ ਕੁਝ ਰੂਹ ਤੇ ਤਾਂ ਅਸਰ ਪਾਉਂਦਾ ਰਿਹਾ ਪਰ ਨਾਮਧਾਰੀ ਢਾਂਚੇ ਅਤੇ ਸੰਗਠਨ ਨਾਲ ਮੇਰਾ ਕੋਈ ਸੰਪਰਕ ਨਹੀਂ ਹੋਇਆ। ਮੇਰੇ ਲਈ ਇਕੋ ਇਕ ਖਿੜਕੀ ਨਾਮਧਾਰੀ ਜਗਦੀਸ਼ ਸਿੰਘ ਜਲੰਧਰ ਵਲੋਂ ਪ੍ਰਕਾਸ਼ਤ ਹੁੰਦਾ ਮੈਗਜ਼ੀਨ 'ਵਰਿਆਮ' ਸੀ ਜਿਸ ਵਿਚ ਮੇਰੀਆਂ ਲਿਖਤਾਂ ਅਕਸਰ ਛਪਦੀਆਂ। ਇਨ੍ਹਾਂ ਲਿਖਤਾਂ ਸਹਾਰੇ ਹੀ ਮੇਰੀ ਸਾਂਝ ਸ. ਪ੍ਰੀਤਮ ਸਿੰਘ ਕਵੀ ਜੀ ਨਾਲ ਹੋਈ ਜਿਨ੍ਹਾਂ ਨੇ ਨਵਾਂ ਜ਼ਮਾਨਾ ਅਖ਼ਬਾਰ ਦੇ ਬਾਹਰ ਖਲੋ ਕੇ ਆਪਣੇ ਕੈਮਰੇ ਨਾਲ ਮੇਰੀ ਜ਼ਿੰਦਗੀ ਦਾ ਪਹਿਲਾ ਰੰਗੀਨ ਚਿੱਤਰ ਖਿੱਚਿਆ। ਮਗਰੋਂ ਪਤਾ ਲੱਗਾ ਕਿ ਸ. ਪ੍ਰੀਤਮ ਸਿੰਘ ਕਵੀ ਨਾਮਧਾਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਹਿਪਾਠੀ ਅਤੇ ਬਾਲ ਸਖਾਈ ਮਿੱਤਰ ਹਨ। ਬੀਤੇ ਦੀਆਂ ਪੈੜਾਂ ਵਿਚ ਪ੍ਰਾਪਤ ਜਾਣਕਾਰੀ ਨੇ ਮੈਨੂੰ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਉਨ੍ਹਾਂ ਦੇ ਪੁਰਬਲੇ ਮਹਾਂਪੁਰਖਾਂ ਬਾਰੇ ਜਾਨਣ ਦੀ ਉਤਸੁਕਤਾ ਵਧਾਈ। ੧੯੮੩ ਵਿਚ ਜਦ ਮੈਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਕਾਰਜ ਖੇਤਰ ਦਾ ਹਿੱਸਾ ਸੀ। ਆਪਣੇ ਸੀਨੀਅਰ ਅਧਿਆਪਕਾਂ ਡਾ. ਰਣਜੀਤ ਸਿੰਘ ਅਤੇ ਡਾ. ਗੁਰਦੇਵ ਸਿੰਘ ਮੋਮੀ ਦੇ ਸੰਗ ਸਾਥ ਕਈ ਵਾਰ ਭੈਣੀ ਸਾਹਿਬ ਜਾਣ ਦਾ ਸੁਭਾਗ ਹੋਇਆ ਪਰ ਲੰਗਰ ਦੇ ਪਰਸ਼ਾਦੇ ਤੋਂ ਗੱਲ ਅੱਗੇ ਨਾ ਵਧੀ।

ਇਕ ਵਾਰ ਭੈਣੀ ਸਾਹਿਬ ਦੀ ਗਊ ਸ਼ਾਲਾ ਵੇਖਣ ਦਾ ਸਬੱਬ ਬਣਿਆ ਤਾਂ ਦੰਗ ਰਹਿ ਗਿਆ ਕਿ ਵੱਛੇ ਵੱਛੀਆਂ ਦਾ ਨਾਮ ਪੁਕਾਰਨ ਤੇ ਉਨ੍ਹਾਂ ਦੀਆਂ ਮਾਵਾਂ ਇੰਝ ਟਹਿਲਦੀਆਂ ਆਉਂਦੀਆਂ ਹਨ ਜਿਵੇਂ ਪੰਜਾਬੀ ਭਾਸ਼ਾ ਤੋਂ ਸਾਡੇ ਨਾਲੋਂ ਵੀ ਵਧੇਰੇ ਵਾਕਿਫ ਹੋਣ। ਆਗਿਆਕਾਰ ਪਸ਼ੂ, ਸਚਮੁਚ ਗਊਆਂ। ਉਸ ਬਜ਼ੁਰਗ ਬਾਪੂ ਦਾ ਨਾਮ ਤਾਂ ਵਿੱਸਰ ਗਿਆ ਪਰ ਗੱਲਾਂ ਚੇਤੇ ਨੇ। ਬਾਪੂ ਨੇ ਦੱਸਿਆ ਕਿ ਸਤਿਗੁਰੂ ਜਗਜੀਤ ਸਿੰਘ ਜੀ ਦੇ ਪੁਰਖਿਆਂ ਵੇਲੇ ਤੋਂ ਹੀ ਗਊਸ਼ਾਲਾ ਦਾ ਇਹੀ ਨਿਜ਼ਾਮ ਚੱਲਦਾ ਆ ਰਿਹਾ ਹੈ। ਗੋਪਾਲ ਰਤਨ ਦੀ ਉਪਾਧੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਹਾਸਿਲ ਹੋ ਚੁੱਕੀ ਹੈ।

ਮੇਰੇ ਮਿਹਰਬਾਨ ਸੱਜਣ ਲਿਖਾਰੀ ਅਤੇ ਪੰਜਾਬ ਬੁੱਕ ਸੈਂਟਰ ਦੇ ਲੁਧਿਆਣਾ ਕੇਂਦਰ ਵਿਚ ਲੰਮਾ ਸਮਾਂ ਪ੍ਰਬੰਧਕ ਰਹੇ ਸੁਰਜੀਤ ਖੁਰਸ਼ੀਦੀ ਨੇ ਜਦ ਭੈਣੀ ਸਾਹਿਬ ਡੇਰਾ ਲਾਇਆ ਤਾਂ ਉਨ੍ਹਾਂ ਰਾਹੀਂ ਲੁਧਿਆਣੇ ਦੇ ਬਹੁਤੇ ਲਿਖਾਰੀਆਂ ਨੂੰ ਅਕਸਰ ਭੈਣੀ ਸਾਹਿਬ ਜਾਣ ਦਾ ਮੌਕਾ ਮਿਲਣ ਲੱਗਾ। ਖੁਰਸ਼ੀਦੀ ਜੀ ਤੋਂ ਪਹਿਲਾਂ ਵੀ ਨਾਮਧਾਰੀ ਦਰਬਾਰ ਅਤੇ ਪੰਜਾਬੀ ਲੇਖਕਾਂ ਦਾ ਮੇਲ ਜਗ ਜਾਹਰ ਸੀ। ਸ. ਗੁਰਬਖਸ਼ ਸਿੰਘ ਪ੍ਰੀਤਲੜੀ, ਸੰਤੋਖ ਸਿੰਘ ਧੀਰ, ਪ੍ਰੋ. ਮੋਹਨ ਸਿੰਘ, ਸੰਤ ਸਿੰਘ ਸੇਖੋਂ, ਜਗਜੀਤ ਸਿੰਘ ਆਨੰਦ ਅਤੇ ਅਨੇਕਾਂ ਹੋਰ ਲਿਖਾਰੀ ਨਾਮਧਾਰੀ ਦਰਬਾਰ ਨਾਲ ਸੰਪਰਕ ਰੱਖਦੇ। ਮੈਨੂੰ ਕਈ



Namdhari Elibrary NamdhariElibrary@gmail.com

ਵਾਰ ਅਜੀਬ ਲੱਗਦਾ ਕਿ ਆਸਥਾ ਦੇ ਸਮੁੰਦਰ ਨਾਲ ਨਾਸਤਕਤਾ ਦੀ ਇਹ ਅਜੀਬ ਰਿਸ਼ਤੇਦਾਰੀ ਕਿਵੇਂ ਨਿਭ ਰਹੀ ਹੈ? ਹਰ ਲਿਖਾਰੀ ਦੇ ਦੁੱਖ ਦਰਦ ਅਤੇ ਤਕਲੀਫ ਵੇਲੇ ਸਤਿਗੁਰੂ ਜਗਜੀਤ ਸਿੰਘ ਬਹੁੜਦੇ ਵੇਖੇ ਹਨ। ਸਨਮਾਨਦੇ ਵੇਖੇ ਹਨ। ਪ੍ਰੋ. ਪ੍ਰੀਤਮ ਸਿੰਘ ਪਟਿਆਲਾ ਅਤੇ ਪ੍ਰੋ. ਕਿਰਪਾਲ ਸਿੰਘ ਕਸੇਲ ਤੋਂ ਇਲਾਵਾ ਡਾ. ਰਤਨ ਸਿੰਘ ਜੱਗੀ ਦਾ ਆਦਰ ਮਾਣ ਹੁੰਦਾ ਇਨ੍ਹਾਂ ਅੱਖਾਂ ਨੇ ਖੁਦ ਵੇਖਿਆ ਹੈ। ਇਥੇ ਹੀ ਕਹਾਣੀਕਾਰ ਸੁਖਜੀਤ ਦੀ ਸਰਪੰਚੀ ਪ੍ਰਵਾਨ ਚੜ੍ਹੀ ਅਤੇ ਮੇਰੇ ਹਮਉਮਰਾਂ ਦੀ ਆਮਦੋ ਰਫ਼ਤ ਵੀ ਪਹਿਲਾਂ ਨਾਲੋਂ ਕਿਤੇ ਵਧ ਗਈ। ਚੋਟੀ ਦੇ ਕਵੀ ਦਰਬਾਰ ਅਤੇ ਵਿਚਾਰ ਵਟਾਂਦਰੇ ਵਾਲੀਆਂ ਗਹਿਰ ਗੰਭੀਰੀਆਂ ਗੋਸ਼ਟੀਆਂ ਲਈ ਭੈਣੀ ਸਾਹਿਬ ਸਾਡੇ ਲਈ ਠਾਹਰ ਬਣ ਗਈ। ਇਥੇ ਸੰਤ ਹਰਪਾਲ ਸਿੰਘ ਸੇਵਕ ਅਤੇ ਹੋਰ ਸੱਜਣ ਪਿਆਰਿਆਂ ਨਾਲ ਮੁਹੱਬਤ ਦੀਆਂ ਪੀਡੀਆਂ ਗੰਢਾਂ ਦਾ ਵਿਕਾਸ ਹੋਇਆ ਹੈ। ਸੰਤ ਜਗਤਾਰ ਸਿੰਘ ਜੀ ਦੀ ਮੁਹੱਬਤ ਅਤੇ ਬਾਰੀਕ ਬੀਨ ਅੱਖ ਵਿਚੋਂ ਵੀ ਖੁਦ ਨੂੰ ਨਿਕਲਦਿਆਂ ਵੇਖਿਆ ਹੈ।

ਇਨ੍ਹਾਂ ਵਕਤਾਂ ਦੌਰਾਨ ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਦ੍ਰਿਸ਼ਟੀ ਦਾ ਅਹਿਸਾਸ ਹੁੰਦਾ ਰਿਹਾ। ਨਤਮਸਤਕ ਹੋਣ ਵੇਲੇ ਨਜ਼ਰ ਜਦ ਉੱਠਦੀ ਤਾਂ ਸਤਿਗੁਰੂ ਜਗਜੀਤ ਸਿੰਘ ਜੀ ਦੀ ਅਪਾਰ ਬਖਸ਼ਿਸ਼ ਦੀ ਨਜ਼ਰ ਨਾਲ ਰੂਹ ਠਰ ਜਾਂਦੀ। ਬਿਨ ਥੰਮਾਂ ਗਗਨ ਰਹਾਇਆ ਵਰਗੇ ਹਾਲ ਵਿਚ ਜਦ ਚਿੱਟੇ ਵਸਤਰਾਂ ਵਾਲੇ ਸਮੁੰਦਰ ਵਿਚੋਂ ਮੇਰੇ ਵਰਗਾ ਕੋਈ ਰੰਗ ਬਰੰਗਾ ਵਿਅਕਤੀ ਸੰਬੋਧਨ ਕਰਦਾ ਤਾਂ ਸਤਿਗੁਰੂ ਉਸਨੂੰ ਵੀ ਗਹੁ ਨਾਲ ਸੁਣਦੇ ਅਤੇ ਆਪਣੇ ਪਿਆਰ ਦੁਲਾਰ ਦਾ ਭਾਗੀ ਬਣਾਉਂਦੇ। ਮੈਂ ਉਨ੍ਹਾਂ ਕੁਝ ਇਕ ਚੋਣਵੇਂ ਖੁਸ਼ਕਿਸਮਤ ਵਿਅਕਤੀਆਂ ਵਿਚ ਖੁਦ ਨੂੰ ਗਿਣ ਸਕਦਾ ਹਾਂ ਜਿਨ੍ਹਾਂ ਤੇ ਇਸ ਰਹਿਮਤ ਦਾ ਮੀਂਹ ਵਰ੍ਹਿਆ ਹੈ। ਸਤਿਗੁਰੂ ਪ੍ਰਤਾਪ ਸਿੰਘ ਅਪੋਲੋ ਹਸਪਤਾਲ ਲੁਧਿਆਣਾ ਦੇ ਉਦਘਾਟਨੀ ਸਮਾਗਮ ਮੌਕੇ ਜਦ ਉਸਤਾਦ ਅਮਜਦ ਅਲੀ ਖਾਨ ਸਾਹਿਬ ਦੇ ਦੋਹਾਂ ਪੁੱਤਰ ਤੋਂ ਇਲਾਵਾ ਸੁਖਵਿੰਦਰ ਸਿੰਘ ਪਿੰਕੀ ਅਤੇ ਸ਼ਿਵ ਮਣੀ ਦਾ ਵਾਦਨ ਸੁਣਿਆ ਤਾਂ ਮਾਹੌਲ ਸੰਗੀਤ ਦੀ ਸਿਖ਼ਰ ਤੇ ਪਹੁੰਚਿਆ ਹੋਇਆ ਸੀ। ਸਤਿਗੁਰੂ ਜਗਜੀਤ ਸਿੰਘ ਤਾਂ ਇਸ ਮੌਕੇ ਹਾਜ਼ਰ ਸਨ। ਉਹ ਅਜਿਹੇ ਮੌਕਿਆਂ ਤੇ ਬੰਦਸ਼ਾਂ ਦੀ ਨਿਗ੍ਹਾਬਾਨੀ ਕਰਦੇ ਮੈਂ ਖੁਦ ਭੈਣੀ ਸਾਹਿਬ ਵਿਖੇ ਬਹੁਤ ਵਾਰ ਵੇਖੇ ਸਨ। ਇਸ ਮੌਕੇ ਮੈਂ ਕੁਝ ਸਤਰਾਂ ਕਵਿਤਾ ਵਰਗੀਆਂ ਮੌਕੇ ਤੇ ਹੀ ਲਿਖੀਆਂ ਜੋ ਸੰਤ ਦਲੀਪ ਸਿੰਘ ਨਾਮਧਾਰੀ ਅਤੇ ਸੰਤ ਅਜੀਤ ਸਿੰਘ ਲਾਇਲ ਨੂੰ ਸੌਂਪ ਦਿੱਤੀਆਂ। ਉਨ੍ਹਾਂ ਉਸੇ ਵੇਲੇ ਮੰਚ ਤੋਂ ਪੜ੍ਹ ਸੁਣਾਈਆਂ। ਉਹ ਕਵਿਤਾ ਗੁਆਚ ਗਈ ਸੀ ਹੁਣ ਸੰਤ ਜਗਦੀਸ਼ ਸਿੰਘ ਨਾਮਧਾਰੀ ਨੇ ਲੱਭ ਦਿੱਤੀ ਹੈ। ਤੁਸੀਂ ਵੀ ਉਸ ਨਾਲ ਸਾਂਝ ਪਾਓ।

ਇਹ ਕੇਹੀ ਹੋਲੀ ਹੈ
ਰੂਹਾਂ ਤੇ ਛਿੜਕੀ ਜਾ ਰਹੀ ਏ
ਕੋਮਲ ਤਰਬਾਂ ਦੀ ਫੁਹਾਰ
ਵਿਸਮਾਦ ਵਿਚ ਗੜੂਚ ਹੈ
ਤਨ ਤੇ ਮਨ
ਨੀਲੇ ਅੰਬਰ ਦੇ ਚੰਦੋਏ ਹੇਠਾਂ
ਸੰਗੀਤ ਦੇ ਲਹਿਰੀਏ ਨੇ
ਸਰਸ਼ਾਰ ਕੀਤਾ ਹੈ ਬੇਚੈਨ ਮਨ
ਇਸ ਬੰਜਰ ਧਰਤੀ ਤੇ
ਕਿਸਨੇ ਕੀਤੀ ਹੈ ਮਿਹਰ
ਧੰਨ ਤੇਰਾ ਦਰਬਾਰ
ਸੁਰ ਸ਼ਹਿਜ਼ਾਦਿਆਂ ਦੇ
ਮਿਹਰਬਾਨ ਦਾਤਾਰ!
ਕਰੀਂ ਮਿਹਰ ਇਹੋ ਜਿਹੀ
ਬਾਰ ਬਾਰ

ਕੁਝ ਮੌਕਿਆਂ ਤੇ ਹੋਏ ਬਚਨ ਬਿਲਾਸ ਟੁੱਟਵੇਂ ਰੂਪ ਵਿਚ ਇਕੱਠੇ ਕਰਨੇ ਸੰਭਵ ਨਹੀਂ ਹਨ ਪਰ ਇਕ ਵਾਰ ਪੂਰੇ ਦੋ ਘੰਟੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਵਿਚ ਸ਼ਾਮ ਵੇਲੇ ਬੈਠਣ ਦਾ ਵਸੀਲਾ ਬਣਿਆ। ਕਾਰਨ ਸੀ ਮੇਰੇ ਮਿੱਤਰ ਤੇਜ ਪ੍ਰਤਾਪ ਸਿੰਘ ਸੰਧੂ ਨੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਫੋਟੋ ਚਿੱਤਰ ਉਤਾਰਨੇ ਸਨ। ਉਸ ਦਿਨ ਦੇ ਵਾਰਤਾਲਾਪ ਵਿਚੋਂ ਕੁਝ ਕਿਣਕੇ ਮੈਨੂੰ ਹੁਣ ਵੀ ਜੀਵਨ ਵਿਚ ਪ੍ਰੇਰਕ ਬਣ ਕੇ ਜਗਾਉਂਦੇ ਹਨ। ਗੱਲਾਂ ਰਸਮੀ ਨਹੀਂ ਸਨ ਨਾ ਹੀ ਵਿਸ਼ਾ ਵਸਤੂ ਕਿਸੇ ਬੰਧੇਜ ਦਾ ਗੁਲਾਮ ਸੀ। ਰਹਿਮਤ ਵਰਗੇ ਬੋਲਾਂ ਵਿਚੋਂ ਫੜੇ ਕੁਝ ਵਿਚਾਰ ਮੈਂ ਉਸੇ ਦਿਨ ਘਰ ਪਰਤ ਕੇ ਡਾਇਰੀ ਤੇ ਉਤਾਰ ਲਏ। ਲੰਮਾ ਸਮਾਂ ਗੁਆਚੇ ਰਹੇ। ਹੁਣ ਹਿੰਮਤ ਕਰਕੇ ਲੱਭੇ ਹਨ।

ਸਤਿਗੁਰੂ ਜਗਜੀਤ ਸਿੰਘ ਜੀ ਨੇ ਆਖਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਸਾਡਾ ਰਿਸ਼ਤਾ ਪਿਉ ਪੁੱਤਰ ਵਾਲਾ ਹੈ। ਜਿਵੇਂ ਬਾਪ ਆਦੇਸ਼ ਕਰਦਾ ਹੈ ਪੁੱਤਰ ਨੂੰ ਮੰਨਣਾ ਬਣਦਾ ਹੈ। ਜਿਹੜੇ ਨਹੀਂ ਮੰਨਦੇ ਉਹ ਦਰ ਦਰ ਠੋਕਰਾਂ ਖਾਂਦੇ ਹਨ। ਦਿਲ ਖੋਲ ਕੇ ਮੰਗਣ ਅਤੇ ਦੇਣ ਵਾਲੇ ਨੂੰ ਹੀ ਬਖਸ਼ਿਸ਼ ਹਾਸਿਲ ਹੁੰਦੀ ਹੈ ਪਰ ਅਸੀਂ ਮੰਗਣ ਵੇਲੇ ਝੋਲੀ ਬਹੁਤੀ ਖਿਲਾਰ ਲੈਂਦੇ ਹਾਂ ਅਤੇ ਵੰਡਣ ਵੇਲੇ ਮੁੱਠੀ ਘੁੱਟ ਲੈਂਦੇ ਹਾਂ। ਇਹ ਗੁਰੂ ਦਾ ਰਾਹ ਨਹੀਂ। ਉਨ੍ਹਾਂ ਇਹ ਵੀ ਆਖਿਆ ਕਿ ਸ਼ਬਦ ਦੀ ਸ਼ੌਤਿਆ ਤੁਹਾਡੇ ਕਰਮ ਵਿਚ ਲੁਕੀ ਹੋਈ ਹੈ ਜੇਕਰ ਤੁਸੀਂ ਸੰਤੋਖੀ ਨਹੀਂ ਅਤੇ ਮਾਇਆ ਦੇ ਗੁਲਾਮ ਹੋ ਤਾਂ ਤੁਹਾਡਾ ਸ਼ਬਦ ਵੀ ਅਰਥਹੀਣ ਹੋਵੇਗਾ। ਅਸੀਂ ਬਹੁਤੀ ਵਾਰ ਭਾਣੇ ਵਿਚ ਰਹਿਣ ਦੀ ਗੱਲ ਤਾਂ ਕਰਦੇ ਹਾਂ ਪਰ ਭਾਣਾ ਮੰਨਣ ਵੇਲੇ ਅੱਥਰੂ ਕੇਰਨ ਬੈਠ ਜਾਂਦੇ ਹਾਂ। ਇਸ ਦੇ ਅਮਲੀ ਕਾਰਨ ਹੀ ਅਸੀਂ ਆਪਣੇ ਆਪ ਨੂੰ ਦੁੱਖਾਂ ਦੇ ਪੁੜਾਂ ਵਿਚ ਪਿਸਦਾ ਮਹਿਸੂਸ ਕਰਦੇ ਹਾਂ। ਕਿਸੇ ਹੋਰ ਦੇ ਔਗੁਣਾਂ ਵੱਲ ਵੇਖਣ ਦੀ ਥਾਂ ਆਪਣੇ ਅੰਦਰ ਵੱਲ ਝਾਤੀ ਪਾਉਣ ਦੀ ਆਦਤ ਤੁਹਾਨੂੰ ਪਰਮ ਮਨੁੱਖ ਬਣਾ ਸਕਦੀ ਹੈ। ਅਸੀਂ ਸ਼ੀਸ਼ੇ ਵਿਚੋਂ ਸਿਰਫ ਚਿਹਰਾ ਵੇਖਦੇ ਹਾਂ ਰੂਹ ਦੀ ਖੂਬਸੂਰਤੀ ਨਹੀਂ। ਭਜਨ ਬਾਣੀ ਦਾ ਪਾਠ ਕਰਨਾ ਵੀ ਜ਼ਰੂਰੀ ਹੈ ਪਰ ਅਰਥਾਂ ਤੀਕ ਪਹੁੰਚ ਕੌਣ ਕਰੇਗਾ? ਸਾਨੂੰ ਹੀ ਕਰਨੀ ਪੈਣੀ ਹੈ। ਅਸੀਂ ਸਰੋਵਰਾਂ ਵਿਚ ਇਸ਼ਨਾਨ ਤਾਂ ਕਰਦੇ ਹਾਂ ਪਰ ਬਦੀਆਂ ਨੂੰ ਨਾਲ ਹੀ ਚੁੱਕੀ ਫਿਰਦੇ ਹਾਂ। ਰੂਹ ਨੂੰ ਅਪਰਾਧ ਮੁਕਤ ਕਰਨ ਲਈ ਰੂਹ ਦੇ


Namdhari Elibrary NamdhariElibrary@gmail.com



*ਸਤਿਗੁਰੂ ਜੀ ਦੀ ਹਾਜਰੀ ਵਿਚ ਸੁਰਜੀਤ ਪਾਤਰ, ਗੁਰਭਜਨ ਗਿਲ, ਅਜੀਤ ਸਿੰਘ ਲਾਇਲ ਆਦਿਕ*

ਦਰਬਾਰ ਖਲੋਣ ਤੋਂ ਗੁਰੇਜ਼ ਕਰਦੇ ਹਾਂ। ਖੂਬਸੂਰਤੀ ਵੇਖਣ ਵਾਲੀ ਅੱਖ ਵਿਚ ਹੁੰਦੀ ਹੈ ਅਤੇ ਇਹ ਅੱਖ ਨਿਰਮਲ ਤਾਂ ਹੀ ਰਹਿ ਸਕਦੀ ਹੈ ਜੇਕਰ ਰੂਹ ਵਿਚ ਮੈਲ ਨਾ ਹੋਵੇ। ਮੌਤ ਨੂੰ ਚੇਤੇ ਰੱਖਣ ਦਾ ਅਰਥ ਇਹ ਨਹੀਂ ਕਿ ਹਰ ਵੇਲੇ ਰੋਂਦੇ ਰਹੋ ਸਗੋਂ ਇਹ ਅਰਥ ਹੈ ਕਿ ਸਮੇਂ ਦੀ ਸੁਵਰਤੋਂ ਕਰੋ। ਹਰ ਪਲ ਆਦਰਸ਼ ਦੇ ਨਾਲ ਨਾਲ ਤੁਰੋ। ਸੰਸਾਰ ਵਿਚ ਆਉਣ ਦਾ ਮਨੋਰਥ ਜ਼ਿੰਦਗੀ ਨੂੰ ਹੁਣ ਨਾਲੋਂ ਸੋਹਣੀ ਬਣਾਉਣੀ ਹੈ। ਅਕਾਲ ਪੁਰਖ ਵਲੋਂ ਲਿਖੇ ਸਵਾਸਾਂ ਦੀ ਪੂੰਜੀ ਖਰਚਣ ਵੇਲੇ ਸਾਨੂੰ ਜਾਗਣਾ ਚਾਹੀਦਾ ਹੈ। ਜੀਉਂਦੇ ਹੋਣ ਦਾ ਪ੍ਰਮਾਣ ਦੇਣ ਲਈ ਸਿਰਫ ਹਰਕਤ ਚਾਹੀਦੀ ਹੈ ਅਤੇ ਹਰਕਤ ਨਾਲ ਹੀ ਬਰਕਤਾਂ ਤੁਹਾਡੇ ਘਰ ਪਰਿਵਾਰ ਵਿਚ ਪੱਕਾ ਨਿਵਾਸ ਕਰਦੀਆਂ ਹਨ।

ਸਤਿਗੁਰਾਂ ਇਹ ਵੀ ਆਖਿਆ ਕਿ ਨਿੰਦਿਆ ਕਰਨ ਨਾਲ ਤੁਸੀਂ ਆਪਣੇ ਹੀ ਗੁਨਾਹਾਂ ਦਾ ਪ੍ਰਕਾਸ਼ ਕਰਦੇ ਹੋ ਕਿਸੇ ਦਾ ਕੁਝ ਨਹੀਂ ਵਿਗੜਦਾ। ਆਪਣਾ ਵਿਗਾੜਨ ਲਈ ਕਿਸੇ ਹੋਰ ਦੀ ਨਿੰਦਿਆ ਕਰੀ ਜਾਓ ਆਖਰ ਤੁਹਾਨੂੰ ਹੀ ਉਦਾਸੀ ਹੋਣੀ ਹੈ। ਚੰਗਿਆਂ ਦੀ ਸੰਗਤ ਲਈ ਹਿੰਮਤ ਕਰੋ ਅਤੇ ਬੁਰਿਆਂ ਦੀ ਸੰਗਤ ਤੋਂ ਮੁਕਤ ਰਹੋ। ਜ਼ਿੰਦਗੀ ਨਿਰੰਤਰ ਸੰਘਰਸ਼ ਦਾ ਨਾਂ ਹੈ ਅਤੇ ਇਹ ਸੰਘਰਸ਼ ਕੇਵਲ ਗੁਰੂ ਆਸ਼ੇ ਦੇ ਅਨੁਸਾਰ ਤੁਰ ਕੇ ਹੀ ਜਿੱਤ ਵਿਚ ਤਬਦੀਲ ਹੁੰਦਾ ਹੈ। ਜਿੱਤ ਤਨ ਦੀ ਨਹੀਂ ਹਮੇਸ਼ਾਂ ਮਨ ਦੀ ਹੁੰਦੀ ਹੈ ਅਤੇ ਮਨ ਜੇਤੂ ਅੰਦਾਜ਼ ਵਿਚ ਸਿਰਫ ਉਦੋਂ ਹੁੰਦਾ ਹੈ ਜਦ ਤੁਹਾਨੂੰ ਕਿਤੇ ਵੀ ਕੋਈ ਦੁਸ਼ਮਣ ਨਾ ਦਿਸੇ। ਹਰ ਪਾਸੇ ਪਿਆਰ ਦਾ ਸੰਸਾਰ ਪੱਲ੍ਹਰਦਾ ਹੋਵੇ। ਵਿਗਿਆਨ ਸ਼ਕਤੀ ਹੈ ਪਰ ਧਰਮ ਤੋਂ ਵੱਡੀ ਨਹੀਂ। ਵਿਗਿਆਨ ਦਾ ਵੀ ਧਰਮ ਹੋਣਾ ਚਾਹੀਦਾ ਹੈ, ਕਲਾ ਵਾਂਗ ਕਲਿਆਣਕਾਰੀ। ਸਰਬੱਤ ਦਾ ਭਲਾ ਮੰਗਣ ਵਾਲਾ। ਵਿਸ਼ਵ ਸ਼ਾਂਤੀ ਸਿਰਫ ਸਾਡੀ ਲੋੜ ਨਹੀਂ ਮਨੁੱਖਤਾ ਦੀ ਲੋੜ ਹੈ। ਇਸ ਲਈ ਕਲਮ ਨੂੰ, ਬੁਰਸ਼ ਨੂੰ, ਸਾਜ ਨੂੰ ਕਦੇ ਵੀ ਚੁੱਪ ਨਹੀਂ ਬੈਠਣਾ ਚਾਹੀਦਾ ਹੈ। ਚੰਗੇ ਵਿਚਾਰ ਕਿਤੋਂ ਵੀ ਮਿਲਣ ਅਪਣਾਅ ਲਵੋ। ਇਹੀ ਮੂਲਧਨ ਜ਼ਿੰਦਗੀ ਵਿਚ ਖਰਚਣਯੋਗ ਪੂੰਜੀ ਹੈ। ਚੰਗੇ ਹੋਣ ਦਾ ਮਤਲਬ ਸਿਰਫ ਆਪਣੀ ਨਜ਼ਰ ਵਿਚ ਚੰਗੇ ਹੋਣਾ ਹੀ ਨਹੀਂ ਸਗੋਂ ਸਮਾਜ ਦੀ ਨਜ਼ਰ ਵਿਚ ਵੀ ਚੰਗੇ ਹੋਣਾ ਹੁੰਦਾ ਹੈ। ਦੁਨਿਆਵੀ ਪੜ੍ਹਾਈ ਦੇ ਨਾਲ ਨਾਲ ਗਿਆਨ ਸਾਗਰ 'ਚੋਂ ਵੀ ਮੋਤੀ ਚੁਗਿਆ ਕਰੋ। ਹੰਸ ਇਹੀ ਚੁਗਦੇ ਨੇ ਅਤੇ ਕਾਂ ਗੰਦਗੀ ਦੇ ਢੇਰ ਵਿਚ ਹੀ ਗਲਤਾਨ ਰਹਿੰਦੇ ਨੇ।

ਮੇਰਾ ਮਿੱਤਰ ਤੇਜ ਪ੍ਰਤਾਪ ਸਿੰਘ ਸੰਧੂ ਤਸਵੀਰਾਂ ਉਤਾਰਦਾ ਰਿਹਾ ਅਤੇ ਮੈਨੂੰ ਮਹਾਂਪੁਰਖਾਂ ਦੇ ਬਚਨਾਂ ਦਾ ਲਾਲਚ ਸੀ। ਇਕ ਨਹੀਂ ਅਨੇਕ ਵਾਰ ਉਨ੍ਹਾਂ ਨੇ ਆਖਿਆ ਕਿ ਮਨੁੱਖਤਾ ਦੀ ਬਿਹਤਰੀ ਲਈ ਕਲਮਕਾਰਾਂ ਨੂੰ ਪਹਿਲਾਂ ਨਾਲੋਂ ਵਧ ਸ਼ਕਤੀ ਨਾਲ ਕੰਮ ਕਰਨ ਦੀ ਲੋੜ ਹੈ। ਉਨ੍ਹਾਂ ਵਿਅਕਤੀਆਂ ਦੀਆਂ ਕਮਜ਼ੋਰੀਆਂ ਦੀ ਥਾਂ ਸ਼ਕਤੀਆਂ ਵੱਲ ਧਿਆਨ ਦੇਣ ਲਈ ਪ੍ਰੇਰਨਾ ਦਿੱਤੀ।

ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦੀਆਂ ੨੦੦੨ ਦੌਰਾਨ ਹੋਈਆਂ ਚੋਣਾਂ ਵਿਚ ਮੇਰਾ ਮੁਕਾਬਲਾ ਮੇਰੇ ਬਹੁਤ ਸਤਿਕਾਰਯੋਗ ਇਕ ਅਜਿਹੇ ਸਜਨ ਨਾਲ ਸੀ ਜਿਸ ਨੂੰ ਨਾਮਧਾਰੀ ਦਰਬਾਰ ਵਲੋਂ ਹਮੇਸ਼ਾਂ ਸਹਿਯੋਗ ਮਿਲਦਾ ਸੀ। ਮੈਂ ਖੁਦ ਸਹਿਯੋਗ ਮੰਗਣ ਦੀ ਥਾਂ ਆਪਣੇ ਸਿਰ੍ਹਾਣੇ ਪਈ ਸਤਿਗੁਰੂ ਜਗਜੀਤ ਸਿੰਘ ਜੀ ਦੀ ਤਸਵੀਰ ਨਾਲ ਵਾਰਤਾਲਾਪ ਕੀਤਾ ਕਿ ਮੈਂ ਵੀ ਤੁਹਾਡਾ ਹਾਂ ਮੇਰੇ ਤੇ ਵੀ ਕਿਰਪਾ ਦ੍ਰਿਸ਼ਟੀ ਕਰੋ। ਚੋਣ ਵਿਚ ਮੈਂ ਜਿੱਤ ਗਿਆ। ਜਿੱਤ ਉਪਰੰਤ ਆਪਣੇ ਨਜ਼ਦੀਕੀ ਰਿਸ਼ਤੇਦਾਰ ਜਸਜੀਤ ਸਿੰਘ ਨੱਤ ਨੂੰ ਨਾਲ ਲੈ ਕੇ ਮੈਂ ਜਦ ਭੈਣੀ ਸਾਹਿਬ ਸ਼ੁਕਰਾਨਾ ਕਰਨ ਪੁੱਜਾ ਤਾਂ ਸਤਿਗੁਰੂ ਜਗਜੀਤ ਸਿੰਘ ਜੀ ਮੇਰੇ ਬੋਲਣ ਤੋਂ ਪਹਿਲਾਂ ਹੀ ਮੇਰੇ ਸਿਰ ਤੇ ਹੱਥ ਰੱਖ ਕੇ ਬੋਲੇ ਕਿ ਇਸ ਰੁਤਬੇ ਨੂੰ ਜ਼ਿੰਮੇਵਾਰੀ ਵਾਂਗ ਨਿਭਾਓਗੇ ਤਾਂ ਅਕਾਲ ਪੁਰਖ ਹਮੇਸ਼ਾਂ ਬਖਸ਼ਿਸ਼ ਰੱਖੇਗਾ। ਉਨ੍ਹਾਂ ਇਸ਼ਾਰਿਆਂ ਵਿਚ ਇਹ ਵੀ ਦੱਸਿਆ ਕਿ ਮੇਰਾ ਮਿਹਰਵਾਨ ਵਿਰੋਧੀ ਸਿਰਫ ਆਪਣੇ ਭਾਰ ਨਾਲ ਡਿੱਗਿਆ ਹੈ ਮੇਰੇ ਵਿਰੋਧ ਕਾਰਨ ਨਹੀਂ। ਮਹਾਂਪੁਰਖ ਬਚਨ ਕਰਦੇ ਹਨ ਅੰਮ੍ਰਿਤ ਵਰਖਾ ਵਰਗੇ। ਉਨ੍ਹਾਂ ਨੂੰ ਆਪਣੇ ਸਾਹਾਂ ਵਿਚ ਰਮਾਉਣਾ ਅਤੇ ਜ਼ਿੰਦਗੀ ਵਿਚ ਨਿਭਾਉਣਾ ਸਾਡਾ ਪਵਿੱਤਰ ਫਰਜ਼ ਹੈ। ਇਨ੍ਹਾਂ ਸ਼ਬਦਾਂ ਨਾਲ ਮੈਂ ਖੁਦ ਨਾਲ ਇਕਰਾਰ ਹੀ ਕਰ ਸਕਦਾ ਹਾਂ ਕਿ ਮੈਂ ਇਨ੍ਹਾਂ ਸ਼ਬਦਾਂ ਤੇ ਪਹਿਰੇਦਾਰੀ ਕਰਨ ਦਾ ਹਮੇਸ਼ਾਂ ਯਤਨ ਕਰਾਂਗਾ।



Namdhari Elibrary NamdhariElibrary@gmail.com

# ਗੁਰੂ ਜਗਜੀਤ ਮੀਤ ਸਾਰੇ ਸੰਸਾਰ ਦਾ

*—ਜੋਗਿੰਦਰ ਸਿੰਘ ਕੰਗ*

ਸਾਲ ਉਨਤਾਲੀਵੇਂ ਬੈਠੇ ਗੁਰ-ਗੱਦੀ ਉੱਤੇ
ਗੁਰੂ ਜਗਜੀਤ ਕੀਤਾ ਕੰਮ ਉਪਕਾਰ ਦਾ।

ਰਾਜ ਦਰਬਾਰ ਵੀ ਵਿਰੋਧੀ ਉਦੋਂ ਕੂਕਿਆਂ ਸੀ
ਪਰ ਪੰਥ ਵਾਲਾ ਕੰਮ ਕੀਤਾ ਗੁਰਾਂ ਬੇ-ਸ਼ੁਮਾਰ ਦਾ।

ਨੂਰੀ ਦਾਤਾਰ ਨੇ ਜਗ ਨੂਰੋ ਨੂਰ ਕੀਤਾ
ਛੇ ਖੰਡਾਂ ਤਾਂਈ ਜਾ ਸਤਿਗੁਰੂ ਠਾਰਦਾ।

ਨਾਮ ਇਸ਼ਨਾਨ ਦਾਨ ਸ਼ਬਦ ਨੇ ਗੂੰਜ ਉੱਠੇ
ਚਮਕਿਆ ਏ ਨਾਂ ਨਾਮਧਾਰੀ ਦਰਬਾਰ ਦਾ।

ਭੈਣੀ ਸਾਹਿਬ ਮੰਦਰ ਤੇ ਬਿਲਡਿੰਗਾਂ ਉਸਾਰ ਉਹਨਾਂ
ਕੀਤਾ ਵੱਡਾ ਰੁਤਬਾ ਭੈਣੀ ਦੇ ਦੁਆਰ ਦਾ।

ਸਾਰੇ ਜਗ ਤਾਂਈਂ ਪਿਆ ਰਹਿਮਤਾਂ ਉਹ ਵੰਡਦਾ ਏ
ਗੁਰੂ ਜਗਜੀਤ ਮੀਤ ਸਾਰੇ ਸੰਸਰਾ ਦਾ।

***

ਨਵੀਂ ਏ ਨੁਹਾਰ ਸੋਧ ਦਿੱਤੀ ਜੀਵਨ ਨਗਰ ਤਾਂਈਂ
ਸੜਕਾਂ ਤੇ ਮਾਰਗ ਬੜੇ ਸੁੰਦਰ ਬਣਵਾਏ ਨੇ।

ਦਲਦਲ ਤੇ ਬੰਜਰ ਜ਼ਮੀਨਾਂ ਨੂੰ ਆਬਾਦ ਕਰ
ਮਾਲੀ ਬਣ ਬਾਗੀਂ ਗੁਲਜ਼ਾਰ ਖਿੜਾਏ ਨੇ।

ਲਹਿਰਾਉਂਦੀਆਂ ਫਸਲਾਂ ਤੇ ਮਿੱਟੀ ਅੱਜ ਸੋਨਾ ਬਣੀ
ਬੇ-ਜ਼ੁਮੀਨਿਆਂ ਤੋਂ ਕਿਵੇਂ ਮਾਲਕ ਬਣਾਏ ਨੇ।

ਨਗਰ ਵਸਾਏ ਸਕੂਲ ਕਾਲਿਜ ਵੀ ਖੋਲ੍ਹ ਦਿੱਤੇ
ਵਿੱਦਿਆ ਦੇ ਚਾਨਣ 'ਚ ਪੰਥ ਰੁਸ਼ਨਾਏ ਨੇ।

ਚੰਗੀਆਂ ਨਸਲਾਂ 'ਚ ਮੱਝਾਂ ਅਤੇ ਗਊਆਂ ਰੱਖ
ਜਾਪੇ ਰੂਪ ਧਾਰ ਆਇਆ ਕ੍ਰਿਸ਼ਨ ਮੁਰਾਰ ਦਾ।

'ਗੋਪਾਲ ਰਤਨ' ਮਿਲਿਆ ਏ ਇਹਨਾਂ ਨੂੰ ਖ਼ਿਤਾਬ ਵੱਡਾ,
ਗੁਰੂ ਜਗਜੀਤ ਮੀਤ ਸਾਰੇ ਸੰਸਾਰ ਦਾ।

***

ਸਾਦਗੀ ਸੰਜਮ ਸਵੱਛਤਾ ਦੇ ਅਲੰਬਰਦਾਰ
ਚਰਨ ਛੋਹ ਜਿਸ ਦੀ ਪਾਰਸ ਸਮਾਨ ਏ।

ਸਚਮੁੱਚ ਰਹਿਬਰ ਏ ਸਾਰੀ ਹੀ ਮਨੁੱਖਤਾ ਦਾ
ਕੱਟਦਾ ਚਉਰਾਸੀ ਜਿਹਦਾ ਦਰਸ ਮਹਾਨ ਏ।

ਲੀਲ੍ਹਾ ਏ ਬੇਅੰਤ ਉਹਦੀ ਜਾਣਦੀ ਲੋਕਾਈ ਸਾਰੀ
ਨਾਮ-ਬਾਣੀ ਉਸ ਦਾ ਸਦੀਵੀ ਵਿਆਖਿਆਨ-ਏ।

ਸਾਰੇ ਸੰਸਾਰ ਵਿਚੋਂ ਰੁਤਬਾ ਮਹਾਨ ਉਹਦਾ
ਜੀਵ-ਜੰਤ ਸਭ ਦਾ ਉਹ ਕਰੇ ਕਲਿਆਣ ਏ।

ਝੋਲੀਆਂ ਨੂੰ ਨਕੋ ਨਕ ਭਰ ਦਿੰਦਾ ਝਟ-ਪਟ
ਖੋਲ੍ਹਦਾ ਏ ਦਰ ਜਦੋਂ ਰਹਿਮਤ-ਭੰਡਾਰ ਦਾ

ਮਾਲਕ ਬ੍ਰਹਿਮੰਡ ਦਾ ਏ, ਮਾਣ ਏ ਮਨੁੱਖਤਾ ਦਾ,
ਗੁਰੂ ਜਗਜੀਤ ਮੀਤ ਸਾਰੇ ਸੰਸਾਰ ਦਾ

***

ਸੂਰਜ ਤੇ ਚੰਨ ਤਾਰੇ ਸੱਭੇ ਇਹਦੇ ਹੁਕਮ ਵਿਚ
ਕੌਤਕ ਅਲੌਕਿਕ ਰਚਾਏ ਸਤਿਗੁਰੂ ਜੀ

ਸੁੱਕੀ ਤਕਦੀਰ ਦਿਆਂ ਕਾਨਿਆਂ ਤੇ ਖੇੜਾ ਆਵੇ
ਜਦ ਮਿਹਰ ਵਾਲੀ ਨਜ਼ਰ ਮਿਲਾਏ ਸਤਿਗੁਰੂ ਜੀ।

ਸਾਹਿਤਕਾਰਾਂ ਕਵੀਆਂ ਰਾਗੀਆਂ ਖਿਡਾਰੀਆਂ ਨੂੰ
ਪਿਆਰ ਸਨਮਾਨ ਵੀ ਦਿਵਾਏ ਸਤਿਗੁਰੂ ਜੀ।

ਵਿਸ਼ਵ ਪੰਜਾਬੀ ਤੇ ਅਮਨ-ਕਾਨਫਰੰਸਾ ਤਾਈਂ
ਸਦਾ ਚਲ ਆਪ ਰਹਿਨੁਮਾਏ ਸਤਿਗੁਰੂ ਜੀ।

ਲੀਲ੍ਹਾ ਏ ਬੇਅੰਤ ਨਾ ਅੰਤ ਕੋਈ ਪਾ ਸਕੇ
ਡੁੱਬਿਆਂ ਦੇ ਬੇੜੇ ਗੁਰੂ ਸਦਾ ਹੀ ਇਹ ਤਾਰਦਾ।

"ਕੰਗ" ਦੀ ਨਿਮਾਣੀ ਕਲਮ ਚੋਜ ਲਿਖ ਸਕਦੀ ਨਾ
ਗੁਰੂ ਜਗਜੀਤ ਮੀਤ ਸਾਰੇ ਸੰਸਾਰ ਦਾ



Namdhari Elibrary NamdhariElibrary@gmail.com

# ਪ੍ਰਕਾਸ਼ ਪੁਰਬ ਦੀਆਂ ਲੱਖ-ਲੱਖ ਵਧਾਈਆਂ





Harjeet Singh Virdi
98101-06272
9310106272





# SATGURU TRAILER TRANSPORT

**Fleet owners & Transport Contractors**

**340, Apsara Complex, 3rd Floor, Delhi U.P. Border**
**P.O. Chikamberpur, Distt Ghaziabad- 201006 (U.P.)**
**Ph : 0120-2893865, 2623676, Fax : 120-2893864**
**Dubey Mobile : 9310020422, 98102-04222**




Namdhari Elibrary NamdhariElibrary@gmail.com

# ਪ੍ਰਕਾਸ਼ ਪੁਰਬ ਦੀਆਂ ਲੱਖ-ਲੱਖ ਵਧਾਈਆਂ

JRDC





Jatinder Singh
(M) 9811070350

# Jag Rattan Daan Singh & Co.

Corp.Off : C-71 Mayapuri, Phase-2 Indl. Area,
New Delhi-64
Ph.: 011-28116193, 41848489 Fax : 011-28114064

Email : jrdcup@yahoo.co.in
Work : I-56, Site-V, U.P.S.I.D.C. Greater Noida
Distt. Gautam Budh Nagar, Kasna U.P.




Namdhari Elibrary NamdhariElibrary@gmail.com







Namdhari Elibrary NamdhariElibrary@gmail.com






Namdhari Elibrary NamdhariElibrary@gmail.com

# ਨਮਸਤੂੰ ਨਮਸਤੂੰ ਨਮਸਤੂੰ ਬੇਅੰਤ ਜੀ

*—ਸੰਤ ਸਿੰਘ*



ਸਤਿਗੁਰੂ ਨਿਰਾਕਾਰ ਅਕਾਲ ਪੁਰਖ ਦਾ ਸਰਗੁਣ ਸਰੂਪ ਹੈ। ਇਸੇ ਕਰਕੇ ਹੀ ਉਹ ਆਪਣੇ ਸਿੱਖਾਂ ਦੇ ਹਲਤ ਪਲਤ ਦਾ ਰਾਖਾ ਹੈ। ਦੋਹਾਂ ਜਹਾਨਾਂ ਵਿਚ ਸਿਰਫ ਉਹ ਵਿਅਕਤੀ ਹੀ ਆਪਣੇ ਸੇਵਕਾਂ ਦੀ ਰੱਖਿਆ ਕਰ ਸਕਦਾ ਹੈ ਜਿਸ ਦਾ ਹੁਕਮ ਦੋਹਾਂ ਜਹਾਨਾਂ ਵਿਚ ਚਲਦਾ ਹੋਵੇ। ਸਤਿਗੁਰੂ ਆਪਣੇ ਸਿੱਖਾਂ ਸੇਵਕਾਂ ਨੂੰ ਵਿਅਕਤੀਗਤ ਸਾਂਝ ਅਤੇ ਪਿਆਰ ਸਦਕਾ ਆਪਣੇ ਵੱਲ ਆਕਰਸ਼ਿਤ ਕਰ ਲੈਂਦਾ ਹੈ। ਸੇਵਕ ਵੀ ਆਪਣੇ ਆਪ ਨੂੰ ਪੂਰੀ ਤਰ੍ਹਾਂ ਸਤਿਗੁਰ ਨੂੰ ਸਮਰਪਿਤ ਕਰ ਦਿੰਦਾ ਹੈ, ਫਿਰ ਉਸਦਾ ਆਪਣਾ ਕੁਝ ਨਹੀਂ ਰਹਿ ਜਾਂਦਾ। ਸੇਵਕ ਆਪਣੇ ਸਤਿਗੁਰੂ ਦਾ ਹਰ ਹੁਕਮ ਮੰਨ ਕੇ ਉਸਤੇ ਨਿਉਛਾਵਰ ਹੋਣ ਲਈ ਤਿਆਰ ਰਹਿੰਦਾ ਹੈ ਅਤੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਲਈ ਸਾਰੇ ਹੀ ਯਤਨ ਕਰਦਾ ਹੈ।

ਸਤਿਗੁਰੂ ਆਪਣੇ ਸੇਵਕ ਨੂੰ ਮਨੁੱਖੀ ਜੀਵ ਨੂੰ ਸਫਲ ਕਰਨ ਦੇ ਉਪਾਓ ਦੱਸ ਕੇ ਉਸ ਨੂੰ ਅਕਾਲ ਪੁਰਖ ਦੇ ਚਰਨਾਂ ਨਾਲ ਜੋੜਨ ਦਾ ਮਾਧਿਅਮ ਬਣ ਜਾਂਦੇ ਹਨ। ਆਪਣੇ ਸਤਿਗੁਰੂ ਦੀ ਸਰਪ੍ਰਸਤੀ ਵਿਚ, ਉਸਦੇ ਦੱਸੇ ਹੋਏ ਮਾਰਗ ਤੇ ਚਲ ਕੇ ਸੇਵਕ ਆਪਣੀ ਜੀਵਨ ਯਾਤਰਾ ਤੇ ਅਗਰਸਰ ਹੁੰਦਾ ਹੋਇਆ ਸਫਲਤਾ ਨੂੰ ਪ੍ਰਾਪਤ ਕਰ ਲੈਂਦਾ ਹੈ।

ਹਰ ਮਨੁੱਖ ਨੂੰ ਆਪਣੀ ਜੀਵਨ ਯਾਤਰਾ ਸਫਲਤਾ ਪੂਰਵਕ ਪੂਰੀ ਕਰਨ ਲਈ ਕਿਸੇ ਨਾ ਕਿਸੇ ਸਿੱਖਿਅਕ ਦੀ ਲੋੜ ਪੈਂਦੀ ਹੈ। ਦੁਨਿਆਵੀ ਵਿੱਦਿਆ ਪ੍ਰਾਪਤੀ ਲਈ ਉਹ ਸਕੂਲਾਂ ਕਾਲਜਾਂ ਵਿਚ ਵਿਦਿਆਰਥੀ ਦੇ ਰੂਪ ਵਿਚ ਜਾਂਦਾ ਹੈ। ਉੱਥੇ ਮਾਸਟਰ ਜਾਂ ਗੁਰੂ ਉਸਨੂੰ ਵੱਖ ਵੱਖ ਖੇਤਰਾਂ ਵਿਚ ਅਤੇ ਵੱਖ ਵੱਖ ਵਿਸ਼ਿਆਂ ਤੇ ਸਿੱਖਿਆ ਦੇਣ ਵਾਲੇ ਸੁਘੜ ਗੁਰੂ ਦਾ ਮਿਲਨਾ ਕੋਈ ਔਖਾ ਕੰਮ ਨਹੀਂ ਹੁੰਦਾ। ਇਸ ਵਾਸਤੇ ਮਨੁੱਖ ਨੂੰ ਕੋਈ ਵਿਸ਼ੇਸ਼ ਭਾਲ ਵੀ ਨਹੀਂ ਕਰਨੀ ਪੈਂਦੀ।

ਇਸਦੇ ਵਿਪਰੀਤ ਅਕਾਲ ਪੁਰਖ ਦੇ ਰਾਹ ਤੇ ਚਲਣ ਲਈ, ਅਧਿਆਤਮਵਾਦ ਦੇ ਵਿਦਿਆਲੇ ਵਿਚ ਪ੍ਰਵੇਸ਼ ਕਰਨ ਲਈ ਕਿਸੇ ਸੰਤ ਮਹਾਤਮਾ ਯਾ ਸਤਿਗੁਰੂ ਦੀ ਲੋੜ ਪੈਂਦੀ ਹੈ। ਇਸਦੀ ਚੋਣ ਕਰਨੀ ਵੀ ਬੜੀ ਔਖੀ ਹੈ, ਕਿਉਂਕਿ ਇਸ ਵਾਸਤੇ ਕੋਈ ਵਿਸ਼ੇਸ਼ ਵਿਦਿਆਲਾ ਨਹੀਂ ਹੁੰਦਾ। ਸੰਤ ਸਾਧ ਜੋ ਮਿਲਦੇ ਹਨ ਉਹਨਾਂ ਦੀ ਆਪਣੀ ਅਧਿਆਤਮਕ ਅਵਸਥਾ ਦਾ ਸਹੀ ਅਨੁਮਾਨ ਲਗਾਉਣਾ ਵੀ ਮੁਸ਼ਕਲ ਹੁੰਦਾ ਹੈ। ਜੇ ਸੰਤ ਕੋਈ ਠੀਕ ਮਿਲ ਵੀ ਜਾਵੇ ਤਾਂ ਉਹ ਸਤਿਗੁਰੂ ਜੋ ਇਸ ਸਾਰੇ ਗਿਆਨ ਦੀ ਆਖਰੀ ਹੱਦ ਹੈ, ਨੂੰ ਵੀ ਮਿਲਵਾ ਸਕਦਾ ਹੈ ਅਤੇ ਮਨੁੱਖ ਪੱਕੇ ਤੌਰ ਤੇ ਸਹੀ ਰਸਤੇ ਦਾ ਪਾਂਧੀ ਬਣ ਜਾਂਦਾ ਹੈ।

ਮਨੁੱਖੀ ਜੀਵਨ ਇਕ ਬਹੁਤ ਵੱਡੀ ਸੁਗਾਤ ਹੈ। ਇਹ ਸਤਿਗੁਰੂ ਦੀ ਕਿਰਪਾ ਅਤੇ ਵਿਸ਼ੇਸ਼ ਪੂਰਬਲੇ ਜਨਮਾਂ ਦੇ ਸੰਸਕਾਰਾਂ ਕਾਰਨ ਹੀ ਮਿਲਦਾ ਹੈ। ਜੇਕਰ ਇਹ ਜੀਵਨ ਕਿਸੇ ਸਤਿਗੁਰੂ ਤੋਂ-ਵਰੋਸਾਏ ਹੋਏ ਪਰਿਵਾਰ ਵਿਚ ਮਿਲ ਜਾਏ ਤਾਂ ਮਨੁੱਖ ਦੇ ਬਹੁਤ ਉੱਤਮ ਭਾਗ ਹਨ, ਕਿਉਂਕਿ ਹੁਣ ਉਸਨੂੰ ਸਤਿਗੁਰੂ ਦੀ ਭਾਲ ਦੀ ਲੋੜ ਨਹੀਂ। ਉਸਨੂੰ ਸਤਿਗੁਰੂ ਦੀ ਸਰਪ੍ਰਸਤੀ ਆਪਣੇ ਜਨਮ ਤੋਂ ਹੀ ਉਪਲਬਧ ਹੋ ਚੁੱਕੀ ਹੈ। ਇਸ ਦਾ ਸਹੀ ਅਨੁਭਵ ਇਕ ਸੇਵਕ ਹੀ ਕਰ ਸਕਦਾ ਹੈ ਜਿਸਨੂੰ ਸਤਿਗੁਰੂ ਦੀ ਸ਼ਰਨ ਵਿਚ ਆਉਣ ਵਾਸਤੇ ਆਪਣਾ ਕੀਮਤੀ ਸਮਾਂ ਵਿਅਰਥ ਨਹੀਂ ਗੁਵਾਉਣਾ ਪਿਆ।

ਸਤਿਗੁਰੂ ਤੇ ਹਰ ਪ੍ਰਕਾਰ ਨਾਲ ਸਮਰਥ ਹੈ ਹੀ, ਉਸਦਾ ਉਤਰਾਧਿਕਾਰੀ ਜੋ ਸ਼ੁਰੂ ਵਿਚ ਬਾਬਾ ਜੀ ਦੇ ਰੂਪ ਵਿਚ ਵਿਖਿਆਤ ਹੁੰਦਾ ਹੈ, ਉਸਦਾ ਵੀ ਅੰਤ ਪਾਉਣਾ ਅਸੰਭਵ ਹੁੰਦਾ ਹੈ। ਉਸਦੇ ਦੈਵੀ ਗੁਣਾਂ ਦਾ ਪ੍ਰਗਟਾਅ ਪਹਿਲਾਂ ਤੋਂ ਹੀ ਹੋਣਾ ਸ਼ੁਰੂ ਹੋ ਜਾਂਦਾ ਹੈ। ਉਸਦਾ ਕੰਮ ਕਾਰ ਕਰਨ ਦਾ ਢੰਗ ਵੀ ਦੁਨਿਆਵੀ ਮਨੁੱਖਾਂ ਤੋਂ ਵੱਖਰਾ ਹੀ ਹੁੰਦਾ ਹੈ। ਇੱਥੇ ਮੈਂ ਸਤਿਗੁਰੂ ਜਗਜੀਤ ਸਿੰਘ ਜੀ ਦੇ ਬਾਬਾ ਜੀ ਦੇ ਸਰੂਪ ਦਾ ਵਿਸ਼ੇਸ਼ ਕਰਕੇ ਕਥਨ ਕਰਨ ਦਾ ਯਤਨ ਕਰ ਰਿਹਾ ਹਾਂ, ਕਿਉਂਕਿ ਮੈਨੂੰ ਇਸਦੀ ਕੁਝ ਕੁ ਨੇੜਤਾ ਪ੍ਰਾਪਤ ਹੋਈ ਹੈ।

ਬਾਬਾ ਜਗਜੀਤ ਸਿੰਘ ਜੀ ਜਿਹਨਾਂ ਦਾ ਬਚਪਨ ਦਾ ਨਾਮ ਬੇਅੰਤ ਜੀ ਸੀ ਦੀ ਦੇਖ-ਰੇਖ ਦਾ ਕੰਮ ਪਿਤਾ ਸਤਿਗੁਰੂ



Namdhari Elibrary NamdhariElibrary@gmail.com



ਪ੍ਰਤਾਪ ਸਿੰਘ ਜੀ ਨੇ ਉਦੋਂ ਤੋਂ ਹੀ ਸੰਭਾਲ ਲਿਆ ਸੀ ਜਦੋਂ ਉਹਨਾਂ ਦੀ ਆਯੂ ਅਜੇ ਚਾਰ ਕੁ ਸਾਲ ਦੀ ਹੀ ਸੀ। ਆਉਣ ਵਾਲੇ ਸਮੇਂ ਨੂੰ ਮੁੱਖ ਰੱਖਦਿਆਂ ਹੋਇਆਂ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਬੇਅੰਤ ਜੀ ਨੂੰ ਗੁਰਮੁਖੀ ਅੱਖਰਾਂ ਦੀ ਪਛਾਣ ਸ਼ੁਰੂ ਕਰਵਾਈ ਅਤੇ ਸੰਗੀਤ ਦੇ ਮਹਾਨ ਨਾਇਕ ਸੰਤ ਹਰਨਾਮ ਸਿੰਘ ਜੀ ਦਾ ਸ਼ਾਗਿਰਦ ਬਣਾਇਆ, ਉਪਰੰਤ ਬਹੁਤ ਸਾਰੇ ਸਾਧੂ ਮਹਾਤਮਾਵਾਂ ਦੀ ਸੰਗਤ ਕਰਵਾਈ। ਇਸ ਨਾਲ ਬੇਅੰਤ ਜੀ ਦੇ ਦੈਵੀ ਗੁਣਾਂ ਨੂੰ ਪ੍ਰਫੁਲਤ ਹੋਣ ਵਿਚ ਭਰਪੂਰ ਸਹਾਇਤਾ ਮਿਲੀ।

ਫੇਰ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸ੍ਰੀ ਭੈਣੀ ਸਾਹਿਬ ਵਿਖੇ ਹੀ ਇਕ ਵਿਦਿਆਲੇ ਦੀ ਸਥਾਪਨਾ ਕੀਤੀ। ਇਥੇ ਆਪ ਜੀ ਨੂੰ ਗੁਰਮੁਖੀ ਤੋਂ ਇਲਾਵਾ ਅੰਗਰੇਜ਼ੀ, ਹਿੰਦੀ ਅਤੇ ਹੋਰ ਵਿਸ਼ਿਆਂ ਦੀ ਪੜ੍ਹਾਈ ਕਰਨ ਦੀ ਸੌਖ ਹੋ ਗਈ। ਸਤਿਗੁਰੂ ਪ੍ਰਤਾਪ ਸਿੰਘ ਜੀ ਬੇਅੰਤ ਜੀ ਨੂੰ ਹਰ ਖੇਤਰ ਵਿਚ ਨਿਪੁੰਨ ਕਰਨਾ ਚਾਹੁੰਦੇ ਸਨ। ਇਸ ਲਈ ਉਹਨਾਂ ਨੂੰ ਪੜ੍ਹਾਈ ਤੋਂ ਇਲਾਵਾ ਸਾਰੇ ਧਾਰਮਿਕ ਪ੍ਰੋਗਰਾਮ ਪੂਰੇ ਕਰਨੇ ਹੀ ਹੁੰਦੇ ਸਨ ਪਰ ਨਾਲ ਨਾਲ ਵੱਖ ਵੱਖ ਖੇਡਾਂ ਵਿਚ ਵੀ ਅਭਿਆਸ ਕਰਨਾ ਹੁੰਦਾ ਸੀ। ਇਥੋਂ ਤੀਕਰ ਕਿ ਬੇਅੰਤ ਜੀ ਨੂੰ ਸਾਧ ਸੰਗਤ ਦੀ ਸੇਵਾ ਦੀ ਸਿੱਖਿਆ ਵੀ ਇਸੇ ਸਮੇਂ ਅੰਦਰ ਹੀ ਮਿਲੀ। ਇਕ ਦਿਨ ਜਦੋਂ ਮਾਤਾ ਜੀਵਨ ਕੌਰ ਜੀ ਨੇ ਬੇਅੰਤ ਜੀ ਨੂੰ ਸਾਧ ਸੰਗਤ ਦੇ ਭਾਂਡੇ ਮਾਂਜਦਿਆਂ ਨੂੰ ਵੇਖਿਆ ਤਾਂ ਉਹ ਆਪ ਵੀ ਉਥੇ ਬੈਠ ਕੇ ਭਾਂਡੇ ਮਾਂਜਣ ਲਗ ਪਏ। ਬੇਅੰਤ ਜੀ ਨੂੰ ਦੱਸਿਆ ਕਿ ਸੇਵਾ ਕਰਨ ਵੇਲੇ ਸ਼ੌਕੀਨੀ ਪਿੱਛੇ ਛੱਡ ਆਉਣੀ ਚਾਹੀਦੀ ਹੈ। ਜੇਕਰ ਕਪੜੇ ਚੰਗੇ ਪਾਏ ਹੋਣ ਤਾਂ ਉਹਨਾਂ ਦੇ ਮੈਲੇ ਹੋਣ ਦਾ ਹੀ ਧਿਆਨ ਰਹਿੰਦਾ ਹੈ, ਸੇਵਾ ਪੂਰੇ ਮਨ ਨਾਲ ਨਹੀਂ ਹੁੰਦੀ। ਬੇਅੰਤ ਜੀ ਨੂੰ ਆਪਣੇ ਕਪੜੇ ਆਪ ਧੋਣੇ ਅਤੇ ਆਪਣਾ ਲੰਗਰ ਆਪ ਤਿਆਰ ਕਰਨ ਦੀ ਵੀ ਪੂਰੀ ਸਿੱਖਿਆ ਦਿੱਤੀ ਗਈ ਤਾਂ ਕਿ ਜੇਕਰ ਕਿਸੇ ਵੇਲੇ ਸੇਵਕ ਤੋਂ ਬਿਨਾਂ ਵੀ ਸਮਾਂ ਕੱਢਣਾ ਪਵੇ ਤਾਂ ਮੁਸ਼ਕਿਲ ਨਾ ਹੋਵੇ।

ਗੁਰਦੇਵ ਸਿੰਘ ਮਾਂਗਟ ਜੋ ਮਗਰੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦਾ ਡਰਾਈਵਰ ਅਤੇ ਸੈਕਟਰੀ ਵੀ ਰਹੇ, ਸ਼ੁਰੂ ਵਿਚ ਬੇਅੰਤ ਜੀ ਨੂੰ ਅੰਗਰੇਜ਼ੀ ਪੜ੍ਹਾਉਣ ਦਾ ਕੰਮ ਵੀ ਕਰਦੇ ਸਨ। ਉਹ ਦੱਸਦੇ ਸਨ ਕਿ ਬਚਪਨ ਵਿਚ ਬੇਅੰਤ ਜੀ ਬਹੁਤ ਹੀ ਸੁੰਦਰ ਅਤੇ ਮਨਮੋਹਕ ਸ਼ਖਸੀਅਤ ਸਨ। ਇਕ ਵੇਰ ਉਹਨਾਂ ਦੇ ਸੰਪਰਕ ਵਿਚ ਆਉਣ ਉਪਰੰਤ ਬਦੋ-ਬਦੀ ਵਾਰ ਵਾਰ ਉਹਨਾਂ ਕੋਲ ਆਉਣ ਨੂੰ ਜੀ ਕਰਦਾ ਸੀ। ਬੇਅੰਤ ਜੀ ਬਹੁਤ ਹੀ ਠੰਢੇ ਸੁਭਾਅ ਦੇ ਮਾਲਿਕ ਅਤੇ ਮਿਠ ਬੋਲੜੇ ਸਨ। ਬੇਅੰਤ ਜੀ ਦੀ ਪ੍ਰਤਿਭਾਸ਼ਾਲੀ ਸ਼ਖਸੀਅਤ ਤੋਂ ਕੋਈ ਵੀ ਪ੍ਰਭਾਵਿਤ ਹੋਏ ਬਿਨਾ ਨਹੀਂ ਸੀ ਰਹਿ ਸਕਦਾ।

ਬੇਅੰਤ ਜੀ ਸ਼ੁਰੂ ਤੋਂ ਹੀ ਸੰਪੂਰਨ ਦੈਵੀ ਗੁਣਾਂ ਦੇ ਭੰਡਾਰ ਸਨ। ਆਪ ਜੀ ਅਤਿਅੰਤ ਸਹਿਣਸ਼ੀਲਤਾ ਦੇ ਮਾਲਿਕ ਅਤੇ ਦੂਸਰਿਆਂ ਦੇ ਦੁੱਖਾਂ ਤਕਲੀਫਾਂ ਨੂੰ ਆਪਣੇ ਉੱਤੇ ਲੈਣ ਵਾਸਤੇ ਵਿਖਿਆਤ ਸਨ। ਦਾਨੀ ਸੁਭਾਓ ਐਸਾ ਕਿ ਮਾਇਆ ਆਉਂਦੀ ਪਿੱਛੋਂ ਅਤੇ ਖ਼ਤਮ ਪਹਿਲਾਂ ਹੋ ਜਾਣੀ। ਹਰੇਕ ਦੀ ਮਦਦ ਕਰਨ ਵਿਚ ਆਪ ਜੀ ਨੂੰ ਅਤਿਅੰਤ ਪ੍ਰਸੰਨਤਾ ਮਿਲਦੀ ਸੀ।

ਆਪ ਜੀ ਨੇ ਸਦਾ ਹੀ ਬਹੁਤ ਕਰੜੇ ਅਨੁਸ਼ਾਸਨ ਦੀ ਪਾਲਣਾ ਕੀਤੀ, ਅਤੇ ਹਰ ਤਰ੍ਹਾਂ ਦੇ ਦੁਨਿਆਵੀ ਰੁਝੇਵਿਆਂ


Namdhari Elibrary NamdhariElibrary@gmail.com

ਦੇ ਬਾਵਜੂਦ ਵੀ ਧਾਰਮਿਕ ਮਰਯਾਦਾ ਦਾ ਸਦੀਵ ਹੀ ਪਾਲਣ ਕੀਤਾ। ਆਪ ਜੀ ਨੇ ਹਰ ਨਵੀਂ ਬਣਾਈ ਵਿਉਂਤ ਨੂੰ ਹਮੇਸ਼ਾਂ ਬੜੇ ਹੀ ਸਾਧਾਰਣ ਤਰੀਕੇ ਨਾਲ ਨੇਪਰੇ ਚਾੜ੍ਹਿਆ ਅਤੇ ਕਦੇ ਵੀ ਉਸ ਵਿਚ ਵਿਘਨ ਨਹੀਂ ਪੈਣ ਦਿੱਤਾ ਅਤੇ ਨਾ ਹੀ ਕਿਸੇ ਤਰ੍ਹਾਂ ਦਾ ਬੋਝ ਮਹਿਸੂਸ ਕੀਤਾ।

ਬੇਅੰਤ ਜੀ ਦੀ ਰਸਨਾ ਤੇ ਤਾਂ ਸਤਿਗੁਰੂ ਜੀ ਦਾ ਵਾਸਾ ਸੀ। ਆਪ ਜੀ ਨੇ ਅਨੇਕਾਂ ਹੀ ਦੁਖਿਆਰਿਆਂ ਦੇ ਦੁੱਖ ਅਤੇ ਮਨੋਕਾਮਨਾਵਾਂ ਆਪਣੇ ਪਵਿਤਰ ਬਚਨਾਂ ਰਾਹੀਂ ਹੀ ਦੂਰ ਕਰ ਦਿੱਤੇ। ਜੋ ਵੀ ਵਾਕ ਆਪ ਜੀ ਦੇ ਮੁਖਾਰਬਿੰਦ ਤੋਂ ਨਿਕਲਦਾ ਉਹ ਤੁਰੰਤ ਹੀ ਪੂਰਾ ਹੋ ਜਾਂਦਾ ਅਤੇ ਦੁਖਿਆਰਾ ਧੰਨ ਧੰਨ ਬੇਅੰਤ ਜੀ ਕਹਿੰਦਾ ਸੁਖੀ ਸੁਖੀ ਆਪਣੇ ਘਰ ਚਲਾ ਜਾਂਦਾ।

ਬਾਬਾ ਜਗਜੀਤ ਸਿੰਘ ਜੀ ਦੁਨਿਆਵੀ ਉਮਰ ਕਰਕੇ ਮੇਰੇ ਕੋਲੋਂ ੧੩ ਸਾਲ ਵੱਡੇ ਹਨ। ਗੁਣਾਂ ਕਰਕੇ ਤਾਂ ਉਹਨਾਂ ਦੀ ਵਡਿਆਈ ਦਾ ਥਾਹ ਪਾਇਆ ਹੀ ਨਹੀਂ ਜਾ ਸਕਦਾ। ਬਾਬਾ ਜੀ ਉਸ ਸਮੇਂ ਬਹੁਤ ਹੀ ਮੋਹ ਲੈਣ ਵਾਲੇ ਅਤੇ ਹਰ ਇਕ ਦੇ ਆਕਰਸ਼ਣ ਦਾ ਕੇਂਦਰ ਸਨ। ਹਰ ਪਲ ਹਸੂੰ ਹਸੂੰ ਕਰਦਾ ਚਿਹਰਾ, ਮਿਠਬੋਲੜਾ ਸੁਭਾਅ, ਮੋਹਨੀ ਮੂਰਤ ਤੋਂ ਕੋਈ ਵੀ ਆਕਰਸ਼ਿਤ ਹੋਏ ਬਿਨਾ ਨਹੀਂ ਸੀ ਰਹਿ ਸਕਦਾ। ਸਾਡਾ ਪਰਿਵਾਰ ਜੱਦੀ ਨਾਮਧਾਰੀ ਹੋਣ ਕਰਕੇ ਸਤਿਗੁਰੂ ਜੀ ਅਤੇ ਗੁਰੂ ਪਰਿਵਾਰ ਦੇ ਦਰਸ਼ਨ ਅਕਸਰ ਹੁੰਦੇ ਹੀ ਰਹਿੰਦੇ ਸਨ। ਇਸ ਤਰ੍ਹਾਂ ਬਾਬਾ ਜਗਜੀਤ ਸਿੰਘ ਜੀ ਵੀ ਸਾਡੇ ਘਰ ਆਮ ਆਉਂਦੇ ਰਹਿੰਦੇ ਸਨ।

ਬਾਬਾ ਜਗਜੀਤ ਸਿੰਘ ਜੀ ਆਪਣੇ ਪਿਤਾ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਏਨੇ ਸ਼ਰਧਕ, ਵਿਸ਼ਵਾਸ ਪਾਤਰ ਸਨ ਕਿ ਆਪ ਉਹਨਾਂ ਨੂੰ ਅਕਾਲਪੁਰਖ ਮੰਨਦੇ ਸਨ। ਮਹੰਤ ਅਪਾਰ ਸਿੰਘ ਜੀ ਜੋ ਅੱਜਕਲ ਲੁਧਿਆਣੇ ਵਿਖੇ ਰਹਿੰਦੇ ਹਨ ਨੇ ਸਾਰੀ ਜ਼ਿੰਦਗੀ ਗੁਰੂ ਘਰ ਦੀ ਸੇਵਾ ਵਿਚ ਹੀ ਗੁਜ਼ਾਰੀ ਹੈ। ਉਹਨਾਂ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਸੇਵਾ ਵਿਚ ਰਹਿ ਕੇ ਸਤਿਗੁਰੂ ਜਗਜੀਤ ਸਿੰਘ ਦੇ ਬਾਬਾ ਜੀ ਦੇ ਸਰੂਪ ਦਾ ਰੱਜ ਰੱਜ ਕੇ ਦਰਸ਼ਨ ਕੀਤੇ ਅਤੇ ਖੁਸ਼ੀਆਂ ਪ੍ਰਾਪਤ ਕੀਤੀਆਂ। ਉਹ ਦੱਸਦੇ ਹਨ ਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਬਾਬਾ ਜਗਜੀਤ ਸਿੰਘ ਨੂੰ ਸ੍ਰੀ ਕਾਕਾ ਜੀ ਕਹਿ ਕੇ ਸੰਬੋਧਨ ਕਰਦੇ ਹੁੰਦੇ ਸਨ। ਇਕ ਵਾਰੀ ਅੰਮ੍ਰਿਤ ਵੇਲੇ ਦੋ ਕੁ ਵਜੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਮਹੰਤ ਅਪਾਰ ਸਿੰਘ ਜੀ ਨੂੰ ਬਾਬਾ ਜਗਜੀਤ ਸਿੰਘ ਜੀ ਨੂੰ ਬੁਲਾਉਣ ਲਈ ਭੇਜਿਆ। ਬਾਬਾ ਜੀ ਉਸ ਸਮੇਂ ਇਸ਼ਨਾਨ ਕਰਕੇ ਕਛਹਿਰਾ ਬਦਲ ਰਹੇ ਸਨ। ਸਤਿਗੁਰੂ ਜੀ ਦਾ ਹੁਕਮ ਸੁਣ ਕੇ ਆਪ ਜੀ ਨੇ ਕਛਹਿਰੇ ਦਾ ਨਾਲਾ ਵੀ ਨਾ ਬੰਨ੍ਹਿਆ ਤੇ ਉਸੇ ਤਰ੍ਹਾਂ ਹੀ ਸਤਿਗੁਰੂ ਜੀ ਦੇ ਹਜ਼ੂਰ ਜਾ ਹਾਜ਼ਰ ਹੋਏ। ਸਤਿਗੁਰਾਂ ਫਰਮਾਇਆ, "ਕਾਕਾ ਕਛਹਿਰੇ ਦਾ ਨਾਲਾ ਤਾਂ ਬੰਨ੍ਹ ਲੈਂਦਾ।" ਬਾਬਾ ਜੀ ਨੇ ਅਰਜ਼ ਕੀਤੀ-ਜੀ ਫੇਰ ਆਪ ਜੀ ਦਾ ਹੁਕਮ ਨਹੀਂ ਸੀ ਮੰਨਿਆ ਜਾਣਾ।

ਬਾਬਾ ਜਗਜੀਤ ਸਿੰਘ ਜੀ ਨੌਜਵਾਨਾਂ ਦਾ ਮੁੱਢ ਤੋਂ ਹੀ ਵਿਸ਼ੇਸ਼ ਧਿਆਨ ਕਰਦੇ ਸਨ ਅਤੇ ਉਹਨਾਂ ਨੂੰ ਆਪਣੀ ਰੁਚੀ ਅਨੁਸਾਰ ਪ੍ਰੇਰਣਾ ਦੇ ਕੇ ਆਪਣੇ ਵੱਲ ਆਕਰਸ਼ਿਤ ਕਰਦੇ ਸਨ। ਸੰਨ ੧੯੫੧ ਵਿਚ ਮੈਂ ਸ਼ਿਮਲੇ ਹੁੰਦਾ ਸਾਂ। ਬਾਬਾ ਜੀ ਨੇ ਉਥੇ ਦਰਸ਼ਨ ਦਿੱਤੇ ਅਤੇ ਮੈਨੂੰ ਹੁਕਮ ਕੀਤਾ ਕਿ ਮੈਂ ਹਰ ਹਫਤੇ ਉਹਨਾਂ ਨੂੰ ਇਕ ਚਿੱਠੀ ਲਿਖਿਆ ਕਰਾਂ। ਮੇਰੇ ਲਈ ਥੋੜੀ ਕਠਿਨਾਈ ਵੀ ਸੀ ਕਿ ਮੈਂ ਕੀ ਲਿਖਾਂ। ਫਿਰ ਵੀ ਮੈਂ ਚਰਨ ਬੰਦਨਾਂ ਅਤੇ ਰਾਜੀ ਖੁਸ਼ੀ ਦਾ ਇਕ ਪੋਸਟ ਕਾਰਡ ਲਿਖਿਆ। ਬਾਬਾ ਜੀ ਨੇ ਵੀ ਮੈਨੂੰ ਉਤਰ ਦਿੱਤਾ। ਇਹ ਸਿਲਸਿਲਾ ਕੋਈ ਦੋ ਸਾਲ ਲਗਾਤਾਰ ਚਲਦਾ ਰਿਹਾ। ਭਾਵ ਸਿਰਫ ਏਨਾ ਹੀ ਸੀ ਕਿ ਉਹ ਕਿਸੇ ਤਰੀਕੇ ਮੈਨੂੰ ਆਪਣੇ ਨੇੜੇ ਲਿਆਉਣਾ ਚਾਹੁੰਦੇ ਸਨ। ਉਦੋਂ ਦਾ ਆਪਸੀ ਸਨੇਹ ਹੌਲੀ ਹੌਲੀ ਵਧਦਾ ਗਿਆ ਅਤੇ ਮੈਂ ਪੱਕੇ ਤੌਰ ਤੇ ਉਹਨਾਂ ਦੇ ਸਨੇਹ ਵਿਚ ਕੀਲਿਆ ਗਿਆ।

ਸੰਨ ੧੯੫੪ ਵਿਚ ਮੈਂ ਮੰਡੀ ਹਿਮਾਚਲ ਵਿਚ ਪੜ੍ਹਦਾ ਸਾਂ ਅਤੇ ਮੇਰੇ ਪਿਤਾ ਜੀ ਸੰਤ ਬਚਨ ਸਿੰਘ ਜੀ ਕੁੱਲੂ ਵਿਚ ਐਸ. ਡੀ. ਓ ਸਨ। ਬਾਬਾ ਜੀ ਨੇ ਮਨਾਲੀ ਜਾਣ ਦਾ ਪ੍ਰੋਗਰਾਮ ਬਣਾ ਲਿਆ ਅਤੇ ਮੈਨੂੰ ਮੰਡੀ ਤੋਂ ਹੀ ਆਪਣੇ ਨਾਲ ਲਿਜਾਣਾ ਤਹਿ ਕਰ ਲਿਆ। ਮੇਰੇ ਵਿਆਹ ਬਾਰੇ ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣੇ ਉਪਦੇਸ਼ਾਂ ਵਿਚ ਬਹੁਤ ਵਾਰੀ ਜ਼ਿਕਰ ਕੀਤਾ ਹੈ। ਦਰਅਸਲ ਗੱਲ ਇਹ ਸੀ ਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਮੇਰਾ ਰਿਸ਼ਤਾ ਬੇਅੰਤ ਕੌਰ ਨਾਲ ਪੱਕਾ ਕਰ ਦਿੱਤਾ ਸੀ ਅਤੇ ਚਾਹੁੰਦੇ ਸਨ ਕਿ ਵਿਆਹ ਵੀ ਜਲਦੀ ਹੋ ਜਾਵੇ। ਮੈਂ ਹਾਲੀਂ ਬੀ. ਏ ਦਾ ਇਮਤਿਹਾਨ ਹੀ ਦਿੱਤਾ ਸੀ ਅਤੇ ਅੱਗੇ ਪੜ੍ਹਾਈ ਕਰਨੀ ਸੀ, ਇਸ ਕਰਕੇ ਮੈਂ ਵਿਆਹ ਲੇਟ ਕਰਨਾ ਚਾਹੁੰਦਾ ਸੀ। ਪਰ ਮੇਰੀ ਕੋਈ ਵਾਹ ਨਹੀਂ ਸੀ ਚਲ ਰਹੀ। ਜਦੋਂ ਬਾਬਾ ਜੀ ਨੇ ਮਨਾਲੀ ਦਾ ਪ੍ਰੋਗਰਾਮ ਬਣਾਇਆ ਤਾਂ ਮੈਂ ਸੋਚਿਆ ਕਿ ਇਹ ਮੌਕਾ ਚੰਗਾ ਹੈ, ਮੈਂ ਮੌਕਾ ਦੇਖ ਕੇ ਬਾਬਾ ਜੀ ਨੂੰ ਅਰਜ਼ ਕਰਾਂਗਾ ਕਿ ਉਹ ਮੇਰੀ ਮਦਦ ਕਰਨ। ਅਸੀਂ ਤਿੰਨ ਚਾਰ ਦਿਨ ਮਨਾਲੀ ਰਹੇ ਅਤੇ ਹਰ ਦਿਨ ਪਹਾੜਾਂ ਦੀ ਸੈਰ ਕਰਕੇ ਅਤੇ ਚੈਰੀਆਂ ਖਾ ਖਾ ਕੇ ਖੂਬ ਅਨੰਦ ਮਾਣਿਆ।


Namdhari Elibrary NamdhariElibrary@gmail.com

ਇਕ ਦਿਨ ਮੈਂ ਆਪਣੇ ਮਨ ਦੀ ਗੱਲ ਬਾਬਾ ਜੀ ਨੂੰ ਕਹਿ ਦਿੱਤੀ ਅਤੇ ਅਰਜ਼ ਕੀਤੀ ਕਿ ਉਹ ਮੇਰੀ ਸਹਾਇਤਾ ਕਰਨ। ਬਾਬਾ ਜੀ ਦਾ ਜਵਾਬ ਸੀ, "ਸਤਿਗੁਰੂ ਜੀ ਮੇਰੀ ਗੱਲ ਨੂੰ ਮੰਨ ਤੇ ਲੈਂਦੇ ਹਨ, ਪਰ ਫੇਰ ਸੋਚ ਵਿਚ ਪੈ ਜਾਂਦੇ ਹਨ ਕਿ ਕਾਕੇ ਨੇ ਇਹ ਗੱਲ ਕਿਉਂ ਆਖੀ ਹੈ। ਇਸ ਨਾਲ ਮੇਰੇ ਮਨ ਨੂੰ ਵੀ ਤਕਲੀਫ ਹੁੰਦੀ ਹੈ ਕਿ ਮੈਂ ਸਤਿਗੁਰੂ ਜੀ ਦੀ ਰਜ਼ਾ ਦੇ ਉਲਟ ਕੰਮ ਕੀਤਾ ਹੈ। ਸਾਰੇ ਸੁਖ ਤੇ ਆਖਿਰ ਸਤਿਗੁਰੂ ਜੀ ਦੀ ਰਜ਼ਾ ਅਨੁਸਾਰ ਹੀ ਰਹਿਣ ਵਿਚ ਹਨ।" ਮੈਨੂੰ ਵੀ ਅਖੀਰ ਇਹੋ ਜਿਹੀਆਂ ਦਲੀਲਾਂ ਦੇ ਕੇ ਸਤਿਗੁਰੂ ਜੀ ਦਾ ਹੁਕਮ ਮੰਨਣ ਨੂੰ ਮਨਾ ਹੀ ਲਿਆ।

ਬਾਬਾ ਜਗਜੀਤ ਸਿੰਘ ਜੀ ਦੇ ਨਾਲ ਕੁਝ ਸਮਾਂ ਬਿਤਾਉਣ ਕਾਰਣ। ਉਹਨਾਂ ਦੀ ਨੇੜਤਾ ਅਤੇ ਸੂਝ ਬੂਝ ਦੇ ਬਾਰੇ ਕਿਣਕਾ ਕੁ ਜਾਣਕਾਰੀ ਮਿਲਣ ਉਪਰੰਤ ਮੈਨੂੰ ਇਹ ਯਕੀਨ ਹੋ ਗਿਆ ਹੈ ਕਿ ਕਿਸੇ ਵੀ ਵਿਅਕਤੀ ਦਾ ਸਤਿਗੁਰੂ ਰੂਪ ਵਿਚ ਕਾਰਜਸ਼ੀਲ ਹੋਣਾ ਦੁਨਿਆਵੀ ਨਹੀਂ ਦੈਵੀ ਫੈਸਲਾ ਹੁੰਦਾ ਹੈ। ਅਕਾਲ ਪੁਰਖ ਨਿਰਾਕਾਰ ਦਾ ਸਰਗੁਣ ਸਰੂਪ ਹੋ ਕੇ ਵਿਚਰਨਾ ਕਿਸੇ ਹਾਲਤ ਵਿਚ ਵੀ ਦੁਨਿਆਵੀ ਨਹੀਂ ਹੋ ਸਕਦਾ। ਇਹ ਕੋਈ ਜੱਦੀ ਪੁਸ਼ਤੀ ਚੀਜ਼ ਨਹੀਂ, ਅਕਾਲ ਪੁਰਖ ਨਾਲ ਸਿੱਧੇ ਤੌਰ ਤੇ ਜੁੜਿਆ ਹੋਇਆ ਮਸਲਾ ਹੈ। ਸਤਿਗੁਰੂ ਦਾ ਉਤਰਾਧਿਕਾਰੀ ਕੋਈ ਸਾਧਾਰਣ ਮਨੁੱਖ ਤਾਂ ਹੋ ਹੀ ਨਹੀਂ ਸਕਦਾ। ਜੇਕਰ ਕੋਈ ਇਹੋ ਜਿਹੀ ਆਸ ਲਗਾਉਂਦਾ ਵੀ ਹੈ ਤਾਂ ਇਹ ਉਸਦੀ ਮੂਰਖਤਾ ਦਾ ਪ੍ਰਗਟਾਵਾ ਹੈ। ਪੁਰਾਤਨ ਇਤਿਹਾਸ ਇਸ ਦਾ ਗਵਾਹ ਹੈ ਕਿ ਕਈ ਵਾਰੀ ਗੁਰੂ ਪੁੱਤਰਾਂ ਦੀ ਅਜਿਹੀ ਸੋਚ ਵਿਚਾਰ ਵੀ ਕਾਮਯਾਬ ਨਹੀਂ ਹੋ ਸਕੀ। ਵਰਤਮਾਨ ਸਤਿਗੁਰੂ ਨੂੰ ਇਹ ਸੰਪੂਰਨ ਗਿਆਨ ਹੁੰਦਾ ਹੈ ਕਿ ਉਸਦਾ ਉਤਰਾਧਿਕਾਰੀ ਕੌਣ ਹੋਵੇਗਾ। ਫਿਰ ਵੀ ਸਤਿਗੁਰੂ ਜੀ ਇਕ ਦੁਨਿਆਵੀ ਲੀਲਾ ਕਰਦੇ ਹਨ, ਤਾਂ ਕਿ ਆਮ ਲੋਕਾਂ ਨੂੰ ਮਨ ਕਰਕੇ ਤਸੱਲੀ ਹੋ ਜਾਵੇ ਕਿ ਸਤਿਗੁਰੂ ਜੀ ਦੀ ਆਪਣੇ ਉਤਰਾਧਿਕਾਰੀ ਦੀ ਚੋਣ ਸਹੀ ਹੈ। ਇਸ ਗੱਲ ਦਾ ਸਬੂਤ ਵੀ ਇਤਿਹਾਸ ਵਿਚ ਉਪਲਬਧ ਹੈ ਕਿ ਸਤਿਗੁਰੂ ਨੇ ਆਪਣੇ ਸੇਵਕਾਂ ਦੀ ਹਮੇਸ਼ਾਂ ਪ੍ਰੀਖਿਆ ਲਈ, ਅਤੇ ਜਿਹੜਾ ਇਸ ਪ੍ਰੀਖਿਆ ਵਿਚ ਸਫਲ ਹੋਇਆ ਉਹੀ ਉਤਰਾਧਿਕਾਰੀ ਵੀ ਬਣਿਆ। ਇਸ ਪੱਖ ਦਾ ਬਹੁਤਾ ਵਿਸਥਾਰ ਲੇਖ ਨੂੰ ਅਧਿਕ ਲੰਬਾ ਬਣਾ ਸਕਦਾ ਹੈ ਸੋ ਮੈਂ ਏਨਾ ਹੀ ਕਹਿਣਾ ਯੋਗ ਸਮਝਦਾ ਹਾਂ ਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਬਾਬਾ ਜਗਜੀਤ ਸਿੰਘ ਜੀ ਦੀਆਂ ਕਈ ਦੁਨਿਆਵੀਂ ਪ੍ਰੀਖਿਆਵਾਂ ਲਈਆਂ ਅਤੇ ਉਹਨਾਂ ਨੂੰ ਹਰ ਪ੍ਰਕਾਰ ਨਾਲ ਆਪਣਾ ਉਤਰਾਧਿਕਾਰੀ ਬਣਨ ਯੋਗ ਸਮਝਿਆ ਹੀ ਨਹੀਂ ਸਗੋਂ ਸਾਧ ਸੰਗਤ ਨੂੰ ਵੀ ਇਹ ਭਰੋਸਾ ਦਿਵਾਇਆ ਕਿ ਬਾਬਾ ਜਗਜੀਤ ਸਿੰਘ ਜੀ ਹਰ ਪ੍ਰਕਾਰ ਨਾਲ ਪੰਥਕ ਜ਼ਿੰਮੇਦਾਰੀਆਂ ਨੂੰ ਸੰਭਾਲਣਯੋਗ ਹਨ।

ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਤੋਂ ਹੀ ਸਾਧ ਸੰਗਤ ਬਾਬਾ ਜਗਜੀਤ ਸਿੰਘ ਜੀ ਨੂੰ ਸੰਪੂਰਨ ਸ਼ਰਧਾ ਭਾਵਨਾ ਨਾਲ ਸਤਿਕਾਰਦੀ ਸੀ ਅਤੇ ਉਹਨਾਂ ਦੇ ਹੁਕਮਾਂ ਨੂੰ ਉਸੇ ਤਰ੍ਹਾਂ ਮੰਨਦੀ ਸੀ ਜਿਸ ਤਰ੍ਹਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹੁਕਮਾਂ ਨੂੰ ਮੰਨਦੀ ਸੀ। ਬਾਬਾ ਜੀ ਵੀ ਸਾਧ ਸੰਗਤ ਨੂੰ ਪੂਰਨ ਤੌਰ ਤੇ ਸਤਿਕਾਰਦੇ ਸਨ, ਉਹਨਾਂ ਦੇ ਦੁੱਖ ਸੁਖ ਵਿਚ ਉਹਨਾਂ ਨਾਲ ਸਨੇਹ ਭਾਵਨਾ ਰਖਦੇ ਸਨ। ਬਾਬਾ ਜਗਜੀਤ ਸਿੰਘ ਜੀ ਨੂੰ ਵੀ ਸਤਿਗੁਰੂ ਆਸ਼ਾ ਨਾਮਧਾਰੀ ਪੰਥ ਦੀ ਉਨਤੀ ਅਤੇ ਸਾਧ ਸੰਗਤ ਦਾ ਸੁਖ ਚੈਨ ਦਾ ਵਿਸ਼ੇਸ਼ ਧਿਆਨ ਰਹਿੰਦਾ ਸੀ। ਨੌਜਵਾਨ ਬੱਚਿਆਂ ਵਿਚ ਆਪ ਜੀ ਦੀ ਵਿਸ਼ੇਸ਼ ਰੁਚੀ ਸੀ। ਇਸ ਕਰਕੇ ਪੰਥਕ ਜ਼ਿੰਮੇਵਾਰੀ ਸੰਭਾਲਣ ਉਪਰੰਤ ਆਪ ਜੀ ਨੇ ਵਿੱਦਿਅਕ ਜਥਿਆਂ ਦਾ ਸੰਗਠਨ ਕੀਤਾ।

ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਉਪਦੇਸ਼ਾਂ ਵਿਚ ਆਉਂਦਾ ਹੈ ਕਿ ਸਤਿਗੁਰੂ ਦੀ ਕਰਨੀ ਨੂੰ ਸਮਝਣਾ ਅਸੰਭਵ ਹੈ। ਉਹ ਜੋ ਕੁਝ ਕਰਦਾ ਹੈ ਉਸਦਾ ਸਿਰਫ ਉਸੇ ਨੂੰ ਹੀ ਪਤਾ ਹੁੰਦਾ ਹੈ। ਕੋਈ ਜੀਵ ਉਸ ਬਾਰੇ ਕੁਝ ਨਹੀਂ ਜਾਣ ਸਕਦਾ ਸਤਿਗੁਰੂ ਜਗਜੀਤ ਸਿੰਘ ਜੀ ਤਾਂ ਅਤਿਅੰਤ ਗਹਿਰੇ, ਠੰਢੇ ਅਤੇ ਵਿਰਾਟ ਹਨ। ਉਹਨਾਂ ਦੀ ਕਰਨੀ ਨੂੰ ਥੋੜਾ ਬਹੁਤਾ ਵੀ ਜਾਣ ਲੈਣਾ ਅਸੰਭਵ ਹੈ। ਆਪ ਜੀ ਨੇ ਨਾਮਧਾਰੀ ਪੰਥ ਦਾ ਚੌਤਰਫਾ ਵਿਕਾਸ ਕੀਤਾ। ਸਾਹਿਤ ਜੋ ਵਿਦੇਸ਼ੀ ਰਾਜ ਦੀਆਂ ਸਖਤੀਆਂ ਕਾਰਨ ਅਣਛਪਿਆ ਹੀ ਪਿਆ ਹੋਇਆ ਸੀ ਉਸਨੂੰ ਛਪਵਾ ਕੇ ਪੰਥ ਦੇ ਸਾਹਿਤਿਕ ਖਜ਼ਾਨੇ ਨੂੰ ਭਰਪੂਰ ਕੀਤਾ। ਵਿੱਦਿਅਕ ਖੇਤਰ ਵਿਚ ਵੀ ਨਾਮਧਾਰੀ ਬੱਚਿਆਂ ਦੇ ਭਵਿੱਖ ਨੂੰ ਸੁਧਾਰਨ ਲਈ ਕਈ ਸਕੂਲ ਖੋਲ੍ਹੇ। ਅੱਜ ਨਾਮਧਾਰੀ ਨੌਜਵਾਨ ਆਪ ਜੀ ਦੀ ਕਿਰਪਾ ਅਨੁਸਾਰ ਉਚੇ ਉਚੇ ਅਹੁਦਿਆਂ ਤੇ ਕਾਰਜਸ਼ੀਲ ਹਨ।

ਸਤਿਗੁਰੂ ਜੀ ਦੀ ਮਹਿਮਾ ਬਹੁਤ ਆਗਾਧ ਹੈ। ਇਸਦਾ ਕਥਨ ਅਸੰਭਵ ਹੈ। ਅਰਦਾਸ ਹੀ ਕਰਦਾ ਹਾਂ ਕਿ ਸਤਿਗੁਰੂ ਜੀ ਆਪਣੀ ਬਖਸ਼ਸ਼ ਸਦਾ ਬਣਾਈ ਰੱਖਣ।


Namdhari Elibrary NamdhariElibrary@gmail.com

# Dynamic Hydrofab

dhf®

**Specialize in : -**

**Hydraulic Cylinders**

**Tipping Cylinders**

**Power Packs**

**Broaching Machines**

Tel. : 011-65161841
Telefax : 011-27834388
Mob. : 93501-84284
e-mail : dhf@dfh.in
e-mail : dhfdelhi@gmail.com
web : www.dhf.in



ਪਰਗਟ ਸਿੰਘ ਬਾਜਵਾ

# Dynamic Hydrofab

**B-195, Libaspur Road, Samaipur, Delhi-110042**




Namdhari Elibrary NamdhariElibrary@gmail.com



# ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪ੍ਰਕਾਸ਼ ਦਿਵਸ ਦੀਆਂ

# ਲੱਖ-ਲੱਖ ਵਧਾਈਆਂ



**ਸੂਬਾ ਬਲਵਿੰਦਰ ਸਿੰਘ ਝੱਲ**
ਪ੍ਰਧਾਨ ਵਿਸ਼ਵ ਨਾਮਧਾਰੀ ਵਿਦਿਅਕ ਜਥਾ
ਸ੍ਰੀ ਭੈਣੀ ਸਾਹਿਬ



**ਸੰਤ ਹਰਜੀਤ ਸਿੰਘ ਮੁਠੱਡਾ ਕਲਾਂ**
ਜਨਰਲ ਸਕੱਤਰ ਵਿਸ਼ਵ ਨਾਮਧਾਰੀ ਵਿਦਿਅਕ ਜਥਾ
ਸ੍ਰੀ ਭੈਣੀ ਸਾਹਿਬ



**ਸ. ਸੁਖਵਿੰਦਰ ਸਿੰਘ ਲਾਇਲ**
ਸਕੱਤਰ ਵਿਸ਼ਵ ਨਾਮਧਾਰੀ ਵਿਦਿਅਕ ਜਥਾ



**ਸੰਤ ਗੁਰਦੇਵ ਸਿੰਘ ਸਰਪੰਚ**
ਪ੍ਰਧਾਨ ਨਾਮਧਾਰੀ ਵਿਦਿਅਕ ਜਥਾ
ਜਾਲਖੇੜੀ (ਫਤਿਹਗੜ੍ਹ ਸਾਹਿਬ)



Namdhari Elibrary NamdhariElibrary@gmail.com

# ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ
# ਪ੍ਰਕਾਸ਼ ਦਿਵਸ ਦੀਆਂ
# ਲੱਖ-ਲੱਖ ਵਧਾਈਆਂ



ਸ. ਸੇਵਾ ਸਿੰਘ ਨਾਮਧਾਰੀ ਚੇਅਰਮੈਨ ਬੀਬੀ ਪਵਨ ਜੀਤ ਕੌਰ
ਭੁਪਿੰਦਰ ਸਿੰਘ, ਬਲਵੰਤ ਸਿੰਘ ਸੰਤੋਖ ਸਿੰਘ

# FUN N' FOOD VILLAGE
## V. KAPASHERA, OLD GURGOAN ROAD, DELHI




Namdhari Elibrary NamdhariElibrary@gmail.com




ਸਤਿਗੁਰੂ ਜਗਜੀਤ ਸਿੰਘ ਜੀ ਦੇ ਅਵਤਾਰ ਪੁਰਬ
ਤੇ ਸੰਗਤਾਂ ਨੂੰ ਲੱਖ- ਲੱਖ ਵਧਾਈ

ਨਵੇਂ ਨਵੇਂ ਵੰਨ-ਸੁਵੰਨੇ ਡਿਜ਼ਾਇਨਾਂ ਵਿਚ ਤਿਆਰ ਕੀਤੇ ਹੋਏ
ਚਮਕਦਾਰ ਅਤੇ ਪੱਕੇ ਰੰਗਾਂ ਵਾਲੇ

*ਫ਼ਰਸ਼ੀ ਦਰੀਆਂ ਅਤੇ ਗ਼ਲੀਚੇ*

ਨਿਰਮਾਤਾ **ਨਾਮਧਾਰੀ ਸੇਲਜ਼**

੧੦੨੪੦/੫੪ ਲਾਇਬ੍ਰੇਰੀ ਰੋਡ, ਆਜ਼ਾਦ ਮਾਰਕੀਟ, ਦਿੱਲੀ—੧੧੦੦੦੬

**Furshi Durries & Carpets**

in Bright & Fast Colours

**Manufacturers :**

**Namdhari Sales**

**10240/54, Library Road, Azad Market, Delhi-110006**

***S. Charanjit Singh 9810556398***

***S. Satvinder Singh 9811095210***





Namdhari Elibrary NamdhariElibrary@gmail.com

# ਨਿਕੀਆਂ ਸਾਖੀਆਂ ਵੱਡੇ ਅਰਥ

*—ਮਾਸਟਰ ਅਮਰੀਕ ਸਿੰਘ*

## ਇਕਵੰਜਾ ਸਾਲ ਪੁਰਾਣੀ ਅਤਿ ਮਿੱਠੀ ਯਾਦ

ਅੱਜ ਤੋਂ ਪੂਰੇ ਇਕਵੰਜਾ ਸਾਲ ਪਹਿਲਾਂ ਦੀ ਇਕ ਯਾਦ ਮੇਰੇ ਅੰਦਰ ਯਾਦਾਂ ਦੇ ਲੱਗੇ ਢੇਰ ਵਿਚੋਂ ਉੱਭਰ ਕੇ ਬਾਹਰ ਆਈ ਹੈ। ਸ੍ਰੀ ਜੀਵਨ ਨਗਰੋਂ ਮੈਨੂੰ ਚੰਡੀਗੜ੍ਹ ਕਿਸੇ ਕੰਮ ਜਾਣਾ ਪਿਆ। ਹਾਂ, ਯਾਦ ਆਇਆ ਕੰਮ ਇਹ ਸੀ ਕਿ ਸੰਤ ਘਸੀਟਾ ਸਿੰਘ ਵਾਲੇ ਮੁਕੱਦਮੇ ਦੀ ਨਕਲ ਲੈਣੀ ਸੀ, ਹਾਈ ਕੋਰਟ ਵਿਚ ਅਪੀਲ ਕਰਨ ਵਾਸਤੇ। ਮਹਾਰਾਜ ਬੀਰ ਸਿੰਘ ਜੀ ਬਰੀ ਹੋ ਚੁੱਕੇ ਸਨ, ਸੰਤ ਕੰਧਾਰਾ ਸਿੰਘ ਨੂੰ ਫਾਂਸੀ ਦਾ ਹੁਕਮ ਹੋ ਚੁੱਕਾ ਸੀ। ਇਹਨਾਂ ਦਿਨਾਂ ਵਿਚ ਹੀ ਨਾਮਧਾਰੀਆਂ ਤੇ ਇਕ ਸਹਿਮ ਜਿਹਾ ਛਾਇਆ ਹੋਇਆ ਸੀ ਅਟੱਲ ਪ੍ਰਤਾਪੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਸਰੀਰ ਕਰਕੇ ਬਹੁਤ ਕਮਜ਼ੋਰ ਹੋ ਚੁੱਕੇ ਸਨ। ਹਰ ਵੇਲੇ ਹਰ ਨਾਮਧਾਰੀ ਏਸੇ ਸੋਚ ਵਿਚ ਹੀ ਗੜੂੰਦ ਰਹਿੰਦਾ ਸੀ—ਕੀ ਪਤਾ ਕਦੋਂ ਕਿਹੜੇ ਵੇਲੇ ਭਾਣਾ ਵਰਤ ਜਾਏ?

ਮੈਂ ਸਵਰਗੀ ਸੰਤ ਮੰਗਲ ਸਿੰਘ ਸਲੂਜਾ ਦੇ ਘਰ ਠਹਿਰਿਆ ਹੋਇਆ ਸਾਂ। ਉਦੋਂ ਸੰਤ ਮੰਗਲ ਸਿੰਘ ਹੁਰਾਂ ਦਾ ਘਰ ਹੀ ਨਾਮਧਾਰੀਆਂ ਵਾਸਤੇ ਗੁਰਦੁਆਰਾ ਜਾਂ ਧਰਮਸਾਲਾ ਸੀ। ਦਸ-ਦਸ, ਬਾਰਾਂ-ਬਾਰਾਂ ਆਦਮੀ ਆ ਕੇ ਏਸੇ ਘਰ ਠਹਿਰਦੇ। ਸੰਤਾਂ ਦੀ ਪਤਨੀ ਤੇ ਬੱਚੇ ਰਤਾ ਮੱਥੇ ਵੱਟ ਨਾ ਪਾਉਂਦੇ ਤੇ ਸਭ ਦੀ ਹੱਥੀਂ ਸੇਵਾ ਕਰਦੇ। ਹਰ ਆਏ ਨੂੰ ਲੰਗਰ ਪਾਣੀ ਤੇ ਬਿਸਤਰਾ ਬਾ-ਇਜ਼ਤ ਮਿਲਦਾ। ਕੁਆਰਟਰ ਭਾਵੇਂ ਸੌੜਾ ਸੀ, ਪਰ ਇਸ ਪਰਿਵਾਰ ਦਾ ਦਿਲ ਸਤਿਗੁਰਾਂ ਦੀ ਕਿਰਪਾ ਨਾਲ ਸਮੁੰਦਰ ਜੇਹਾ ਚੌੜਾ ਸੀ। ਇਹਨਾਂ ਦੇ ਸਪੁੱਤਰ ਸ. ਹਰਭਜਨ ਸਿੰਘ ਸਲੂਜਾ ਤੇ ਹਰਿੰਦਰ ਸਿੰਘ ਪੜ੍ਹ ਕੇ ਆਉਂਦੇ ਤੇ ਆਈ ਸੰਗਤ ਦੀ ਸੇਵਾ ਵਿਚ ਜੁੱਟ ਜਾਂਦੇ। ਆਪ ਸਾਰਾ ਪਰਿਵਾਰ ਧਰਤੀ ਤੇ ਹੀ ਬਿਸਤਰੇ ਕਰਦੇ, ਘਰ ਆਏ ਸਾਧਾਂ ਨੂੰ ਮੰਜਿਆਂ ਜਾਂ ਬੈੱਡਾਂ 'ਤੇ ਹੀ ਆਰਾਮ ਕਰਨ ਲਈ ਬੇਨਤੀ ਕਰਦੇ। ਨਿਤ ਲੰਗਰ ਪਾਣੀ ਜਾਂ ਵਿਸ਼ਰਾਮ ਹੀ ਨਾ ਦੇਂਦੇ, ਸਗੋਂ ਸੰਤ ਮੰਗਲ ਸਿੰਘ ਜੀ ਸੈਕਟਰੀਏਟ ਵਿਚ ਹਰ ਆਏ ਸੱਜਣ ਦੀ ਪੂਰੀ ਮਦਦ ਕਰਦੇ ਉਸ ਦਾ ਕੰਮ ਜ਼ਰੂਰ ਸਿਰੇ ਚਾੜ੍ਹ ਕੇ ਹੀ ਘੱਲਦੇ।

ਅੱਜ ਐਤਵਾਰ ਸੀ, ਮੈਂ ਵਿਹਲਾ ਸਾਂ। ਸ੍ਰੀ ਭੈਣੀ ਸਾਹਿਬੋਂ ਖ਼ਬਰ ਆਈ ਕਿ ਸੱਚੇ ਪਾਤਸ਼ਾਹ ਅਟਲ ਪ੍ਰਤਾਪੀ ਸਤਿਗੁਰੂ ਪ੍ਰਤਾਪ ਸਿੰਘ ਜੀ ਮੰਡੀ ਤੋਂ ਵਾਪਸ ਸ੍ਰੀ ਭੈਣੀ ਸਾਹਿਬ ਆ ਗਏ ਹਨ, ਪਰ ਸਰੀਰ ਕਰਕੇ ਬਹੁਤ ਨਿਢਾਲ ਹੋ ਗਏ ਹਨ। ਸੋਚਿਆ ਕਿ ਕਿਉਂ ਨ ਚੱਲ ਕੇ ਦਰਸ਼ਨ ਕਰ ਆਵਾਂ ਸ੍ਰੀ ਭੈਣੀ ਸਾਹਿਬ ਜਾ ਕੇ। ਸੰਤ ਮੰਗਲ ਸਿੰਘ ਹੁਰਾਂ ਅੱਗੇ ਅਰਜ਼ ਕੀਤੀ ਤੇ ਉਹਨਾਂ ਛੁੱਟੀ ਦੇ ਦਿੱਤੀ। ਛੁੱਟੀ ਦੇ ਨਾਲ ਹਰਿੰਦਰ ਸਿੰਘ ਨੂੰ ਮੈਨੂੰ ਅੱਡੇ ਤੇ ਛੱਡ ਆਉਣ ਦਾ ਹੁਕਮ ਕਰ ਦਿੱਤਾ।



ਬੱਸ ਵਿਚ ਬੈਠਾ ਗਿਟੀਆਂ ਗਿਣ ਰਿਹਾ ਸਾਂ। ਹਜ਼ੂਰ ਕਿਸ ਤਰ੍ਹਾਂ ਦੇ ਲਗਦੇ ਹੋਣਗੇ ? ਕਿੰਨਾਂ ਸੁਡੌਲ ਤੇ ਤਾਕਤਵਰ ਸੀ ਸਰੀਰ। ਮੇਰੇ ਦਾਦਾ ਜੀ ਸੰਤ ਈਸ਼ਰ ਸਿੰਘ ਦੱਸਿਆ ਕਰਦੇ ਸਨ ਕਿ ਆਪ ਦੋਵੇਂ ਹੱਥ ਕੰਨਾਂ ਨੂੰ ਫੜ ਕੇ ਇਕਦਮ ਉੱਛਲ ਕੇ ਘੋੜੇ ਦੀ ਕੰਡ ਤੇ ਜਾ ਬੈਠਦੇ ਸਨ। ਇਕ ਵਾਕਿਆ ਅੱਖੀਂ ਡਿੱਠਾ ਮੈਨੂੰ ਸੁਣਾਇਆ। ਨਨਕਾਣਾ ਸਾਹਿਬ ਮੇਲੇ ਤੇ ਘੋੜਿਆਂ ਤੇ ਕਿੱਲਾ ਢੂੰਡਣ ਦਾ ਮੁਕਾਬਲਾ ਸੀ। ਇਹ ਕਿੱਲਾ ਕਿਸੇ ਪੋਲੀ ਲੱਕੜੀ ਦਾ ਗੱਡ ਦਿੱਤਾ ਜਾਂਦਾ ਤੇ ਘੋੜ ਸਵਾਰ ਦੂਰੋਂ ਹੱਥ ਵਿਚ ਲੰਮਾਂ ਨੇਜ਼ਾ ਫੜੀ ਘੋੜਾ ਭਜਾ ਕੇ ਆਉਂਦਾ ਤੇ ਨਿਸ਼ਾਨਾ ਬਣਾ ਕੇ ਉਸ ਕਿੱਲੇ ਨੂੰ ਨੇਜੇ ਨਾਲ ਵਿੰਨ੍ਹ ਕੇ ਲੈ ਜਾਂਦਾ। ਘੋੜਾ ਐਸਾ ਸਿਖਿਆ ਪ੍ਰਾਪਤ ਹੁੰਦਾ ਸੀ ਕਿ ਕਿੱਲੇ ਕੋਲ ਆ ਕੇ ਨੀਵਾਂ ਹੋ ਜਾਂਦਾ। ਬੜੀ ਜੋਖੋਂ ਭਰੀ ਖੇਡ ਸੀ, ਕਈ ਵਿਚਾਰੇ ਡਿਗ ਕੇ ਘੋੜੇ ਤੋਂ ਲੱਤਾਂ ਬਾਹਾਂ ਤੁੜਾ ਲੈਂਦੇ।

ਦਾਦਾ ਜੀ ਨੇ ਦੱਸਿਆ ਕਿ ਵੱਡ-ਪ੍ਰਤਾਪੀ ਜੀ ਵੀ ਏਸ ਖੇਡ ਵਿਚ ਹਿੱਸਾ ਲੈ ਰਹੇ ਸਨ। ਕਈ ਘੋੜ ਸਵਾਰ ਆਏ ਪਰ ਕਿੱਲਾ ਨਾ ਢੂੰਡਿਆ ਗਿਆ। ਹਜ਼ੂਰ ਵੀ ਘੋੜਾ ਦੌੜਾ ਕੇ ਆਏ ਪਰ ਕਿਸੇ ਕਾਰਨ ਇਹ ਮੋਰਚਾ ਨਾ ਫਤਹਿ ਹੋਇਆ; ਕਿਉਂਕਿ ਕਿੱਲੇ ਕੋਲ ਆ ਕੇ ਘੋੜੇ ਦੇ ਪੈਰਾਂ ਨਾਲ ਕਿੱਲੇ ਕੋਲ ਧੂੜ ਉਡ ਪਈ ਤੇ ਕਿੱਲਾ ਨਜ਼ਰ ਨਾ ਆਇਆ। ਸਾਰੀ ਖ਼ਲਕਤ ਵਿਚ ਰੌਲਾ ਪੈ ਗਿਆ ਲੋਕ ਕਹਿ ਰਹੇ ਸਨ— "ਕੂਕਿਆਂ ਦੇ ਗੁਰੂ ਤੋਂ ਵੀ ਕਿੱਲਾ ਨਹੀਂ ਢੂੰਡਿਆ ਗਿਆ। ਬੱਸ ਜੀ ਅੱਜ ਹੋਰ ਕੌਣ ਏਸ ਕੰਮ ਵਿਚ ਸਫਲ ਹੋ ਸਕਦੇ।"



Namdhari Elibrary NamdhariElibrary@gmail.com

ਅਖਾੜਾ ਖਿਡਣ ਲੱਗ ਪਿਆ। ਏਨੇ ਨੂੰ ਵੱਡ ਪਰਤਾਪੀ ਜੀ ਘੋੜੇ ਤੇ ਚੜ੍ਹੇ ਹੋਏ ਭੀੜ ਵਿਚ ਐਲਾਨ ਕੀਤਾ ਕਿ ਲੋਕੋ ਠਹਿਰ ਜਾਓ... ਵੇਖ ਕੇ ਜਾਣਾਂ, ਅੱਜ ਕੂਕਿਆਂ ਦੇ ਗੁਰੂ ਦਾ ਕਾਰਨਾਮਾ। ਹੁਣ ਕਿਲੇ ਨੂੰ ਸੌੜੇ ਪਾਸਿਓਂ ਗੱਡੋ। ਫੱਟੀ ਨੁਮਾ ਕਿੱਲਾ ਚਾਰ ਕੁ ਉਂਗਲਾਂ ਚੌੜਾ ਹੁੰਦਾ ਸੀ ਤੇ ਸੌੜੇ ਪਾਸਿਓਂ ਤਾਂ ਉਹ ਫੱਟੀ ਉਂਗਲ ਭਰ ਹੀ ਚੌੜੀ ਰਹਿ ਗਈ ਸੀ। ਲੋਕ ਹੈਰਾਨ ਹੋ ਕੇ ਫੇਰ ਦੂਰ ਦੂਰ ਜਾ ਕੇ ਬੈਠ ਗਏ। ਕਈ ਘੋੜ-ਸਵਾਰ ਆਏ, ਪਰ ਕਿੱਲਾ ਨਾ ਫੁੰਡਿਆ ਗਿਆ। ਅਖੀਰ ਲੋਕਾਂ ਨੂੰ ਸਤਿਗੁਰੂ ਜੀ ਦਾ ਘੋੜਾ ਸਰਪੱਟ ਦੌੜਦਾ ਹੋਇਆ ਆਉਂਦਾ ਦਿੱਸਿਆ। ਫੱਟੀ ਠੀਕ ਹੀ ਸੌੜੇ ਪਾਸਿਓਂ ਗੱਡੀ ਗਈ ਸੀ। ਘੋੜਿਆਂ ਦਾ ਸ਼ਾਹ ਸਵਾਰ ਆ ਰਿਹਾ ਸੀ ਤੇ ਲੋਕਾਂ ਦਾ ਦਿਲ ਧੱਕ-ਧੱਕ ਕਰ ਰਿਹਾ ਸੀ। ਸ਼ੇਰ ਮੌਚਿਆ, ਫੱਟੀ ਨੇਜੇ ਵਿਚ ਪਰੋਈ ਹੋਈ ਸਾਰੀ ਭੀੜ ਨੂੰ ਦਿੱਸ ਰਹੀ ਸੀ। ਹਰ ਪਾਸੇ ਧੰਨ-ਧੰਨ ਹੋ ਰਹੀ ਸੀ। ਮੈਂ ਅਜੇ ਬਾਪੂ ਜੀ ਦੀਆਂ ਦੱਸੀਆਂ ਸਤਿਗੁਰੂ ਜੀ ਦੀਆਂ ਹੋਰ ਜਵਾਂ-ਮਰਦੀ ਦੀਆਂ ਸਾਖੀਆਂ ਯਾਦ ਕਰਦਾ, ਕੰਡਕਟਰ ਨੇ ਆਵਾਜ਼ ਦਿੱਤੀ "ਚਲੋ ਬਈ ਕਟਾਣੀ ਵਾਲੇ!"

ਮੇਰੀ ਜਿਵੇਂ ਜਾਗ ਖੁੱਲ੍ਹ ਗਈ ਝਟਪਟ ਬੱਸੋਂ ਉਤਰ ਗਿਆ। ਮੈਂ ਜਿਵੇਂ ਆਪਣੇ ਦਾਦਾ ਜੀ ਕੋਲੋਂ ਸਤਿਗੁਰ ਸਾਖੀਆਂ ਹੀ ਸੁਣ ਰਿਹਾ ਸਾਂ। ਇਹ ਸਤਰਾਂ ਲਿਖਦਿਆਂ ਅੱਜ ਮੈਂ ਸੋਚ ਰਿਹਾ ਹਾਂ ਕਿ ਅੱਜ ਟੀ.ਵੀ. ਨੇ ਸਾਡੇ ਰਿਸ਼ਤੇ ਤੋੜ ਕੇ ਰੱਖ ਦਿੱਤੇ ਹਨ। ਕਿਹੜੇ ਬੱਚੇ ਨੇ ਜੋ ਸ਼ਾਮ ਨੂੰ ਵੱਡਿਆਂ ਕੋਲ ਬੈਠ ਕੇ ਵੱਡਿਆਂ ਵਡੇਰਿਆਂ ਦੀਆਂ ਸਾਖੀਆਂ ਸੁਣਦੇ ਨੇ। ਬੱਚੇ ਟੀ.ਵੀ. ਅੱਗੇ ਤੇ ਵੱਡੇ ਵਡੇਰੇ ਬਿਸਤਰਿਆਂ ਵਿਚ ਇਕੱਲ ਭੋਗ ਰਹੇ ਹੁੰਦੇ ਨੇ ਸ਼ਾਮ ਨੂੰ, ਆਪਣੀ ਅੰਦਰੀ ਬਹਾਦਰਾਂ ਤੋਂ ਸੂਰਮਿਆਂ ਦੀਆਂ ਸਾਖੀਆਂ ਦਾ ਖਜ਼ਾਨਾ ਦਬਾਈ। ਟੀ.ਵੀ. ਛੱਡ ਕੇ ਕੌਣ ਸੁਣਦੈ ਇਹ ਸਾਖੀਆਂ।

ਸ੍ਰੀ ਭੈਣੀ ਸਾਹਿਬ ਪਹੁੰਚ ਕੇ ਮੈਂ ਪਹਿਲਾਂ ਹਜ਼ੂਰ ਦੇ ਦਰਸ਼ਨਾਂ ਦੀ ਸਲਾਹ ਬਣਾਈ ਪਤਾ ਲੱਗਾ ਕਿ ਵੱਡ-ਪ੍ਰਤਾਪੀ ਜੀ ਗੋਲ ਮੰਦਰ ਕੋਲ ਸੰਗਤਾਂ ਨੂੰ ਦਰਸ਼ਨ ਦੇ ਰਹੇ ਨੇ। ਇਹ ਦਿਨ ਉਹਨਾਂ ਦੇ ਦੇਹ ਦਾ ਓਹਲਾ ਕਰਨ ਤੋਂ ਦੋ ਚਾਰ ਦਿਨ ਪਹਿਲਾਂ ਵਾਲੇ ਹੀ ਸਨ, ਸੋ ਕਾਫ਼ੀ ਸੰਗਤ ਦਰਸ਼ਨ ਕਰਨ ਆਉਂਦੀ ਰਹਿੰਦੀ ਸੀ।

ਗੋਲ ਮੰਦਰ ਕੋਲ ਜਾ ਕੇ ਵੇਖਿਆ, ਮੰਦਰ ਦੇ ਬਾਹਰ ਸ਼ਾਂਤ ਮੂਰਤ ਸ੍ਰੀ ਸਤਿਗੁਰੂ ਜੀ ਸੜ ਤੇ ਆਸਣ ਵਿਛਾਈ ਸੁਸ਼ੋਭਤ ਸਨ। ਸੰਗਤ ਲੰਮੀ ਕਤਾਰ ਵਿਚ ਵਾਰੋ ਵਾਰੀ ਦਰਸ਼ਨ ਕਰਕੇ ਜਾ ਰਹੀ ਸੀ। ਮੈਂ ਵੀ ਇਸ ਲੰਮੀ ਕਤਾਰ ਵਿਚ ਲਗ ਗਿਆ। ਦੂਰੋਂ ਹੀ ਜਦੋਂ ਮੈਂ ਆਪ ਜੀ ਦੇ ਚਿਹਰੇ ਦਾ ਦਰਸ਼ਨ ਕੀਤਾ ਤਾਂ ਸੱਚ ਜਾਣਿਓਂ ਅੱਖਾਂ ਅੱਗੇ ਹਨੇਰਾ ਆਉਣ ਵਰਗਾ ਹੋ ਗਿਆ। ਦਿਲ ਧੱਕ ਕਰ ਕੇ ਰਹਿ ਗਿਆ। ਖ਼ੈਰ ਵਾਰੀ ਆਉਣ ਤੇ ਨਮਸਕਾਰ ਕੀਤੀ। ਆਪ ਨੇ ਭਰਵੀਂ ਨਜ਼ਰ ਨਾਲ ਵੇਖਿਆ ਮੇਰੇ ਵੱਲ। ਮੈਂ ਉਸ ਨਜ਼ਰ ਦਾ ਵਾਰ ਸਹਿ ਨਾ ਸਕਿਆ ਤੇ ਅੱਖਾਂ ਵਿਚੋਂ ਅੱਥਰੂ ਆ ਗਏ। ਆਪ ਜੀ ਨੇ ਫਰਮਾਇਆ:-

"ਅਮਰੀਕ ਸਿੰਘ! ਗਊਆਂ ਦੀ ਨਸਲ ਤਾਂ ਸੁਧਾਰ ਲਈ ਸੀ, ਹੁਣ ਮਨੁੱਖਾਂ ਦੀ ਨਸਲ ਸੁਧਾਰਨੀ ਸੀ, ਪਰ....।" ਏਨੀ ਆਖ ਕੇ ਹਾਓਕਾ ਲਿਆ ਤੇ ਫਰਮਾਇਆ-"ਕੋਈ ਗੱਲ ਨਹੀਂ ਵੱਡਾ ਕਾਕਾ ਇਹ ਸਭ ਕੁਝ ਕਰੇਗਾ ....ਤੇ ਮੇਰੇ ਨਾਲੋਂ ਚੰਗਾ ਹੀ ਕਰੇਗਾ। ਤੁਸੀਂ ਜਾ ਕੇ ਉਹਦਾ ਸਾਥ ਦੇਣਾ।" ਮੇਰੀਆਂ ਭੁੱਬਾਂ ਨਿਕਲ ਗਈਆਂ। ਵੱਡ-ਪ੍ਰਤਾਪੀ ਜੀ ਦੇ ਆਖਰੀ ਸ਼ਬਦ ਸਨ ਮੇਰੇ ਨਾਲ। "ਹੌਂਸਲਾ ਕਰੋ ਸਭ ਠੀਕ ਹੋ ਜਾਏਗਾ।"

...ਤੇ ਮੈਂ ਦੋਵੇਂ ਹੱਥਾਂ ਨਾਲ ਫੇਰ ਨਮਸਕਾਰ ਕੀਤੀ ਤੇ ਅੱਗੇ ਨਿਕਲ ਗਿਆ।

ਹਜ਼ੂਰ ਦਾ ਵਾਰ ਪ੍ਰਫੁਲਤ ਹੋਣ ਲੱਗਾ। ਵੱਡੇ ਬਾਬਾ ਜੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਬਣ ਬਣਕੇ ਵੱਡ-ਪ੍ਰਤਾਪੀ ਜੀ ਦੀ ਦਿੱਲੀ ਖਾਹਿਸ਼ ਨੂੰ ਪੂਰਾ ਕਰਨ ਲਈ ਜੁੱਟ ਪਏ ਤੇ ਉਹਦੇ ਵਿਚ ਸੌ ਫੀਸਦੀ ਸਫਲ ਹੋਏ।

ਗਲੀਆਂ ਵਿਚੋਂ ਰੁਲਦੇ ਬੱਚਿਆਂ ਨੂੰ ਐਸੀ ਹੱਲਾਸ਼ੇਰੀ ਤੇ ਥਾਪਣਾ ਦਿੱਤਾ ਕਿ ਜਿਧਰ ਗਏ ਜਿੱਤਾਂ ਹੀ ਪ੍ਰਾਪਤ ਕਰਦੇ ਗਏ। ਹਾਕੀ ਵੱਲ ਵੇਖੀਏ, ਰਾਗ ਵੱਲ ਵੇਖੀਏ, ਉੱਸਰ ਚੁੱਕੇ ਤੇ ਉੱਸਰ ਰਹੇ ਮੰਦਰਾਂ ਕੋਠੀਆਂ ਵਲ ਧਿਆਨ ਮਾਰੀਏ, ਸੇਵਕਾਂ ਦੀਆਂ ਮਹਿਲਾਂ ਵਰਗੀਆਂ ਇਮਾਰਤਾਂ ਵਲ ਵੇਖੀਏ ਰਾਜ ਕੁਮਾਰਾਂ ਵਾਂਗ ਰਹਿ ਰਹੇ, ਗਰੀਬ ਘਰਾਂ ਦੇ ਬੱਚਿਆਂ ਵਲ ਨਿਹਾਰੀਏ, ਸਾਡਾ ਕੋਈ ਪੱਖ ਉਹਨਾਂ ਊਣਾ ਨਹੀਂ ਰਹਿਣ ਦਿੱਤਾ। ਉਹਨਾਂ ਦੀ ਅਰਦਾਸ ਵਿਚ ਇਹ ਤਰਮੀਮ ਸੱਚੀ ਸਿੱਧ ਹੋਈ ਏ। ਅੱਗੇ ਤਾਂ ਅਰਦਾਸ ਕਰਦੇ ਸਾਂ ਕਿ ਸੱਚੇ ਪਾਤਸ਼ਾਹ ਕਿਸੇ ਨੂੰ ਦੁਖ ਨ ਹੋਵੇ, ਅੱਜ ਅਸੀਂ ਅਰਦਾਸ ਕਰਦੇ ਹਾਂ ਕਿ ਕੋਈ ਦੁਖੀ ਹੋਵੇ ਹੀ ਨਾ। ਇਹ ਸੀ ਬੇਅੰਤ ਜੀ ਦਾ ਨਾਅਰਾ ਜੋ ਸੋਲਾਂ ਆਨੇ ਸਹੀ ਸਿੱਧ ਹੋ ਰਿਹਾ ਹੈ। ਇਹਦਾ ਵੱਡਾ ਸਬੂਤ ਇਹ ਹੈ ਕਿ ਸਾਡੇ ਮੇਲਿਆਂ ਵਿਚ ਨਾਮਧਾਰੀ ਲਿਬਾਸ ਵਿਚ ਮੰਗਤਾ ਸ਼ਾਇਦ ਨਾ ਹੀ ਮਿਲੇ।

ਵੱਡ-ਪ੍ਰਤਾਪੀ ਜੀ ਆਪਣੇ ਸਪੁੱਤਰ ਦੀ ਸਫ਼ਲਤਾ ਤੇ ਆਪਣੀਆਂ ਆਸਾਂ ਪੂਰੀਆਂ ਹੋਈਆਂ ਵੇਖ ਕੇ ਖੁਸ਼ੀ ਮਹਿਸੂਸ ਕਰ ਰਹੇ ਹੋਣਗੇ।


Namdhari Elibrary NamdhariElibrary@gmail.com

*ਆਪ-ਬੀਤੀਆਂ*

## ਰੱਜ ਕੇ ਮਿਹਨਤ ਕਰੋ

ਇਹ ਗੱਲ ੧੯੫੪-੫੫ ਦੀ ਹੋਵੇਗੀ, ਜਦੋਂ ਮੈਂ ਸ੍ਰੀ ਜੀਵਨ ਨਗਰ ਟਰੈਕਟਰ ਚਲਾਇਆ ਕਰਦਾ ਸਾਂ। ਵਿਸਾਖੀ ਦੇ ਆਸ ਪਾਸ ਕੰਮ ਦਾ ਬਹੁਤ ਜ਼ੋਰ ਸੀ, ਰਾਤ ਦਿਨ ਟਰੈਕਟਰ ਚਲਦਾ ਰਹਿੰਦਾ ਸੀ। ਓਧਰ ਸ੍ਰੀ ਜੀਵਨ ਨਗਰ ਇਲਾਕੇ ਦੀ ਨਵ ਉਸਾਰੀ ਸ਼ੁਰੂ ਸੀ। ਜ਼ਮੀਨਾਂ ਦੀ ਅਲਾਟਮੈਂਟ ਦਾ ਕਾਰਜ ਇਹਨਾਂ ਸਭ ਕਾਰਜਾਂ ਤੋਂ ਵੱਡਾ, ਜਟਿਲ ਤੇ ਪੇਚੀਦਾ ਸੀ।

ਦਿਨੇ ਸਾਰਾ ਦਿਨ ਖੇਤਾਂ ਵਿਚੋਂ ਫ਼ਸਲ ਦਾ ਲਾਂਗਾ (ਲਾਣ) ਚਾਰ ਪਹੀਆਂ ਵਾਲੀ ਟਰਾਲੀ ਤੇ ਢੋਇਆ ਜਾਂਦਾ, ਪਿੜ ਕੋਲ ਰਾਤ ਨੂੰ ਖੇਤਾਂ ਦੀ ਵਹਾਈ ਕੀਤੀ ਜਾਂਦੀ। ਗੱਲ ਕੀ ਹਰ ਪਾਸੇ ਹਰ ਬੰਦਾ ਆਪਣੇ ਕੰਮ ਵਿਚ ਰੁਝਿਆ ਰਹਿੰਦਾ। ਵੱਡ ਪ੍ਰਤਾਪੀ ਆਪ ਇਹਨਾਂ ਸਾਰੇ ਕਾਰਜਾਂ ਦਾ ਉਚੇਚਾ ਧਿਆਨ ਰੱਖਦੇ। ਇਹਨਾਂ ਦਿਨਾਂ ਵਿਚ ਉਹ ਆਪ ਕਿਤੇ ਬਾਹਰ ਨਹੀਂ ਸਨ ਜਾਇਆ ਕਰਦੇ।

ਵੱਡੇ ਬਾਬਾ ਜੀ (ਸਤਿਗੁਰੂ ਜਗਜੀਤ ਸਿੰਘ ਜੀ) ਆਪਣੇ ਸਹਾਇਕਾਂ ਸ. ਅਵਤਾਰ ਸਿੰਘ ਝੱਬਰ, ਸ. ਕਰਮ ਸਿੰਘ ਪਟਵਾਰੀ, ਸ. ਸਰਦੂਲ ਸਿੰਘ ਗਿੱਲ, ਲਾਲਾ ਕਾਂਸ਼ੀ ਰਾਮ ਪਟਵਾਰੀ ਨਾਲ ਜਲੰਧਰ ਤੇ ਸਿਰਸੇ ਵਿਚਾਲੇ ਰਾਤ ਦਿਨ ਸਫ਼ਰ ਵਿਚ ਰਹਿੰਦੇ।

ਮੈਨੂੰ ਟਰੈਕਟਰ ਤੇ ਲੱਗਿਆਂ ਨੂੰ ਕਰੀਬਨ ਪੰਦਰਾਂ ਦਿਨ ਹੋ ਗਏ ਸਨ, ਪਰ ਬੇਅੰਤ ਜੀ ਦਾ ਇਕ ਵਾਰ ਵੀ ਦਰਸ਼ਨ ਨਹੀਂ ਸਾਂ ਕਰ ਸਕਿਆ। ਮੈਂ ਰਾਤ ਦਿਨ ਆਪਣੇ ਕੰਮ ਲੱਗਾ ਰਹਿੰਦਾ ਤੇ ਬੇਅੰਤ ਜੀ ਆਪਣੀ ਟੀਮ ਨਾਲ ਆਉਂਦੇ ਤੇ ਚਲੇ ਜਾਂਦੇ। ਨਾ ਮੈਨੂੰ ਵਿਹਲ ਸੀ ਤੇ ਨਾ ਆਪ ਜੀ ਨੂੰ ਖਲਿਹਾਰ ਸੀ।

ਇਕ ਐਤਵਾਰ ਵਾਲੇ ਦਿਨ ਕੁਦਰਤੀ ਆਪ ਠਹਿਰ ਗਏ ਸ੍ਰੀ ਜੀਵਨ ਨਗਰ। ਸਾਰਾ ਲਾਣ ਵੀ ਢੋਇਆ ਜਾ ਚੁੱਕਾ ਸੀ...ਤੇ ਅੱਜ ਟਰੈਕਟਰ ਮਗਰ ਪਾਣ ਵਾਲਾ ਫਲ੍ਹਾ ਬਨਾਣਾ ਸੀ। ਫਲ੍ਹਾ ਲੱਕੜਾਂ ਦਾ ਚੌਰਸ ਢਾਂਚਾ ਬਣਾ ਕੇ ਉਪਰ ਭਾਰ ਬੰਨ੍ਹਿਆ ਜਾਂਦਾ ਸੀ, ਵਿਚ ਕਣਕ ਦਾ ਨਾੜ ਫਸਾਇਆ ਜਾਂਦਾ ਸੀ, ਜੋ ਕਣਕ ਨੂੰ ਗਾਹਣ ਵਿਚ ਸਹਾਈ ਹੁੰਦਾ ਸੀ। ਉਦੋਂ ਅੱਜ-ਕੱਲ੍ਹ ਵਾਲੇ ਥਰੈਸ਼ਰ ਜਾਂ ਕੰਬਾਈਨਾਂ ਨਹੀਂ ਸਨ। ਟਰੈਕਟਰ ਨੂੰ ਬਲਦਾਂ ਵਾਂਗ ਫਲ੍ਹੇ ਅੱਗੇ ਜੋੜ ਕੇ ਖਲਵਾੜੇ ਵਿਚ ਕਣਕ ਦੇ ਨਾੜ ਤੇ ਗੋਲ ਦਾਇਰੇ ਵਿਚ ਘੁਮਾਇਆ ਜਾਂਦਾ ਸੀ। ਜਿਸ ਨਾਲ ਕਣਕ ਦੇ ਨਾੜ ਦੀ ਤੂੜੀ ਤੇ ਸਿੱਟਿਆਂ 'ਚੋਂ ਦਾਣੇ ਅਲੱਗ ਹੋ ਜਾਂਦੇ ਸਨ।

ਬਣ ਰਹੇ ਫਲ੍ਹੇ ਕੋਲ ਮੈਂ ਤੇ ਮੇਰੇ ਸਾਥੀ ਖੜ੍ਹੇ ਸਾਂ ਕਿ ਕੋਠੀ ਵਾਲੇ ਪਾਸਿਓਂ ਸ੍ਰੀ ਬੇਅੰਤ ਜੀ ਆਪਣੀ ਟੀਮ ਤੇ ਸੇਵਕਾਂ ਨਾਲ ਸਾਡੇ ਕੋਲ ਆ ਕੇ ਖੜ੍ਹੇ ਹੋ ਗਏ। ਸਾਰਿਆਂ ਨੇ ਆਪ ਜੀ ਨੂੰ ਮੱਥਾ ਟੇਕਿਆ। ਮੈਂ ਵੀ ਸਮਝ ਲਿਆ ਕਿ ਇਹ ਹੀ ਹਨ "ਬੇਅੰਤ ਜੀ" ਜਾਂ "ਵੱਡੇ ਬਾਬਾ ਜੀ", ਕਿਉਂਕਿ ਮੈਂ ਛੋਟੇ ਹੁੰਦਿਆਂ ਹੀ ਆਪ ਜੀ ਦੇ ਦਰਸ਼ਨ ਕੀਤੇ ਸਨ। ਜਦੋਂ ਦੋਵੇਂ ਬਾਬਾ ਜੀ ਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਸਾਡੇ ਪਿੰਡ ਲਾਲੇਪੁਰ ਦਰਸ਼ਨ ਦਿੱਤੇ ਸਨ।

ਪਹਿਲੀ ਨਜ਼ਰੇ ਹੀ ਮੈਂ ਨਿਹਾਲ ਨਿਹਾਲ ਹੋ ਗਿਆ ਮੈਨੂੰ ਅੰਦਾਜ਼ਾ ਹੀ ਨਹੀਂ ਸੀ ਏਨਾ ਸੁੰਦਰ ਸਰੂਪ ਵੀ ਕੋਈ ਹੋ ਸਕਦਾ ਏ ਇਨਸਾਨੀ ਵਜੂਦ ਵਿਚ।

ਮੈਂ ਜਦੋਂ ਮੱਥਾ ਟੇਕਿਆ ਤਾਂ ਆਪ ਜੀ ਨੇ ਅਮਰ ਸਿੰਘ ਨੰਬਰਦਾਰ ਨੂੰ ਪੁੱਛਿਆ "ਇਹ ਕੌਣ ਹੈ ?"

ਇਹ ਜੀ ਅਮਰੀਕ ਸਿੰਘ ਏਸ ਟਰੈਕਟਰ ਦਾ ਨਵਾਂ ਡਰੈਵਰ ਆਇਆ ਹੈ, ਅਮਰ ਸਿੰਘ ਨੇ ਹੱਥ ਜੋੜ ਆਖਿਆ।

ਆਪ ਜੀ ਨੇ ਮੁਸਕਰਾਉਂਦਿਆਂ ਆਖਿਆ "...ਤਾਂ ਇਹ ਹੀ ਬੰਦਾ ਹੈ ਜੋ ਰਾਤ ਦਿਨ ਨਾ ਆਪ ਸੌਂਦਾ ਏ ਤੇ ਨਾ ਇਲਾਕੇ ਦੇ ਲੋਕਾਂ ਨੂੰ ਸੌਣ ਦੇਂਦਾ ਏ"। ਸੱਤਰ ਹਾਰਸ ਪਾਵਰ "ਲਾਨਜ਼ ਬੁਲਡਾਗ" ਟਰੈਕਟਰ ਇਕੋ ਸਲੰਡਰ ਸੀ ਇਸ ਕਰਕੇ ਫੱਟ-ਫੱਟ ਦੀ ਆਵਾਜ਼ ਦੂਰ ਦੂਰ ਤੱਕ ਜਾਂਦੀ ਸੀ। ਮੈਂ ਜਦੋਂ ਟਰੈਕਟਰ ਸਟਾਰਟ ਕਰਦਾ ਤਾਂ ਆਵਾਜ਼ ਮੇਰੇ ਪਿੰਡ ਪਹੁੰਚ ਜਾਂਦੀ ਤੇ ਮੇਰੀ ਮਾਤਾ ਕਹਿੰਦੀ—ਮੇਰਾ ਪੁੱਤਰ ਅਜੇ ਵੀ ਜਾਗ ਰਿਹਾ ਏ।

"ਹਾਂ ਜੀ ਇਹ ਹੀ ਹੈ..., ਅੰਮ੍ਰਿਤਸਰ ਕਲਾਂ ਤੋਂ ਹੈ ਤੇ ਸੰਤ ਤਰਨ ਸਿੰਘ ਜੀ ਵਹਿਮੀ ਹੁਰਾਂ ਦਾ ਭਾਣਜੇ ਅਮਰੀਕ ਸਿੰਘ," ਅਮਰ ਸਿੰਘ ਨੇ ਮੇਰੇ ਬਾਰੇ ਜਾਣਕਾਰੀ ਦਿੱਤੀ।

ਸ੍ਰੀ ਬੇਅੰਤ ਜੀ ਨੇ ਮੇਰੇ ਮੋਢੇ ਤੇ ਹੱਥ ਧਰ ਕੇ ਫ਼ੁਰਮਾਇਆ "ਕੰਮ ਵੀ ਜ਼ਰੂਰੀ ਏ ਪਰ ਆਰਾਮ ਵੀ ਜ਼ਰੂਰੀ ਏ ਸੱਜਣਾ, " ਬੱਸ ਜੀ ਆਹ ਕਣਕ ਗਾਹ ਕੇ ਆਰਾਮ ਹੀ ਆਰਾਮ ਹੈ ਬਾਬਾ ਜੀ" ਮੈਂ ਅਰਜ਼ ਕੀਤੀ।

"ਚੰਗਾ ਫਿਰ!... ਲੰਗਰ ਪਾਣੀ ਦਾ ਕੀ ਪ੍ਰਬੰਧ ਹੈ।" ਪੁਛਿਓ ਨੇ।

"ਜੀ ਗੁਰੂ ਕਾ ਲੰਗਰ ਹਰ ਵਕਤ ਖੁਲ੍ਹਾ ਰਹਿੰਦਾ ਏ, ਜਦੋਂ ਲੋੜ ਹੁੰਦੀ ਏ ਛਕ ਲਈਦਾ ਏ। ਮੈਂ ਹੱਥ ਜੋੜ ਕੇ ਆਖਿਆ।

ਆਪ ਜੀ ਨੇ ਅਮਰ ਸਿੰਘ ਦੇ ਕੰਨ ਵਿਚ ਕੁਝ ਆਖਿਆ ਤੇ ਮੈਨੂੰ ਥਾਪੜਾ ਦੇ ਕੇ ਫਰਮਾਇਓ ਨੇ, "ਅੱਛਾ ਰੱਜ ਕੇ ਮਿਹਨਤ ਕਰੋ। ਸਤਿਗੁਰੂ ਏਸ ਕਰੜੀ ਮਿਹਨਤ ਦਾ ਜ਼ਰੂਰ ਇਵਜ਼ਾਨਾਂ ਬਖਸ਼ਣਗੇ।"

ਮੈਂ ਫੇਰ ਮੱਥਾ ਟੇਕਿਆ, ਤੇ ਆਪ ਆਪਣੇ ਨਾਲ ਆਇਆਂ ਨਾਲ ਵਾਪਸ ਕੋਠੀ ਨੂੰ ਚਲੇ ਗਏ।

ਗਦਗਦ ਹੋਇਆ ਮੈਂ ਚੁੱਪ ਖੜ੍ਹਾ ਸੋਚ ਰਿਹਾ ਸਾਂ ਕਿ ਠੀਕ ਹੀ ਇਹ ਬੇਅੰਤ ਨੇ... ਇਕ ਸਾਹੇ ਕਿੰਨੇ ਵਰ ਬਖਸ਼ ਗਏ ਨੇ।



Namdhari Elibrary NamdhariElibrary@gmail.com



*ਮਾਸਟਰ ਅਮਰੀਕ ਸਿੰਘ ਜੀ ਸਤਿਗੁਰੂ ਜੀ ਨੂੰ ਆਪਣੀ ਪੁਸਤਕ ਅਰਪਿਤ ਕਰਦੇ ਹੋਏ*

ਦੂਸਰੇ ਦਿਨ ਮੈਨੂੰ ਲੰਗਰ ਵੀ ਸਲੱਬਾ ਮਿਲਣ ਲੱਗ ਪਿਆ ਤੇ ਇਕ ਸੇਵਕ ਵੀ ਮਿਲ ਗਿਆ, ਜੋ ਮੇਰਾ ਜਲ ਪਾਣੀ ਪਰਸ਼ਾਦਾ ਲੈ ਕੇ ਜਿੱਥੇ ਮੈਂ ਹੋਵਾਂ ਪੁਜ ਜਾਂਦਾ ਸੀ।

ਸ਼ਾਮ ਨੂੰ ਜਦੋਂ ਦੁੱਧ ਵਰਤਾਉਣ ਵਾਲੇ ਕੋਲੋਂ ਲੰਘਿਆ ਤਾਂ ਉਸ ਆਖਿਆ 'ਡਰਾਇਵਰਾ! ਤੇਰਾ ਦੁੱਧ ਪਾਈਏ ਤੋਂ ਸੇਰ ਹੋ ਗਿਆ ਏ, ਆ ਕੇ ਲੈ ਜਾਇਆ ਕਰ।"

ਮੈਂ ਸੋਚ ਰਿਹਾ ਸਾਂ ਕੱਲ੍ਹ ਨੰਬਰਦਾਰ ਅਮਰ ਸਿੰਘ ਦੇ ਕੰਨ ਵਿਚ ਇਹ ਹੀ ਆਖਿਆ ਹੋਣੈ ਦਿਆਲੂ ਜੀ ਨੇ।

ਕਰੀਬ ਪਚਵੰਜਾ ਸਾਲ ਪਹਿਲਾਂ ਆਪ ਜੀ ਦਾ ਦਿੱਤਾ ਵਰ ਅੱਜ ਪ੍ਰਫੁਲਤ ਹੋਇਆ ਹੈ। ਮੈਨੂੰ ਭਰਪੂਰ ਇਵਜ਼ਾਨਾਂ ਬਖਸ਼ਿਆ ਨੇ। ਮੈਨੂੰ ਉਹ ਸ਼ਬਦ ਅਜੇ ਤਕ ਯਾਦ ਨੇ :

"ਅੱਛਾ ਰੱਜ ਕੇ ਮਿਹਨਤ ਕਰੋ। ਏਸ ਕਰੜੀ ਮਿਹਨਤ ਦਾ ਇਵਜ਼ਾਨਾ ਸਤਿਗੁਰੂ ਜੀ ਜ਼ਰੂਰ ਦੇਣਗੇ।

## ਹੱਸਣੋ ਤੇ ਨਹੀਂ ਰੋਕਿਆ

ਬਹੁਤ ਚਿਰ ਪਹਿਲਾਂ ਅੱਜ ਵੀ ਸੱਚੇ ਪਾਤਸ਼ਾਹਾਂ ਦੀ ਤਬੀਅਤ ਕਾਫ਼ੀ ਨਾਸਾਜ਼ ਸੀ, ਭਾਵ ਦੇਹ ਕਰਕੇ ਕਾਫੀ ਅਸਵਸਥ ਸਨ। ਕੋਠੀ ਦੇ ਬਾਹਰ ਹਰੇ ਹਰੇ ਘਾਹ ਤੇ ਇਕ ਪਾਸੇ ਕੰਧ ਤੋਂ ਜ਼ਰਾ ਹਟ ਕੇ ਆਪ ਜੀ ਦਾ ਆਸਨ ਵਿਛਾਇਆ ਗਿਆ ਸੀ। ਦੁੱਧ ਚਿੱਟੀ ਚਾਦਰ ਤੇ ਆਪ ਬਿਰਾਜਮਾਨ ਸਨ। ਕਾਫ਼ੀ ਸੰਗਤ ਦਰਸ਼ਨਾਰਥ ਪਹੁੰਚੀ ਹੋਈ ਸੀ। ਇਕ ਪਹਿਰੇਦਾਰ ਨੇ ਉਠ ਕੇ ਸੰਗਤ ਅੱਗੇ ਅਰਜ਼ ਕੀਤੀ :

"ਸਾਧ ਸੰਗਤ ਜੀ, ਲਾਈਨ ਵਿਚ ਲਗ ਜਾਓ ਤੇ ਵਾਰੀ ਵਾਰੀ ਦਰਸ਼ਨ ਕਰ ਨਮਸਕਾਰ ਕਰੋ ਤੇ ਅੱਗੇ ਨਿਕਲ ਜਾਓ। ਖਲੋਣਾ ਵੀ ਨਹੀਂ ਤੇ ਬਚਨ ਵੀ ਨਹੀਂ ਕਰਨਾ। ਡਾਕਟਰ ਨੇ ਰੋਕ ਰੱਖਿਆ ਹੈ।"

ਸਾਰੀ ਸੰਗਤ ਲਾਈਨ ਵਿਚ ਲਗ ਗਈ ਤੇ ਵਾਰੀ ਵਾਰੀ ਦਰਸ਼ਨ ਕਰਕੇ ਅੱਗੇ ਨਿਕਲੀ ਜਾ ਰਹੀ ਸੀ। ਦੋਵੇਂ ਹੱਥ ਜੋੜ ਕੇ ਸਤਿਗੁਰੂ ਜੀ ਨੂੰ ਨਮਸਕਾਰ ਕਰਦੇ ਬੜੀ ਹਸਰਤ ਭਰੀ ਨਜ਼ਰ ਨਾਲ ਆਪ ਜੀ ਨੂੰ ਤਕ ਕੇ ਤੇ ਅੱਗੇ ਜਾਂਦੇ ਹੋਏ ਪਿਛਾਂਹ ਮੁੜ ਮੁੜ ਕੇ ਵੇਖਦੇ ਰਹਿੰਦੇ, ਜਦੋਂ ਤਕ ਕਿ ਉਹ ਕਾਫ਼ੀ ਦੂਰ ਨਾ ਨਿਕਲ ਜਾਂਦੇ। ਸਤਿਗੁਰੂ ਜੀ ਬੜੇ ਗਹੁ ਨਾਲ ਹਰ ਸੱਜਣ ਨੂੰ ਤੱਕ ਕੇ ਨਿਹਾਲ ਕਰਦੇ ਜਿਵੇਂ ਕੋਈ ਕਿਸਾਨ ਆਪਣੀ ਖੇਤੀ ਨੂੰ ਬੜੇ ਧਿਆਨ ਨਾਲ ਨਿਹਾਰਦਾ ਹੈ।

ਮੈਂ ਤੇ ਸ. ਹਰੀ ਸਿੰਘ ਵਡਾਣੀਆਂ ਵੀ ਦਰਸ਼ਨਾਰਥੀ ਕਤਾਰ ਵਿਚ ਲਗ ਗਏ। ਮੈਂ ਸੋਚ ਰਿਹਾ ਸਾਂ ਸੱਚੇ ਪਾਤਸ਼ਾਹ ਕਿਸ ਦਾ ਦੁੱਖ ਨਿਵਾਰਨ ਲਈ ਆਪ ਦੁੱਖ ਸਹਿ ਰਹੇ ਨੇ ਅਸੀਂ ਨਿਰਾ ਦਰਸ਼ਨ ਕਰਕੇ ਕਿਵੇਂ ਤ੍ਰਿਪਤ ਹੋਵਾਂਗੇ ? ਬਚਨ ਨਾ ਕਰਨ ਦੀ ਪਾਬੰਦੀ ਕਿਉਂ ਲਾਈ ਏ ?

ਅਸੀਂ ਜਿਹੜੇ ਘੰਟਿਆਂ-ਬੱਧੀ ਆਪ ਜੀ ਨਾਲ ਹੱਸਦੇ ਖੇਡਦੇ ਰਹਿੰਦੇ ਸਾਂ, ਬਹੁਤੀ ਮੁਸ਼ਕਲ ਤਾਂ ਸਾਡੇ ਵਾਸਤੇ ਬਣੀ ਏ। ਮੇਰੀ ਸੋਚ ਦੀ ਲੜੀ ਟੁੱਟ ਗਈ ਜਦੋਂ ਮੇਰੇ ਪਿਛਲੇ ਸੱਜਣ ਨੇ ਮੈਨੂੰ ਉਚੀ ਸਾਰੀ ਆਖਿਆ—

"ਸੰਤ ਜੀ ਅੱਗੇ, ਤੁਹਾਡੇ ਤੋਂ ਅੱਗੇ ਵਾਲੇ ਤਾਂ ਬਹੁਤ ਨੇੜੇ ਪਹੁੰਚ ਗਏ ਨੇ।"

ਮੈਂ ਜਿਵੇਂ ਉਭੜਵਾਹੇ ਤਰੱਭਕਿਆ। ਵਾਕਿਆ ਈ ਸ. ਹਰੀ ਸਿੰਘ ਮੈਥੋਂ ਕਾਫ਼ੀ ਅੱਗੇ ਸਤਿਗੁਰੂ ਜੀ ਦੇ ਕੋਲ ਪਹੁੰਚ ਗਿਆ ਸੀ। ਕਾਹਲੀ-ਕਾਹਲੀ ਮੈਂ ਵੀ ਹਜ਼ੂਰ ਦੇ ਆਸਨ ਕੋਲ ਪਹੁੰਚ ਗਿਆ। ਦੋਹਾਂ ਨਮਸਕਾਰ ਕੀਤੀ। ਸ. ਹਰੀ ਸਿੰਘ ਨੇ ਤਾਂ ਬੜੇ ਲਾਡ ਨਾਲ ਆਪ ਜੀ ਦੇ ਚਰਨ ਫੜ ਲਏ। ਸੱਚੇ ਪਾਤਸ਼ਾਹ ਸਾਡੇ ਦੋਹਾਂ ਵੱਲ ਮਿਹਰ ਨਾਲ ਭਰਪੂਰ ਨਜ਼ਰਾਂ ਨਾਲ ਵੇਖਿਆ। ਬੱਸ ਅਸੀਂ ਨਿਹਾਲ ਨਿਹਾਲ ਹੋ ਗਏ। ਬੁਲ੍ਹੀਆਂ ਫਰਕ ਰਹੀਆਂ ਸਨ, ਅੱਗੇ ਜਾਣ ਤੇ ਜੀ ਨਹੀਂ ਸੀ ਕਰਦਾ, ਪਰ ਪਹਿਰੇਦਾਰ ਦੀ ਆਵਾਜ਼ ਨੇ ਸਾਨੂੰ ਉਠਣ ਤੇ ਮਜਬੂਰ ਕਰ ਦਿੱਤਾ :

"ਸੰਤ ਜੀ ਅੱਗੇ ਚੱਲੋ, ਅਜੇ ਬਹੁਤ ਸੰਗਤ ਰਹਿੰਦੀ ਏ ਦਰਸ਼ਨ ਕਰਨ ਵਾਲੀ।"

ਅਸੀਂ ਮਰਦੇ ਕੀ ਨਾ ਕਰਦੇ ਉਠ ਬੈਠੇ। ਸਾਡੇ ਦੋਹਾਂ ਦੇ ਮੂੰਹੋਂ ਸਹਿਵਨ ਹੀ ਇਹ ਸ਼ਬਦ ਨਿਕਲ ਗਏ :

"ਡਾਕਟਰ ਨੇ ਆਪ ਜੀ ਨੂੰ ਬਚਨ ਕਰਨ ਤੋਂ ਰੋਕ ਰੱਖਿਆ ਹੈ ਹੱਸਣੋਂ ਤੇ ਨਹੀਂ ਰੋਕਿਆ ਹੋਣਾਂ। ਨਾਲ ਹੀ ਮੈਂ ਵੀ ਆਖਿਆ, "ਸੱਚੇ ਪਾਤਸ਼ਾਹੋ ਇਹ ਤੁਹਾਡੀ ਚੁੱਪ ਤਾਂ ਸਾਡੇ ਵਰਗਿਆਂ ਨੂੰ



Namdhari Elibrary NamdhariElibrary@gmail.com

ਮਾਰ ਦੇਵੇਗੀ।"

ਗ਼ਰੀਬ ਨਿਵਾਜ ਜੀ ਸੁਣ ਕੇ ਉੱਚੀ ਉੱਚੀ ਹੱਸਣ ਲੱਗ ਪਏ। ਮੁਖਾਰਬਿੰਦ ਤੋਂ ਜਿਵੇਂ ਹਜ਼ਾਰਾਂ ਫੁੱਲ ਇਕੋ ਵਾਰ ਧਰਤੀ ਤੇ ਖਿਲਰ ਗਏ ਹੋਣ। ਆਪ ਆਸਣ ਤੇ ਖੜ੍ਹੇ ਹੋ ਗਏ ਤੇ ਸਾਨੂੰ ਦੋਹਾਂ ਨੂੰ ਗਲਵਕੜੀ ਵਿਚ ਲੈ ਕੇ ਘੁੱਟ ਲਿਆ ਤੇ ਹੱਸੀ ਗਏ। ਪਹਿਰੇਦਾਰ ਭੱਜ ਕੇ ਆਇਆ। ਸੱਚ ਪਾਤਸ਼ਾਹਾਂ ਉਹਨੂੰ ਹੱਥ ਨਾਲ ਰੋਕ ਦਿੱਤਾ। ਬੋਲੇ, ਕੁਝ ਨਹੀਂ ਜਿਵੇਂ ਪਹਿਰੇਦਾਰ ਨੂੰ ਕਹਿ ਰਹੇ ਹੋਣ, "ਮੈਂ ਬੋਲ ਥੋੜ੍ਹਾ ਰਿਹਾਂ... ਹੱਸ ਹੀ ਰਿਹਾ ਹਾਂ... ਡਾਕਟਰ ਨੇ ਤਾਂ ਬੋਲਣੋਂ ਹੀ ਰੋਕ ਰੱਖਿਆ ਏ!"

ਅਸੀਂ ਵੀ ਹੱਸਣ ਵਿਚ ਆਪ ਜੀ ਦਾ ਸਾਥ ਦੇ ਰਹੇ ਸਾਂ। ਕੈਸਾ ਸਮਾਂ ਸੀ ਅੱਖਾਂ ਵਿਚ ਅੱਥਰੂ ਤੇ ਬੁੱਲ੍ਹਾਂ ਤੇ ਹਾਸਾ।"

ਖ਼ੈਰ ਸ. ਹਰੀ ਸਿੰਘ ਨੇ ਕਿਹਾ, "ਪਾਤਸ਼ਾਹੋ ਬਹਿ ਜਾਓ ਹੁਣ ਸਾਡਾ ਘਰ ਪੂਰਾ ਹੋ ਗਿਆ ਏ!"

ਸ੍ਰੀ ਸਤਿਗੁਰੂ ਜੀ ਆਸਨ ਤੇ ਬੈਠ ਗਏ ਅਸੀਂ ਅੱਗੇ ਨਿਕਲੀ ਜਾ ਰਹੇ ਸਾਂ, ਪਰ ਧਿਆਨ ਪਿਛੇ ਵਲ ਹੀ ਸੀ। ਸੱਚੇ ਪਾਤਸ਼ਾਹ ਦੀਆਂ ਮਿਹਰ ਭਰੀਆਂ ਨਜ਼ਰਾਂ ਸਾਡੇ ਵਲ ਹੀ ਸਨ ਅਜੇ ਤੱਕ।

ਅਸੀਂ ਮਹਾਨ ਅਨੰਦ ਨਾਲ ਭਰਪੂਰ ਹੋਏ ਆਪਣੇ ਡੇਰੇ ਵੱਲ ਆ ਗਏ। ਰਾਤ ਵੀ ਸ੍ਰੀ ਸਤਿਗੁਰੂ ਜੀ ਦਾ ਹਾਸਾ ਸਾਡੇ ਕੰਨਾਂ ਵਿਚ ਗੂੰਜਦਾ ਰਿਹਾ। ਵੈਸੇ ਉਹ ਹਾਸਾ ਤੇ ਅਜੇ ਤਕ ਵੀ ਕੰਨਾਂ ਵਿਚ ਗੂੰਜ ਹੀ ਰਿਹਾ ਏ ਤੇ ਉਮਰ ਭਰ ਗੂੰਜਦਾ ਹੀ ਰਹੇਗਾ।

ਸਵੇਰੇ ਆਸਾ ਦੀ ਵਾਰ ਵਿਚ ਹਜ਼ੂਰ ਨੇ ਬੜੇ ਦਿਨਾਂ ਬਾਦ ਦਰਸ਼ਨ ਦਿੱਤੇ। ਅਸੀਂ ਦੋਵੇਂ ਨਮਸਕਾਰ ਕਰਨ ਹਿਤ ਫੇਰ ਲਾਈਨ ਵਿਚ ਲੱਗ ਗਏ। ਆਪ ਜੀ ਨੇ ਸਾਨੂੰ ਦੂਰੋਂ ਹੀ ਦੇਖ ਲਿਆ ਤੇ ਜਦੋਂ ਅਸੀਂ ਨੇੜੇ ਆਏ ਤਾਂ ਖੁਲ੍ਹ ਕੇ ਖਿੜ ਖਿੜ ਹੱਸਣ ਲਗ ਪਏ। ਆਲੇ ਦੁਆਲੇ ਦੀ ਸੰਗਤ ਹੈਰਾਨ, ਕਦੀ ਸਾਡੇ ਵਲ ਤੇ ਕਦੀ ਹਜ਼ੂਰ ਵਲ ਵੇਖ ਰਹੀ ਸੀ। ਸੋਚ ਰਹੇ ਹੋਣਗੇ, "ਇਹ ਕੀ, ਕੌਤਕ ਵਰਤਾ ਰਹੇ ਨੇ ਸੱਚੇ ਪਾਤਸ਼ਾਹ!"

ਪਰ ਏਸ ਕੌਤਕ ਦਾ ਸਾਨੂੰ ਜਾਂ ਆਪ ਜੀ ਨੂੰ ਹੀ ਪਤਾ ਸੀ। ਅਸੀਂ ਜਦੋਂ ਨਮਸਕਾਰ ਕੀਤੀ ਤਾਂ ਸੱਚੇ ਪਾਤਸ਼ਾਹ ਹੱਸਦਿਆਂ ਹੱਸਦਿਆਂ ਮੂੰਹ ਤੇ ਆਪਣੀ ਉਂਗਲ ਰੱਖ ਲਈ, ਜਿਵੇਂ ਸ. ਹਰੀ ਸਿੰਘ ਦੇ ਆਖੇ ਸ਼ਬਦ ਦੁਹਰਾ ਰਹੇ ਹੋਣ :

"ਡਾਕਟਰ ਨੇ ਆਪ ਜੀ ਨੂੰ ਗੱਲ ਕਰਨੋਂ ਰੋਕਿਆ ਹੈ ਹੱਸਣੋਂ ਤੇ ਨਹੀਂ ਰੋਕਿਆ।"

ਨਮਸਕਾਰ ਕਰਕੇ ਅਸੀਂ ਕਿਸੇ ਖਾਸ ਨਸ਼ੇ 'ਚ ਗੜੂੰਦ ਹੋਏ ਆਪਣੀ ਜਗ੍ਹਾ ਤੇ ਆ ਬੈਠੇ। ਇਕ ਰਾਜ਼ ਆਪਣੇ ਅੰਦਰ ਲੈ ਕੇ ਇਕ ਦੂਜੇ ਨੂੰ ਇਕ ਭੇਦ ਦੱਸ ਰਹੇ ਸਾਂ ਤੇ ਰਾਗੀ ਇਹ ਸ਼ਬਦ ਗਾ ਰਹੇ ਸਨ—

"ਬਿਨ ਬੋਲਿਆਂ ਸਭ ਕੁਝ ਜਾਣਦਾ!"

## ਬਖਸ਼ਿਸ਼ ਦਾ ਦਰ

ਸਿਆਣੇ ਕਹਿੰਦੇ ਨੇ ਘਰ ਵਿਚ ਪਏ ਭਾਂਡੇ ਵੀ ਆਪਸ ਵਿਚ ਠਹਿਕ ਪੈਂਦੇ ਨੇ ਤੇ ਏਹੋ ਗੱਲ ਅੱਜ ਗੁਰੂ ਘਰ ਦੇ ਅਨਿੰਨ ਸੇਵਕ ਤੇ ਅਤਿ ਦੇ ਸ਼ਰਧਾਲੂ ਅਵਤਾਰ ਸਿੰਘ ਡੱਬਰ ਨਾਲ ਹੋਈ। ਕਿਸੇ ਗੱਲੋਂ ਸ੍ਰੀ ਸਤਿਗੁਰੂ ਜੀ ਨਾਲ ਨਾਰਾਜ਼ ਹੋ ਕੇ ਆਪਣੇ ਪਿੰਡ ਕਰੀਵਾਲੇ ਚਲਾ ਗਿਆ। ਸੱਚੇ ਪਾਤਸ਼ਾਹ ਹੁਕਮ ਸਾਦਰ ਫਰਮਾਇਆ ਕਿ "ਜੋ ਅਵਤਾਰ ਸਿੰਘ ਨਾਲ ਗੱਲ ਵੀ ਕਰੇਗਾ ਉਹ ਆਪਣੇ ਆਪ ਨੂੰ ਤਨਖਾਹੀਆ ਹੀ ਸਮਝੇ।"

ਬੜੀ ਮੁਸ਼ਕਲ ਬਣੀ। ਅਸੀਂ (ਮੈਂ, ਅਮਰ ਸਿੰਘ ਨੰਬਰਦਾਰ, ਤੇ ਕੋਈ ਹੋਰ) ਜੋ ਉਹਦੇ ਨਾਲ ਹਾਸਾ ਵਿਨੋਦ ਕਰਨ ਤੋਂ ਬਗ਼ੈਰ ਰਹਿ ਹੀ ਨਹੀਂ ਸਾਂ ਸਕਦੇ, ਸਾਡਾ ਕਿਵੇਂ ਗੁਜ਼ਾਰਾ ਹੋਵੇਗਾ। ਅਸਾਂ ਤਿੰਨ ਕੁ ਦਿਨ ਉਡੀਕਿਆ ਕਿ ਸ਼ਾਇਦ ਡੱਬਰ ਆ ਹੀ ਜਾਏ ਪਰ, ਉਹ ਨ ਆਇਆ। ਕਈ ਜ਼ਿੰਮੇਵਾਰ ਸ੍ਰੀ ਸਤਿਗੁਰੂ ਜੀ ਤੋਂ ਚੋਰੀ ਉਹਨੂੰ ਮਨਾਉਣ ਵੀ ਗਏ, ਪਰ ਸਫਲਤਾ ਨ ਮਿਲੀ।

ਇਕ ਦਿਨ ਮੈਂ ਅਮਰ ਸਿੰਘ ਨੰਬਰਦਾਰ ਨੂੰ ਆਖਿਆ, "ਆਪਾਂ ਦੋਵੇਂ ਵੀ ਜਤਨ ਕਰ ਵੇਖੀਏ, ਸ਼ਾਇਦ ਗੱਲ ਬਣ ਹੀ ਜਾਏ", ਪਰ ਉਹ ਆਪਣੇ ਸੁਭਾਅ ਅਨੁਸਾਰ ਹੀ ਕਹਿਣ ਲੱਗਾ, "ਰਹਿਣ ਦੇ ਯਾਰ ਉਹ ਬੜਾ ਜ਼ਿੱਦੀ ਏ ਸਾਡੇ ਆਖੇ ਉਸ ਨਹੀਂ ਆਉਣਾ। ਨਾਲੇ ਵੱਡੇ ਵੱਡੇ ਕੋਸ਼ਿਸ਼ ਕਰ ਆਏ ਨੇ, ਅਸੀਂ ਕਿਸਦੇ ਵਿਚਾਰੇ ਹਾਂ।"

"ਨਹੀਂ ਨੰਬਰਦਾਰਾ! ਮੈਨੂੰ ਯਕੀਨ ਏ ਸਾਡੇ ਗਿਆਂ ਅਵਤਾਰ ਸਿੰਘ ਨੇ ਆ ਜਾਣੈ", ਮੈਂ ਜ਼ਿਦ ਕੀਤੀ।

"ਚੰਗਾ ਫਿਰ ਜਿਵੇਂ ਤੂੰ ਕਹਿਨਾ ਏਂ, ਹੁਣੇ ਚੱਲੀਏ ਫਿਰ।" ਅਮਰ ਸਿੰਘ ਨੇ ਕਿਤੇ ਜਾਣਾ ਸੀ ਇਸ ਕਰਕੇ ਕਾਹਲਾ ਸੀ।

ਅਸੀਂ ਦੋਵੇਂ ਸਾਈਕਲਾਂ ਤੇ ਹੀ ਨਹਿਰ ਦੀ ਪਟੜੀ ਤੇ ਜਾ ਰਹੇ ਸਾਂ, ਕਿਉਂਕਿ ਸਾਈਕਲ ਹੀ ਉਸ ਜ਼ਮਾਨੇ ਵਿਚ ਕਾਰ, ਮੋਟਰ ਸਾਈਕਲ ਤੇ ਏਥੋਂ ਤਕ ਕਿ ਹਵਾਈ ਜਹਾਜ਼ ਵੀ ਸੀ।

ਰਸਤੇ ਵਿਚ ਅਸੀਂ ਸਹਿਮੇ ਹੋਏ ਆਪਸ ਵਿਚ ਅਵਤਾਰ ਸਿੰਘ ਦੀਆਂ ਹੀ ਗੱਲਾਂ ਕਰੀ ਜਾ ਰਹੇ ਸਾਂ। ਡੱਬਰ ਏਸ ਇਲਾਕੇ ਦਾ ਕੰਮ ਬਹੁਤ ਕੀਤਾ ਏ, ਸਤਿਗੁਰੂ ਜੀ ਦੀ ਕਿਰਪਾ ਨਾਲ ਉਜੜੇ ਲੋਕਾਂ ਨੂੰ ਮੁੜ ਵਸਾਉਣ ਦਾ, ਹਰ ਚੰਗੇ ਮਾੜੇ ਦੀ ਹਰ ਸੰਭਵ ਸਹਾਇਤਾ ਕੀਤੀ ਏ। ਪੱਲਿਓਂ ਕਿਰਾਇਆ ਖਰਚ ਕੇ ਵੀ ਕਿਸੇ ਨੂੰ ਨਿਰਾਸ਼ ਨਹੀਂ ਕਰਦਾ, ਸਾਡੇ ਆਖੇ ਪਤਾ ਨਹੀਂ ਮੰਨੇ ਕਿ ਨਾ ਮੰਨੇ, ...ਅੱਛਾ ਸਤਿਗੁਰੂ ਜੀ ਹੀ ਕਿਰਪਾ ਕਰਕੇ ਡੱਬਰ ਨੂੰ ਸੁਮੱਤ ਬਖਸ਼ਣਗੇ।

ਅਸੀਂ ਏਹੋ ਗੀਟੀਆਂ ਗਿਣਦੇ ਕਰੀਵਾਲੇ ਡੱਬਰ ਦੇ ਘਰ ਪਹੁੰਚ ਗਏ। (ਓਦੋਂ ਇਹ ਸਾਰਾ ਡੱਬਰ ਪਰਿਵਾਰ ਕਰੀਵਾਲੇ ਪਿੰਡ ਦੇ ਅੰਦਰ ਹੀ ਰਹਿੰਦਾ ਸੀ) ਅਵਤਾਰ ਸਿੰਘ ਆਪਣੇ


Namdhari Elibrary NamdhariElibrary@gmail.com

ਭਤੀਜਿਆਂ ਵਿਚ ਬੈਠਾ ਗੱਲਾਂ ਮਾਰ ਰਿਹਾ ਸੀ, ਸਾਨੂੰ ਵੇਖ ਕੇ ਸਾਰੇ ਮਖੌਲ ਨਾਲ ਆਖਣ ਲੱਗ ਪਏ :

"ਲਓ ਹੁਣ ਇਹ ਦੋਵੇਂ ਆ ਗਏ ਨੇ, ਚਾਚਾ ਹੁਣ ਨਹੀਂ ਰਹੇਗਾ। ਬੱਸ ਗਿਆ ਸਮਝੋ ਜੀਵਨ ਨਗਰ। ਲੰਗਰ ਦੀ ਦਾਲ ਬਿਨਾਂ ਚਾਚਾ ਨਹੀਂ ਰਹਿ ਸਕਦਾ।"

ਕੱਚੇ ਜਹੇ ਹੋਏ ਅਸੀਂ ਵੀ ਉਹਨਾਂ ਵਿਚ ਮੰਜੀਆਂ ਤੇ ਬਹਿ ਗਏ। ਪਹਿਲਾਂ ਮੈਂ ਗੱਲ ਸ਼ੁਰੂ ਕੀਤੀ, "ਸਰਦਾਰ ਸਾਹਿਬ ਚੱਲੋ ਚੱਲੀਏ। ਹੁਣ ਨਾਂਹ ਨਾ ਕਰਿਆ ਜੇ।"

ਅਮਰ ਸਿੰਘ ਵਿਚੋ ਹੀ ਬੋਲ ਪਿਆ "ਤੇਰੇ ਬਗੈਰ ਅਸੀਂ ਰਹਿ ਨਹੀਂ ਸਕਦੇ, ਓਧਰ ਮਾਲਕਾਂ ਦਾ ਹੁਕਮ ਵੀ ਤੁਸਾਂ ਸੁਣਿਆ ਹੀ ਹੋਣੈ, ਵਾਸਤਾ ਜੇ ਕਿਸੇ ਵੱਡੇ ਦਾ ਸਾਡੇ ਤੇ ਹੀ ਰਹਿਮ ਕਰੋ ਬਾਦਸ਼ਾਹੋ।"

"ਤੁਸੀਂ ਆ ਗਏ ਓ। ਮੈਂ ਚਲਾ ਤਾਂ ਚਲਦਾਂ" ਉਹਨਾਂ ਮੈਨੂੰ ਤਨਖਾਹ ਲਾ ਦੇਣੀ...ਤੇ ਮੈਂ ਤਨਖਾਹ ਨਹੀਂ ਲਵਾਉਣੀ। ਅਵਤਾਰ ਸਿੰਘ ਨੇ ਭਰਵੀਂ ਆਵਾਜ਼ ਵਿਚ ਆਖਿਆ।

"ਚੰਗਾ ਬਾਬਾ ਨਾ ਲਵਾਈਂ ਤਨਖਾਹ, ਪਰ ਸਾਡੇ ਨਾਲ ਤਾਂ ਚੱਲ" ਏਨੀ ਕਹਿਕੇ ਅਮਰ ਸਿੰਘ ਬਾਹੋਂ ਫੜ ਕੇ ਉਹਨੂੰ ਉਠਾ ਲਿਆ ਤੇ ਖਿੱਚ ਕੇ ਬੂਹੇ ਵਲ ਹੋ ਤੁਰਿਆ। "ਓਏ ਮੈਨੂੰ ਚਾਦਰ ਤਾਂ ਫੜ ਲੈਣ ਦਿਓ ਭਾਈਆ!" ਅਵਤਾਰ ਸਿੰਘ ਨੇ ਤਰਲਾ ਲੈ ਕੇ ਆਖਿਆ।

ਸਾਰੇ ਮੁੰਡਿਆਂ ਰੌਲਾ ਪਾ ਦਿੱਤਾ, "ਅਸਾਂ ਆਖਿਆ ਨਹੀਂ ਸੀ ਹੁਣ ਚਾਚਾ ਨਹੀਂ ਰਹੇਗਾ।" ਪਰ ਅਸਾਂ ਕੋਈ ਪਰਵਾਹ ਨਹੀਂ ਕੀਤੀ ਤੇ ਗੇਟੋਂ ਬਾਹਰ ਆ ਗਏ।

ਅਵਤਾਰ ਸਿੰਘ ਅਮਰ ਸਿੰਘ ਦੇ ਮਗਰ ਸਾਈਕਲ ਤੇ ਬਹਿ ਗਿਆ ਤੇ ਮੈਂ ਆਪਣੇ ਸਾਈਕਲ ਤੇ। ਅਸੀਂ ਸ੍ਰੀ ਜੀਵਨ ਨਗਰ ਵਲ ਤੁਰ ਪਏ।

ਰਾਹ ਵਿਚ ਅਸੀਂ ਅਵਤਾਰ ਸਿੰਘ ਨੂੰ ਮਖੌਲ ਨਾਲ ਆਖਿਆ "ਜਦੋਂ ਲੋਕਾਂ ਨੂੰ ਤਨਖ਼ਾਹ ਲਗਦੀ ਸੀ ਓਦੋਂ ਤਾਂ ਆਪ ਜਨਾਬ ਖੁਸ਼ ਹੁੰਦੇ ਸੀ, ਆਪਣੀ ਵਾਰੀ ਹੁਣ ਤਨਖ਼ਾਹ ਲਵਾਉਣੋਂ ਡਰ ਰਹੇ ਹੋ।"

ਪਰ ਭੱਬਰ ਵਿਚਾਰਾ ਚੁੱਪ ਸੀ। ਖੈਰ, ਅਸੀਂ ਜੀਵਨ ਨਗਰ ਪਹੁੰਚ ਗਏ ਹੱਸਦੇ ਹਸਾਂਦੇ।

ਸ੍ਰੀ ਜੀਵਨ ਨਗਰ ਕੋਠੀ ਤੋਂ ਪਹਾੜ ਵਾਲੇ ਪਾਸੇ ਚੱਕੀ ਵਾਲਾ ਟਿਊਬਵੈੱਲ ਹੁੰਦਾ ਸੀ। ਅਵਤਾਰ ਸਿੰਘ ਨੂੰ ਅਸਾਂ ਉਥੇ ਹੀ ਬਿਠਾਇਆ ਤੇ ਆਪ ਕੋਠੀ ਵਿਚ ਆ ਗਏ। ਸ੍ਰੀ ਸਤਿਗੁਰੂ ਜੀ ਪੁਰਾਣੀ ਕੋਠੀ ਵਿਚਲੇ ਵੱਡੇ ਕਮਰੇ ਵਿਚ ਸਸ਼ੋਭਿਤ ਸਨ। ਨਿਤਨੇਮ ਤੋਂ ਬਾਅਦ ਸੰਗਤ ਵੀ ਹਾਲੇ ਉਥੇ ਹੀ ਬੈਠੀ ਸੀ।

ਅਸਾਂ ਦੋਹਾਂ ਮੱਥਾ ਟੇਕਿਆ। ਸੱਚੇ ਪਾਤਸ਼ਾਹ ਨਾਰਾਜ਼ਗੀ ਵਿਚ ਹੁਕਮ ਕੀਤਾ, "ਤੁਸੀਂ ਤਨਖਾਈਏ ਹੋ, ਸੰਗਤ ਤੋਂ ਬਾਹਰ ਹੋ ਜਾਓ... ਤੁਸੀਂ ਅਵਤਾਰ ਸਿੰਘ ਕੋਲ ਗਏ ਸੀ ਨਾ, ਬੱਸ ਤੁਹਾਡਾ ਮੇਰਾ ਕੋਈ ਸਾਕ ਨਹੀਂ।"

"...ਗਰੀਬ ਨਿਵਾਜ਼ ਸਾਡੀ ਅਰਜ਼ ਸੁਣ ਤਾਂ ਲਓ, ਫੇਰ ਅਸੀਂ ਚਲੇ ਜਾਵਾਂਗੇ।" ਅਮਰ ਸਿੰਘ ਨੇ ਕੰਬਦੇ ਹੋਏ ਹੱਥ ਜੋੜ ਕੇ ਅਰਜ਼ ਕੀਤੀ।

ਫ਼ੇਰ ਅਸਾਂ ਦੋਹਾਂ ਖਿਮਾਂ ਮੰਗਦਿਆਂ ਹਜ਼ੂਰ ਨੂੰ ਮਨਾ ਲਿਆ ਕਿ ਜੇ ਅਵਤਾਰ ਸਿੰਘ ਹੁਣੇ ਆ ਜਾਏ ਤਾਂ ਬਖਸ਼ਿਸ ਦਾ ਬੂਹਾ ਨਾ ਢੋਇਓ ਸੱਚੇ ਪਾਤਸ਼ਾਹੋ।

ਮੈਂ ਗਿਆ ਤੇ ਅਵਤਾਰ ਸਿੰਘ ਨੂੰ ਸਾਈਕਲ ਦੇ ਮਗਰ ਬਿਠਾ ਲਿਆਇਆ ਹੱਥ ਜੋੜ ਕੇ ਅਵਤਾਰ ਸਿੰਘ ਖੜ੍ਹਾ ਸੀ ਨਾਲ ਅਸੀਂ ਵੀ ਦੋਵੇਂ।

ਸੱਚੇ ਪਾਤਸ਼ਾਹ ਬਚਨ ਕੀਤਾ, "ਜਿਸ ਮਨੁੱਖ ਦਾ ਦਿਮਾਗ਼ ਹੋਰ ਪਾਸੇ ਕੰਮ ਕਰੇ ਤੇ ਹੱਥ ਪੈਰ ਦੂਸਰੇ ਪਾਸੇ ਜਾਣ ਤਾਂ ਸਾਧ ਸੰਗਤ ਜੀ ਉਹ ਬੰਦਾ ਕੀ ਕਰੇ ?" ਅਵਤਾਰ ਸਿੰਘ ਵਿਚੋ ਬੋਲ ਪਿਆ, "ਗਰੀਬ, ਨਿਵਾਜ਼ ਜੀ, ਜਦੋਂ ਮੈਂ ਤੁਹਾਡੀ ਕਿਸੇ ਗਲ ਵਿਚ ਦਖ਼ਲ ਨਹੀਂ ਦੇਂਦਾ, ਤੁਸੀਂ ਮੈਨੂੰ ਕਿਉਂ ਤੰਗ ਕਰਦੇ ਓ।" ਤੇ ਉੱਚੀ ਉੱਚੀ ਰੋਣ ਲੱਗ ਪਿਆ।

"ਬੱਸ ਏਹੀ ਤਾਂ ਫ਼ਰਕ ਏ ਭੱਬਰ ਸਾਹਿਬ, ਤੂੰ ਮੇਰੀ ਹਰ ਗੱਲ ਵਿਚ ਕਿਉਂ ਨਹੀਂ ਦਖ਼ਲ ਦੇਂਦਾ", ਤੇ ਸੰਗਤ ਸਮੇਤ ਹਜ਼ੂਰ ਵੀ ਵੈਰਾਗੀ ਹੋ ਗਏ। ਅਵਤਾਰ ਸਿੰਘ ਜਾ ਕੇ ਚਰਨੀਂ ਢਹਿ ਪਿਆ ਤੇ ਥਾਪੜਾ ਦੇ ਕੇ ਹੁਕਮ ਕੀਤਾ— ਪਰ ਕਈ ਵੇਰਾਂ ਨੌਂਹਾਂ ਤੋਂ ਵੀ ਮਾਸ ਉਚੜਣ-ਤੁਲ ਹੋ ਜਾਂਦਾ ਏ ਲੋਕਾਂ ਦੀ ਕਿਰਪਾ ਨਾਲ।" ਉਠ ਕੱਪੜੇ ਮੰਗਵਾ ਲੈ ਤੇ ਆਪਾਂ ਹੁਣੇ ਜਲੰਧਰ ਚਲਣੈ ਕਮਿਸ਼ਨਰ ਨੇ ਸੱਦਿਆ ਏ।

"ਮੈਂ ਨਹੀਂ ਜਾਣਾਂ ਹੁਣ ਪਿੰਡ, (ਸਾਡੇ ਵਲ ਇਸ਼ਾਰਾ ਕਰਕੇ), "ਇਹ ਨਾ ਜਾਂਦੇ ਤਾਂ ਮੈਂ ਪਤਾ ਨਹੀਂ ਕੀ ਕਰ ਬਹਿੰਦਾ। ਕੱਪੜੇ ਏਥੇ ਹੀ ਧੁਆ ਲਵਾਂਗਾ। ਸਤਿਗੁਰੂ ਜੀ ਨੇ ਸੇਵਕ ਨੂੰ ਕਿਹਾ ਮੇਰਾ ਕੁੜਤਾ ਪਜਾਮਾ ਭੱਬਰ ਨੂੰ ਲਿਆ ਦਿਓ, ਇਹ ਕੱਪੜੇ ਹੁਣ ਇਹਨਾਂ ਨੂੰ ਨਹੀਂ ਪਹਿਨਣ ਦੇਣੇ"।

ਸੱਚੇ ਪਾਤਸ਼ਾਹ ਸਾਨੂੰ ਵੀ ਗਲਵਕੜੀ ਵਿਚ ਲੈ ਲਿਆ ਤੇ ਸਾਦਰ ਫ਼ਰਮਾਇਆ "ਤੁਸਾਂ ਅਜ ਪੁਰਾਣੇ ਸਿੱਖਾਂ ਵਾਲੀ ਕਰ ਵਖਾਈ ਹੈ, ਜੋ ਭੁੱਲੇ ਸਿੱਖਾਂ ਨੂੰ ਗੁਰੂ ਨਾਲ ਜੋੜਦੇ ਸਨ, ਤੋੜਦੇ ਨਹੀਂ ਸਨ।"

ਮੈਂ ਅੱਗੇ ਹੋ ਕੇ ਅਰਜ਼ ਕੀਤੀ, "ਗਰੀਬ ਨਿਵਾਜ਼ ਇਹ ਆਪ ਜੀ ਦੀ ਕਿਰਪਾ ਸਦਕਾ ਹੀ ਹੋ ਸਕਿਆ ਹੈ, ਨਹੀਂ ਤਾਂ ਕਿੱਥੇ ਅਸੀਂ ਤੇ ਕਿੱਥੇ ਆਪ" ਕਹਾਂ ਰਾਜਾ ਭੋਜਾ ਕਹਾਂ ਗੰਗੂਆ ਤੇਲੀ। ਤੁਸੀਂ ਗਲੀ ਦੇ ਕੱਖਾਂ ਤੋਂ ਵੀ ਕੰਮ ਲੈ ਸਕਦੇ ਹੋ।

...ਤੇ ਹਜ਼ੂਰ ਕੋਠੀ ਤੋਂ ਬਾਹਰ ਆ ਗਏ। ਸੰਗਤ ਵੀ ਨਾਲ ਸੀ। ਅਸੀਂ, ਮੈਂ ਤੇ ਨੰਬਰਦਾਰ ਅਮਰ ਸਿੰਘ, ਸਤਿਗੁਰੂ ਜੀ ਦਾ ਕੋਟਾਨ-ਕੋਟ ਧੰਨਵਾਦ ਕਰ ਰਹੇ ਸਾਂ, ਜਿਨ੍ਹਾਂ ਸਾਡੀ ਅਰਜ਼ ਮੰਨ ਕੇ ਬਖਸ਼ਿਸ ਦਾ ਦਰਵਾਜ਼ਾ ਖੋਲ੍ਹ ਦਿੱਤਾ ਸੀ।



Namdhari Elibrary NamdhariElibrary@gmail.com

# ਇਕ ਮਿੱਠੀ ਯਾਦ—ਜੋ ਅੱਜ ਕੌੜੀ ਹੋ ਗਈ

*—ਸਾਧੂ ਸਿੰਘ ਕਿਸਾਨ*



ਵਰਿਆਮ ਵੀਰੇ ਦਾ ਫੋਨ ਆਇਆ। ਬਿਅੰਤ ਪਾਤਸ਼ਾਹ ਬਾਰੇ ਅੰਕ ਵਾਸਤੇ ਕੋਈ ਪੁਰਾਣੀ ਯਾਦ ਲਿਖ ਭੇਜ।

ਚੇਤੇ ਦਿਆਂ ਸਾਗਰਾਂ 'ਚ ਮਾਰਿਆ ਖਿਆਲ ਗੋਤਾ,

ਬੜੀ ਮਿੱਠੀ-ਕੌੜੀ ਹੋਈ ਯਾਦ ਇਕ ਆਈ ਏ।

ਇਸ ਯਾਦ ਨੇ ਮਨ ਤਨ ਦੋਹਾਂ ਨੂੰ ਵਿਚਲਿਤ ਕਰ ਦਿੱਤਾ ਏ। ਕੁਦਰਤ ਦਾ ਇਹ ਕਿਹੋ ਜਿਹਾ ਵਰਤਾਰਾ ਏ। ਅਤਿ ਮਿੱਠੀਆਂ-ਦਿਲਨਸ਼ੀਂ ਯਾਦਾਂ,

ਅੱਲੇ ਜ਼ਖ਼ਮਾਂ ਵਾਂਗ ਟੱਸ-ਟੱਸ ਕਰਨ ਲੱਗ ਪੈਂਦੀਆਂ ਨੇ। ਆਂਹਦੀਆਂ ਨੇ

ਊਧੋ। ਕਾਹਨ ਦੀ ਗੱਲ ਸੁਣਾ ਸਾਨੂੰ<br>
ਕਾਹਨੂੰ ਚਿਣਗ ਚੁਆਤੀਆਂ ਲਾਈਆਂ ਨੀ।<br>
ਮਸਾਂ ਮਸਾਂ ਸਨ ਆਠਰਨ ਘਾਓ ਲੱਗੇ,<br>
ਨਵੀਆਂ ਨਸ਼ਤਰਾਂ ਆਣ ਚਲਾਈਆਂ ਨੀ।"

ਪਿਛਲੇ ਦਿਨੀ ਭੈਣੀ ਸਾਹਿਬ ਗਿਆ, ਸਾਂਹਵੇਂ ਖਲੋ ਗਿਆ। ਪਰਨਾਮ ਈ ਨਾ ਹੋਵੇ। ਹੱਥਾਂ 'ਚੋਂ ਭੇਟਾ ਕਿਰ ਗਈ। ਅੱਖਾਂ 'ਚੋਂ ਕਿਰਦੇ ਹੰਝੂ ਲੈ, ਡੌਰ ਭੌਰ ਹੋਇਆ, ਪਿਛਾਂਹ ਮੁੜ ਆਇਆ।

ਕਿਹੜੀ ਗੱਲ ਕਰਾਂ, ਕਿਹੜੀ ਨਾ— "ਕਿਸੇ ਅੱਸੂ ਦੇ ਮੇਲੇ ਹਾਜ਼ਰ ਹੋਇਆ, ਯਾਰ ਨੇ ਗੌਲਿਆ ਈ ਨਾ।"

ਦੋ ਦਿਨ ਚੰਡੀਗੜ੍ਹ ਫਿਰ ਕੇ ਆ ਗਿਆ। ਨਿਮ੍ਹਾਂ ਗੁਲਾਬੀ ਸੂਟ, ਖੁਲ੍ਹਾ ਪਜਾਮਾ, ਨਿਮ੍ਹੀ ਜਿਹੀ ਖਾਕੀ ਪੱਗ, ਉੱਘੜ ਮੁੱਘੜ ਬੰਨ੍ਹ ਕੇ, ਮੱਥਾ ਟੇਕਣ ਵਾਲੀ ਲਾਇਨ 'ਚ ਲੱਗ ਗਿਆ। ਦੂਰੋਂ ਈ ਸਮਝ ਆ ਗਈ, ਹਾਜ਼ਰੀ ਲੱਗ ਜਾਇਗੀ।

ਪਰਨਾਮ ਵਿਚ ਝੁਕੇ ਹੋਏ ਨੂੰ, ਸੱਜਾ ਹੱਥ ਮੇਰੇ ਮੋਢੇ ਤੇ ਮਾਰ ਕੇ, "ਸਾਧੂ! ਸੂਟ ਬਦਲ ਕੇ ਆ!" ਬੱਸ ਫਿਰ ਕੀ ਸੀ-ਮਾਰਦਾ ਛਾਲਾਂ-ਪੋਪਲਾ ਸੰਤ ਬਣ ਕੇ ਆ ਗਿਆ। ਕੀਰਤਨ ਹੋ ਰਿਹਾ ਸੀ। ਆਪਣੇ ਪਿਛਲੇ ਪਾਸੇ ਬਹਿਣ ਦਾ ਇਸ਼ਾਰਾ ਹੋ ਗਿਆ।

ਓਇ ਸੁਖ ਕਾ ਸਿਓ ਬਰਨ ਸੁਨਾਵਤ।...<br>
ਜਉ ਕਹਹੁ ਮੁਖਹੁ ਸੇਵਕ ਇਹਾਂ ਬੈਸੀਐ,<br>
ਸੁਖ ਨਾਨਕ ਅੰਤੁ ਨ ਜਾਨਾ॥

ਜੀਵਨ ਨਗਰ ਦਾ ਨਾਂ ਲੈਂਦਿਆਂ, ਦਿਲ ਨੂੰ ਘੇਰਾਂ ਪੈਣ ਲੱਗ ਪੈਂਦੀਆਂ ਨੇ। ਬਾਪੂ ਜੀ ਨੇ ਦੱਸਿਆ, ਸਾਧੂ ਸਿਘਾ! ਸਤਿਗੁਰੂ ਜੀ ਦੌਰੇ ਤੋਂ ਜੀਵਨ ਨਗਰ ਪਹੁੰਚ ਗਏ ਨੇ। ਦਰਸ਼ਨ ਕਰ ਆਈਏ। ਕੰਮ ਵਿਚੇ ਛੱਡ ਕੇ ਇਸ਼ਨਾਨ ਕੀਤਾ। ਧੜ ਧੜ ਕਰਦਾ ਚਿੱਟਾ ਸੂਟ ਪਾਇਆ। ਕਹਿੰਦੇ, ਸੂਟ ਬਹੁਤਾ ਈ ਚਿੱਟਾ ਏ। ਸਾਈਕਲ ਤੇ ਬਾਪੂ ਜੀ ਨੂੰ ਪਿੱਛੇ ਬਿਠਾ ਜੀਵਨ ਨਗਰ ਪੁੱਜ ਗਏ। ਹਜ਼ੂਰ ਮੇਨ ਗੇਟ ਤੋਂ ਬਾਹਰ ਆ ਰਹੇ ਸਨ। ਪਰਨਾਮ ਕੀਤੀ। ਹੁਕਮ ਹੋਇਆ, ਤੇਰਾ ਸੂਟ ਬਹੁਤਾ ਈ ਚਿੱਟਾ ਏ। ਮਨ ਵਿਚ ਆਈ, ਖੈਰ ਈ ਹੋਵੇ। ਕਈ ਦਿਨਾਂ ਬਾਦ ਆਏ ਸਨ, ਹਜ਼ੂਰ ਪਿੱਛੇ ਸੰਗਤ, ਕੋਈ ਓੜਕ ਨਾ। ਸ. ਅਵਤਾਰ ਸਿੰਘ ਝੱਬਰ, ਹਰੀ ਸਿੰਘ ਵਡਾਣਾ, ਅਮਰ ਸਿੰਘ ਨੰਬਰਦਾਰ, ਮੁਖਤਿਆਰ ਸਿੰਘ (ਖੂਹਵਾਲਾ) ਮੈਨੂੰ ਵੇਖ ਕੇ, "ਬੱਸ ਤੇਰੀਓ ਈ ਕਸਰ ਸੀ।"

ਕੀਰਤਨੀ ਜੱਥਾ-ਗੁਰਬਖਸ਼ ਸਿੰਘ ਹਰਸ਼ੇ, ਕਹਿੰਦਾ, "ਸ਼ਾਮ ਦਾ ਦੀਵਾਨ, ਸਵੇਰ ਦੇ ਵਾਰੇ ਦਾ ਹੁਕਮ ਹੋ ਗਿਐ।"

ਬਾਪੂ ਜੀ ਕਵੀ ਜੀ ਕੋਲ ਚਲੇ ਗਏ।

ਵੱਡੇ ਗੇਟ ਸਾਂਹਵੇਂ, ਜਿੱਥੇ ਹੁਣ ਮੰਦਰ ਵਿਚ ਨਿਤਨੇਮ ਹੋਂਦਾ ਏ, ਛਿਟੀਆਂ ਦਾ ਢੇਰ ਸੀ। ਕਿੰਨਾ ਕੁ ਦੱਸਾਂ! ਅਨਗਿਣਤ ਟਰਾਲੀਆਂ। ਕੋਲ ਜਾ ਕੇ; ਅਨੁਮਾਨ ਲਾਓ! ਏਹ ਏਥੋਂ ਇਕ ਕਿੱਲਾ ਦੂਰ ਕਰਨ ਤੇ ਕਿੰਨਾ ਚਿਰ ਲੱਗੇਗਾ। ਮਹਾਰਾਜ ਜੀ ਕਹਿੰਦੇ, "ਇਕ ਦੋ ਦਿਨ ਲੱਗ ਜਾਣਗੇ" ਹੁਕਮ ਹੋਇਆ, "ਗਿਆਰਾਂ ਵੱਜਣ ਵਾਲੇ ਨੇ। ਤੁਸੀਂ ਬੂੰਦੀ ਕਢਾਓ-ਤੇ ਸ਼ਰਦਾਈ ਸਾਰੀ ਸੰਗਤ ਲਈ ਬਣਾਓ। ਸ਼ਾਮ ਦਾ ਦੀਵਾਨ ਏਸੇ ਥਾਂ ਤੇ ਲੱਗੇਗਾ।"

ਇਸ਼ਾਰਾ ਹੋਣ ਤੇ ਸੰਗਤ, ਜਨਾਨੇ ਮਰਦਾਨੇ ਸਾਰੇ ਜੁੱਟ ਪਏ। ਸਾਰੇ ਧੂੜ ਈ ਧੂੜ ਹੋ ਗਈ। ਅਸੀਂ ਚਿੱਟ ਕੱਪੜੀਏ-ਥੋੜ੍ਹੀ ਦੂਰ ਹੋ ਖੜ੍ਹੇ। ਸਾਡੇ ਨੇੜੇ ਸੌ ਪੰਜਾਹ ਹੋਰ ਵੀ ਖੜੇ ਗਏ। ਸਤਿਗੁਰੂ ਜੀ ਕਦੇ ਸਾਡੇ ਕੋਲ ਆ ਖਲੋਣ, ਕਦੇ ਛਿਟੀਆਂ ਚੁੱਕਦੀ ਸੰਗਤ ਵਲ ਚਲੇ ਜਾਣ। ਸੇਵਕ ਤੋਂ ਰੁਮਾਲੀ ਮੰਗਾ ਕੇ ਮੁਖੜੇ ਤੇ ਬੰਨ੍ਹਣ ਲੱਗ ਪਏ। ਝੱਬਰ ਕਹਿੰਦਾ "ਸਫੈਦ ਪੋਸ਼! ਸਾਰੇ ਤਿਆਰ ਹੋ ਜਾਓ।

ਹਜ਼ੂਰ ਨੇ ਸਾਨੂੰ ਕੁਝ ਨਹੀਂ ਕਿਹਾ। ਸਾਡੇ ਕੋਲ ਖੜੋ ਕੇ ਰੁਮਾਲੀ ਬੰਨ੍ਹ ਕੇ, ਕਾਹਲੀ ਤੋਰੇ ਛਿਟੀਆਂ ਚੁੱਕਣ ਲੱਗ ਪਏ।

ਬੱਸ-ਫਿਰ ਕੀ ਸੀ, ਇਕ ਸਿੰਘ ਨੇ ਜੈਕਾਰਾ ਵਜਾ ਦਿੱਤਾ। ਹਜ਼ੂਰ ਦੇ ਲੱਗਦਿਆਂ, ਮਾਤਾ ਜੀ ਵੀ ਸੇਵਕਾਵਾਂ ਸਮੇਤ ਜੁੱਟ ਗਏ। ਅਸੀਂ ਕਿਸੇ ਠਾਠੀ ਬੰਨ੍ਹੀ, ਕਿਸੇ ਰੁਮਾਲ, ਹੁਣ ਚਿੱਟ ਕੱਪੜਿਆਂ ਦੀ ਸੁੱਧ ਕਿਹਨੂੰ ਰਹਿ ਗਈ।

ਬੇਬੇ ਜੀ ਨੂੰ ਹੁਕਮ ਹੋਇਆ ਸ਼ਰਦਾਈ ਲਿਆ ਕੇ ਏਥੇ ਈ ਛਕਾਣੀ ਜਾਰੀ ਕਰ ਦਿਓ। ਧੂੜ ਬੇਹਿਸਾਬ ਸੀ, ਜਿਨ੍ਹੂੰ ਲੋੜ ਲੱਗਦੀ-ਛਕੀ ਜਾਂਦਾ। ਢਾਈ ਤਿੰਨ ਘੰਟਿਆਂ ਵਿਚ ਥਾਂ ਸਾਫ਼ ਕਰਕੇ, ਪਾਣੀ ਤ੍ਰੌਂਕਿਆ ਗਿਆ। ਸ਼ਾਮ ਦੇ ਦੀਵਾਨ ਦੀ ਤਿਆਰੀ ਹੋਣ ਲੱਗੀ। ਬੈਠਣ ਲੱਗਿਆਂ ਮੈਨੂੰ ਉਚੇਚਾ ਕੋਲ ਸੱਦ ਕੇ ਫੁਰਮਾਇਆ, "ਮੈਂ ਸੋਚਿਆ, ਆਖਿਆਂ ਮਤੇ ਕੱਪੜਿਆਂ ਵਲ ਵੇਖਣ, ਮੇਰੇ ਲੱਗਿਆਂ ਆਪੇ ਲੱਗ ਜਾਣਗੇ।

ਹਾਇ ਓਏ ਵੈਰੀ ਚੇਤਿਆ! ਕਿੱਥੋਂ ਕਿੱਥੋਂ ਦੀਆਂ ਚਿਣਗਾਂ ਨੂੰ ਚਿੰਗਾਰੀਆਂ ਬਣਾਈ ਜਾਨੈਂ।

ਅੱਜ ਨਾ ਓਹ ਜੀਵਨ ਨਗਰ ਦੀਆਂ ਰੌਣਕਾਂ, ਨਾ ਓਹ ਅਠਖੇਲੀਆਂ। ਕੁਦਰਤ ਦਾ ਸਿਤਮ, ਜੀਂਦੇ ਜੀ-ਸਭ ਕੁਝ ਸੁਪਨਾ ਹੋ ਗਿਐ। ਏਹ ਦੁੱਖੜਾ ਕਿਦ੍ਹੇ ਅੱਗੇ ਫੋਲੀਏ। ਜਦੋਂ ਸਮੇਂ ਯਾਦ ਔਂਦੇ, ਨੇ ਹਾਈਂ ਬਲ ਬਲ ਨਿਕਲਦੀਆਂ। ਸੁਣਨ ਵਾਲਿਆ! ਬਹੁੜੀ ਕਰੀ।

੫-੧੦-੧੦



Namdhari Elibrary NamdhariElibrary@gmail.com

# ਜੋਤ ਨਰੰਕਾਰ ਦੀ

*—ਸੇਵਾ ਸਿੰਘ ਨਾਮਧਾਰੀ*

ਏ ਹੈ ਧਰਮ ਦੀ ਧੁਜਾ, ਧਰਮਾਂ ਵਾਲਿਆਂ ਨੂੰ ਸੁਝਾ,
ਗੁਰੂ ਜਗਜੀਤ ਸਿੰਘ, ਜੋਤ ਨਰੰਕਾਰ ਦੀ।
ਏ ਹੈ ਨਿਮ੍ਰਤਾ ਦੀ ਨਦੀ, ਜੇੜ੍ਹੀ ਸੁਕਦੀ ਨਾ ਕਦੀ,
ਭਰ ਕੰਢਿਆ ਏ ਵਗੀ, ਦਿਲਾਂ ਤੱਤਿਆ ਨੂੰ ਠਾਰਦੀ।
ਏ ਨੇ ਖੁਦ ਹੀ ਖੁਦਾ, ਵਿਆਪ ਰਹੇ ਹਰ ਜਗ੍ਹਾ,
ਸਿੱਖ ਹਿਦੂ ਜਾਂ ਮੀਆਂ, ਦੇਂਦੇ ਸਾਰਿਆਂ ਨੂੰ ਪਿਆਰ ਜੀ।
ਬੋਲ ਬੋਲਦੇ ਨੇ ਮਿਠੇ, ਸੀਨੇ ਲੱਗ ਜਾਂਦੇ ਤਿੱਖੇ।
ਢਲ ਜਾਂਦੇ ਵਾਂਗ ਮੋਮ, ਦਿਲ ਪੱਥਰ ਪਹਾੜ ਜੀ।
ਏ ਗੰਭੀਰਤਾ ਦੀ ਗੰਗਾ, ਸਹਿਣ ਸ਼ੀਲ ਦਾ ਸਮੁੰਦਾ,
ਏਦ੍ਹੇ ਵਿਚ ਹੀਰੇ ਮੋਤੀ, ਸਿਖ ਕਰਦੇ ਵਪਾਰ ਜੀ।
ਧੀਰਜਵਾਨ ਨੇ ਐਸੇ, ਭੋਏਂ ਝੱਲ ਜਾਂਦੀ ਜੈਸੇ,
ਕੋਈ ਖੋਦੇ ਭਾਵੇਂ ਲੇਪੇ, ਰਹੇ ਸਦਾ ਇਕ ਸਾਰ ਜੀ।
ਏ ਬਖਸ਼ ਦੇ ਭੰਡਾਰੇ, ਦਰ ਔਂਦੇ ਏਦੇ ਸਾਰੇ,
ਪਾਪ ਪਾਪੀਆਂ ਨਿਵਾਰੇ, ਕੀਤੇ ਭਵਜਲੋਂ ਪਾਰ ਜੀ।
ਦਸੀ ਸੋਧ ਮਰਯਾਦਾ, ਜੀਣ ਜੀਵਣਾ ਹੈ ਸਾਦਾ,
ਹੋਵੇ ਖੁਸ਼ੀ ਭਾਵੇਂ ਗਮੀ, ਸਦਾ ਰੈਣਾ ਇਕਸਾਰ ਜੀ।
ਸੁਬਹ ਕਰ ਇਸ਼ਨਾਨ, ਘੰਟਾ ਜਪਨਾ ਹੈ ਨਾਮ,
ਹਰ ਜੀ ਦਾ ਏ ਕਾਮ, ਕਦੇ ਹੋਵੇਂ ਨਾ ਖੁਆਰ ਜੀ।
ਘਰ ਸੇਤੀ ਇਕ ਪਾਠ, ਏ ਮਹੀਨੇ ਦੀ ਏ ਰਾਸ,
ਸਿੱਖੀ ਵਿਚ ਹੈ ਓ ਪਾਸ, ਗੁਰਾਂ ਕੀਤਾ ਸਵੀਕਾਰ ਜੀ।
ਪਿਛਾ ਰਾਤ ਦਾ ਸ਼ਨਾਨ, ਤਿੰਨ ਘੰਟੇ ਜਪੇ ਨਾਮ,
ਤਨ ਹੋਵੇਗਾ ਅਰੋਗ, ਤੇ ਕਮਾਈ ਹੈ ਅਪਾਰ ਜੀ।
ਸਵਾ ਪੈਰ ਦਾ ਸ਼ਨਾਨ, ਲਾ ਸਮਾਧੀ ਧਰੋ ਧਿਆਨ,
ਸਵਾ ਮਨ ਮੋਤੀ ਦਾਨ, ਜਿਦ੍ਹੀ ਕੀਮਤ ਅਪਾਰ ਜੀ।
ਜਪੋ ਚਾਰ ਘੰਟੇ ਨਾਮ, ਹਥੀਂ ਕਰੋ ਭਾਵੇ ਕਾਮ,
ਕੰਮ ਕਰੇਗਾ ਦਮਾਗ ਮਿਹਰ ਹੋ ਜਾਏ ਅਪਾਰ ਜੀ।
ਨੀਤੀ ਏਨ੍ਹਾਂ ਦੀ ਅਪਾਰ, ਮੇਰੀ ਸਮਝ ਤੋਂ ਬਾਰ੍ਹ,
ਔਂਦੇ ਦੋਖੀ ਵੀ ਦੁਵਾਰ, ਛੱਡ ਦੇਂਦੇ ਹੰਕਾਰ ਜੀ।
ਹਰ ਔਕੜ ਦਾ ਹੱਲ, ਨਾ ਕੋ ਸੋਚਣ ਦੀ ਗੱਲ,
ਜਦੋਂ ਕਰਦੇ ਹਾਂ ਯਾਦ, ਖਿਨੋ ਹੁੰਦੀ ਸਵੀਕਾਰ ਜੀ।
ਏਦ੍ਹੀ ਨਿਗ੍ਹਾ ਦੇਂਦੀ ਤਾਰ, ਬੁਧੀ ਹੀਣ ਪਾਏ ਪਾਰ,
ਲੈ ਗਿਆਨ ਦਾ ਓ ਸਾਰ, ਚੜ੍ਹੇ ਪਿੰਗਲਾ ਪਹਾੜ ਜੀ।
ਕਲਾ ਚਰਨਾਂ 'ਚ ਅਪਾਰ, ਰਖੀ ਆਪ ਨਰੰਕਾਰ,
ਜਿਹਨੂੰ ਮਿਲ ਜਾਂਦੀ ਛੋਹ, ਉਦ੍ਹੇ ਹੁੰਦੇ ਬੇੜੇ ਪਾਰ ਜੀ।
ਰਾਗ ਵਿਦਿਆ 'ਚ ਮਾਰ੍ਹ, ਸਾਰੀ ਦੁਨੀਆਂ 'ਚ ਜ੍ਹਾਰ,
ਬੰਸੀ ਵਾਲਾ ਜਾਂ ਮੁਰਾਰ, ਮੰਨੇ ਰਾਗੀ ਕਲਾਕਾਰ ਜੀ।
ਜਥੇ ਕੀਤੇ ਕਈ ਤਿਆਰ, ਕੁਝ ਏਥੇ ਕੁਝ ਬ੍ਹਾਰ,
ਸਾਰੇ ਵਿਚ ਸੰਸਾਰ, ਹੋ ਰਹੀ ਜੈ ਜੈਕਾਰ ਜੀ।
ਏ ਤਪਸਵੀ ਨੇ ਐਸੇ, ਚੋਰ ਰਾਤਾਂ ਜਾਗੇ ਜੈਸੇ,
ਸ਼ਾਂਤ ਹੋਵੇ ਸੰਸਾਰ, ਕਰਦੇ ਨੇ ਐਸੀ ਕਾਰ ਜੀ।
ਤਨ ਮੁਠਾ ਭਾਵੇਂ ਢਿਲਾ, ਠੋਕ ਦਿੱਤਾ ਪਕਾ ਕਿਲਾ,
ਪਿਛਾ ਰਾਤ ਦਾ ਸ਼ਨਾਨ, ਛਡਣਾ ਨਾ ਇਕ ਵਾਰ ਜੀ।
ਸੁਖ ਸੇਵਕਾਂ ਨੂੰ ਦੇਂਦੇ, ਦੁੱਖ ਆਪਣੇ ਤੇ ਲੈਂਦੇ,
ਇਕਸਾਰ ਸਦਾ ਰ੍ਹੈਂਦੇ, ਸ੍ਹੈਣ ਸ਼ਕਤ ਅਪਾਰ ਜੀ।
ਦੁਖ ਦੁਖੀਆਂ ਹਟੌਂਦੇ, ਬਿਰਧ ਸ਼ਾਲਾ ਚਲੌਂਦੇ,
ਗਊਆਂ ਪਾਲਦੇ ਨੇ ਔਦੇ, ਏਨ੍ਹੂੰ ਆਖਦੇ ਗੋਪਾਲ ਜੀ।
ਦੁਖੀ ਐਸੇ ਏਥੇ ਔਂਦੇ, ਹਸਪਤਾਲਾਂ 'ਚੋਂ ਭੌਂਦੇ,
ਜੋ ਹੁੰਦੇ ਬੇਇਲਾਜ, ਲੈਂਦੇ ਜ਼ਿੰਦਗੀ ਦਾ ਸਾਰ ਜੀ।
ਏਦ੍ਹੀ ਰਸਨਾਂ ਦੇ ਬੋਲ, ਜਿਵੇਂ ਤਕੜੀ ਦਾ ਤੋਲ,
ਫੇਰ ਜਾਵਣਾ ਕੀ ਖਾਲੀ, ਐਸੀ ਕਰਦੇ ਕਮਾਲ ਜੀ।
ਏ ਉਦਾਰ ਚਿਤ ਐਸੇ, ਮੋਦੀਖਾਨੇ ਵਾਲਾ ਜੈਸੇ,
ਸੁਟ੍ਹੀ ਜਾਂਦੇ ਭਰ ਭਰ, ਖਾਲੀ ਹੁੰਦੇ ਨਾ ਭੰਡਾਰ ਜੀ।
ਸੇਵਾ ਸਿੰਘ ਦੀ ਏ ਖਾਹਸ਼, ਮੇਰੀ ਸੁਣੋ ਅਰਦਾਸ,
ਰਖੀ ਚਰਨਾਂ ਦੇ ਪਾਸ, ਲਈਏ ਜਨਮ ਸਵਾਰ ਜੀ।

*ਦਿੱਲੀ-੧੫*
*ਫੋਨ-੯੮੭੧੯੬੧੦੧੪*



Namdhari Elibrary NamdhariElibrary@gmail.com



# ਗੀਤ

*—ਕਵੀਸ਼ਰ ਗੁਰਸੇਵਕ ਸਿੰਘ ਢਿਲੋਂ*

ਤੱਕ ਨੂਰੀ ਮੁੱਖੜੇ ਨੂੰ ਕਹਿੰਦੀ ਇਹ ਸਾਰੀ ਲੋਕਾਈ
ਇਸ ਗੱਲ ਦੀ ਸੰਗਤ ਜੀ ਚੰਨ ਤੇ ਸੂਰਜ ਭਰਨ ਗਵਾਹੀ
ਪਾਪੀ ਤੋਂ ਪਾਪੀ ਜੋ ਡਿੱਗੇ ਚਰਨਾਂ ਵਿਚ ਹਜ਼ਾਰ
ਸਤਿਗੁਰ ਜਗਜੀਤ ਦੀਆਂ ਸਿਫ਼ਤਾਂ ਕਹਿਣ ਕਥਨ ਤੋਂ ਬਾਹਰ

ਮਾਵਾਂ ਨੂੰ ਪੁੱਤ ਦੇਵੇ ਦੇਵੇ ਭੈਣਾਂ ਤਾਈਂ ਵੀਰ
ਕਰਮਾਂ ਦੇ ਮਾਰਿਆਂ ਦੀ ਦੇਵੇ ਬਦਲ ਗੁਰੂ ਤਕਦੀਰ
ਇਸਦੇ ਦਰਬਾਰ ਵਿਚੋਂ ਮਿਲਦਾ ਸਭਨਾਂ ਨੂੰ ਸਤਿਕਾਰ
ਸਤਿਗੁਰ ਜਗਜੀਤ ਦੀਆਂ ਸਿਫ਼ਤਾਂ ਕਹਿਣ ਕਥਨ ਤੋਂ ਬਾਹਰ

ਮੈਂ ਅੱਖੀਂ ਵੇਖਿਆ ਏ ਡਿੱਗੇ ਚੁੱਕ ਕੇ ਚਰਨੀਂ ਲਾਉਂਦੇ
ਐਸੇ ਸਮਰੱਥ ਗੁਰੂ ਮੁਰਦਿਆਂ ਦੇ ਵਿਚ ਜਾਨਾਂ ਪਾਉਂਦੇ
ਆ ਇਸਦਿਆਂ ਚਰਨਾਂ 'ਚ ਵੱਸਣ ਸੁੱਖੀ ਸੱਭੇ ਨਰ ਨਾਰ
ਸਤਿਗੁਰ ਜਗਜੀਤ ਦੀਆਂ ਸਿਫ਼ਤਾਂ ਕਹਿਣ ਕਥਨ ਤੋਂ ਬਾਹਰ

ਸੱਜਣਾ ਦਾ ਸੱਜਣ ਹੈ ਸੱਚਾ ਇਹ ਯਾਰਾਂ ਦਾ ਯਾਰ
ਸੰਤਾਂ ਮਹਾਂਪੁਰਸ਼ਾਂ ਲਈ ਇਹਦੇ ਮਨ ਵਿਚ ਨਿੱਘਾ ਪਿਆਰ
ਬੱਚਿਆਂ ਨਾਲ ਬੱਚਾ ਹੈ ਬਿਰਧਾਂ ਦਾ ਇਹ ਸੇਵਾਦਾਰ
ਸਤਿਗੁਰ ਜਗਜੀਤ ਦੀਆਂ ਸਿਫ਼ਤਾਂ ਕਹਿਣ ਕਥਨ ਤੋਂ ਬਾਹਰ

ਰਾਗਾਂ ਤੇ ਸਾਜਾਂ ਦੀ ਦੇਵੇ ਬੱਚਿਆਂ ਨੂੰ ਸਿਖਲਾਈ
ਰਾਗਾਂ ਦੇ ਮਾਹਰਾਂ ਨੂੰ ਸੁਰ ਤੇ ਸਾਜ਼ ਦੀ ਰਮਜ਼ ਸਿਖਾਈ
ਗੁਰਸੇਵਕ ਸਿੰਘ ਕਵੀ ਜਾਵੇ ਚਰਨਾਂ ਤੋਂ ਬਲਿਹਾਰ
ਸਤਿਗੁਰ ਜਗਜੀਤ ਦੀਆਂ ਸਿਫ਼ਤਾਂ ਕਹਿਣ ਕਥਨ ਤੋਂ ਬਾਹਰ।

*ਮੋ-੯੪੬੩੬-੬੦੯੯੦*

# ਗੀਤ

*—ਸੁਲੱਖਣ ਸਿੰਘ ਭਿੰਡਰ*



ਉਹ ਕਰਮਾਂ ਵਾਲੇ
ਜੋ ਗੁਰ ਜਗਜੀਤ ਦਾ ਦਰਸ਼ਨ ਪਾ ਰਹੇ ਨੇ।
ਅਠੇ ਪਹਿਰ ਭਗਤੀ 'ਚ ਮਸਤ
ਭਗਤੀ ਦਾ ਮਾਰਗ ਦਿਖਾ ਰਹੇ ਨੇ।
ਉਹ ਕਰਮਾਂ ..........................

੧੯੨੦ ਨੂੰ ਸੱਚ ਦਾ ਚੜ੍ਹਿਆ ਸੂਰਜ
ਜਿਸ ਭੈਣੀ ਸਾਹਿਬ ਨੂੰ ਰੁਸ਼ਨਾਇਆ।
ਮਾਤ ਭੁਪਿੰਦਰ ਨੂੰ ਭਾਗ ਲਗਾ
ਅਟੱਲ ਪ੍ਰਤਾਪੀ ਦਾ ਜਾਇਆ।
ਸਭ ਪਾਸੇ ਜੈ ਜੈ ਕਾਰ ਹੋ ਰਹੀ,
ਦੇਵਤੇ ਫੁਲ ਬਰਸਾ ਰਹੇ ਨੇ।
ਉਹ ਕਰਮਾਂ ..........................

ਇਹਦੇ ਚਰਨਾਂ ਦੀ ਧੂੜ ਜੋ ਲਾਏ ਮਥੇ,
ਜੁਗਾਂ ਜੁਗਾਤਰਾਂ ਦੇ ਦੁਖ ਕਟੇ ਜਾਵਣ।
ਜੁਗਾਂ ਜੁਗਾਂ ਤੋਂ ਜੋ ਭਟਕ ਰਹੇ ਨੇ
ਪਾ ਦਰਸ ਇਹਦਾ ਬਹਿਸ਼ਤ 'ਚ ਚਲੇ ਜਾਵਣ।
ਝੋਲੀ ਅਡਕੇ ਜੋ ਆਏ ਦਰਬਾਰ ਇਹਦੇ,
ਮੀਂਹ ਬਰਕਤਾਂ ਦਾ ਬਰਸਾ ਰਹੇ ਨੇ,
ਉਹ ਕਰਮਾਂ ..................................

ਨਿਸਚਾ ਧਾਰ ਜੋ ਦਰ ਆਏ ਇਹਦੇ
ਉਹਦੀਆਂ ਪੂਰੀਆਂ ਹੋਣ ਆਸਾਂ।
ਉਹਨੂੰ ਤਤੀ ਵਾ ਵੀ ਨਹੀਂ ਲਗਦੀ ਜੋ
ਇਹਦੇ ਨਾਮ ਦੀਆਂ ਕਰਨ ਅਰਦਾਸਾਂ।
ਵਡੀ ਵਡਿਆਈ ਇਹਦੀ
ਜੋ ਜਪ ਨਾਮ ਇਹਦਾ ਸੁਖ ਪਾ ਰਹੇ ਨੇ।
ਉਹ ਕਰਮਾਂ ..................................

ਨਿਰਗੁਣ, ਸਰਗੁਣ ਸਰੂਪ ਹੈ
ਇਹ ਸਭ ਦੇ ਕਾਰਜ ਸਵਾਰਦਾ।
ਨਾਮ ਦਾਨ ਦੇਵੇ ਸਭ ਨੂੰ
ਭੇਜਿਆ ਇਹ ਸਚੇ ਕਰਤਾਰ ਦਾ।
ਵਿਸ਼ਵ ਵਿਚ ਸ਼ਾਂਤੀ ਦਾ ਪੈਗਾਮ ਫੈਲਾਇਆ,
ਨਰ ਨਾਰੀ ਇਹਦੇ ਗੁਣ ਗਾ ਰਹੇ ਨੇ।
ਉਹ ਕਰਮਾਂ ਵਾਲੇ
ਜੋ ਗੁਰ ਜਗਜੀਤ ਦਾ ਦਰਸ਼ਨ ਪਾ ਰਹੇ ਨੇ।

*ਮਕਾਨ ਨੰ-੧੩੮, ਜੈਪੂ ਕਾਲੋਨੀ,*
*ਗਲੀ ਨੰ-੬, ਮੁਕਤਸਰ-੧੫੨੦੨੬*
*ਫੋਨ-੯੫੬੯੦-੮੨੧੮੮,*



Namdhari Elibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ।

**ਸਤਿਗੁਰੂ ਜਗਜੀਤ ਸਿੰਘ ਜੀ ਸੱਚੇ ਪਾਤਸ਼ਾਹ ਜੀ ਦੀ ਛੱਤਰ ਛਾਇਆ ਦੇ ਪੰਜਾਹ ਸਾਲ ਸੰਪੂਰਨ ਹੋਣ ਤੇ ਵਰਿਆਮ ਦੇ ਵਿਸ਼ੇਸ਼ ਅੰਕ ਦੀਆਂ ਹਾਰਦਿਕ ਵਧਾਈਆਂ**



# ਸ੍ਰੀ ਗੁਰੂ ਹਰੀ ਸਿੰਘ ਕਾਲਜ, ਸ੍ਰੀ ਜੀਵਨ ਨਗਰ, ਜ਼ਿਲ੍ਹਾ ਸਿਰਸਾ

**ਸੁਖਦੇਵ ਸਿੰਘ 'ਸੰਧੂ'**
ਪ੍ਰਧਾਨ, ਪ੍ਰਬੰਧਕ ਕਮੇਟੀ।

**ਹਰਮੀਤ ਸਿੰਘ 'ਸੰਧੂ'**
ਚੇਅਰਮੈਨ, ਮਹਾਂਵਿਦਿਆਲਾ ਸੁਸਾਇਟੀ

**ਡਾ. ਬੂਟਾ ਸਿੰਘ 'ਵਿਰਕ'**
ਪ੍ਰਿੰਸੀਪਲ

**ਜਸਵੰਤ ਸਿੰਘ**
ਉਪ-ਪ੍ਰਧਾਨ, ਪ੍ਰਬੰਧਕ ਕਮੇਟੀ।

**ਰਛਪਾਲ ਸਿੰਘ**
ਜਨਰਲ ਸਕੱਤਰ, ਪ੍ਰਬੰਧਕ ਕਮੇਟੀ

**ਸਮੂਹ ਸਟਾਫ ਅਤੇ ਵਿਦਿਆਰਥੀ**



Namdhari Elibrary NamdhariElibrary@gmail.com

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਛਤਰ ਛਾਇਆ
ਦੀ ਅਰਧ ਸ਼ਤਾਬਦੀ ਦੇ ਅਵਸਰ ਤੇ ਹਾਰਦਿਕ ਵਧਾਈਆਂ



ਸਤਿਗੁਰੂ ਜੀ ਮਠਾੜੂ ਪਰਿਵਾਰ ਤੇ ਬਖਸ਼ਸ਼ਾਂ ਕਰਦੇ ਹੋਏ

# Partap Engineers

AS ISO 9001 COMPANY
Bhagwan Chowk, Ludhiana - 144 003 (India)
Tel : 91-161-2533276, 2540209, Fax : 91-161-2533273

email : gspartap@glide.net.in
website : www.partapexports.com





Namdhari Elibrary NamdhariElibrary@gmail.com

# ਰਾਜ ਜੋਗ ਮਾਰਗ

*—ਇਕਬਾਲ ਸਿੰਘ, ਸੰਪਾਦਕ 'ਬੰਦਈ ਦਰਪਣ'*



ਇਕ ਵਾਰੀ ਮੈਂ ਇਕ ਕਹਾਣੀ ਪੜ੍ਹੀ ਸੀ ਕਿ ਇਕ ਘੋੜ ਦੌੜ ਹੋਣੀ ਸੀ। ਉਸ ਵਿਚ ਤਿੰਨ ਵਿਅਕਤੀ ਅਜਿਹੇ ਵੀ ਸਨ ਜਿਨ੍ਹਾਂ ਪਾਸ ਆਪਣੇ ਘੋੜੇ ਸਨ। ਘੋੜ ਦੌੜ ਨੂੰ ਅਜੇ ਕਾਫੀ ਸਮਾਂ ਸੀ। ਇਹਨਾਂ ਤਿੰਨਾਂ ਵਿਚੋਂ ਇਕ ਵਿਅਕਤੀ ਨੇ ਆਪਣੇ ਘੋੜੇ ਨੂੰ ਤਾਂ ਬਹੁਤਾ ਨਹੀਂ ਖੁਆਇਆ। ਉਸ ਦੀ ਸੇਵਾ ਵੱਲ ਧਿਆਨ ਨਾ ਦਿੱਤਾ। ਧਿਆਨ ਦਿੱਤਾ ਤਾਂ ਆਪਣੇ ਵੱਲ। ਕੁਝ ਸਮੇਂ ਬਾਅਦ ਉਹ ਵਿਅਕਤੀ ਤਾਂ ਕਾਫੀ ਤਗੜਾ ਹੋ ਗਿਆ, ਪਰ ਉਸਦਾ ਘੋੜਾ ਕਾਫੀ ਕਮਜ਼ੋਰ ਹੀ ਰਹਿ ਗਿਆ। ਦੂਜੇ ਵਿਅਕਤੀ ਨੇ ਆਪਣੇ ਵੱਲ ਧਿਆਨ ਨਾ ਦਿੱਤਾ ਆਪਣੇ ਘੋੜੇ ਦੀ ਬਹੁਤ ਸੇਵਾ ਕੀਤੀ ਉਸਨੂੰ ਖਾਣ ਲਈ ਘਿਓ, ਬਦਾਮ ਆਦਿ ਦਿੱਤੇ। ਕੁਝ ਸਮੇਂ ਬਾਅਦ ਕੀ ਹੋਇਆ ਕਿ ਘੋੜਾ ਤਾਂ ਬਹੁਤ ਤਗੜਾ ਹੋ ਗਿਆ, ਪਰ ਉਹ ਬਹੁਤ ਕਮਜ਼ੋਰ ਹੋ ਗਿਆ। ਤੀਜੇ ਵਿਅਕਤੀ ਨੇ ਜਿਥੇ ਆਪਣੇ ਸਰੀਰ ਦਾ ਖਿਆਲ ਕੀਤਾ ਉਥੇ ਉਸ ਨੇ ਆਪਣੇ ਘੋੜੇ ਵੱਲ ਵੀ ਕਾਫੀ ਧਿਆਨ ਰੱਖਿਆ। ਇਸ ਤਰ੍ਹਾਂ ਦੋਵੇਂ ਤਗੜੇ ਹੋ ਗਏ। ਜਦ ਤਿੰਨਾਂ ਨੇ ਘੋੜ ਦੌੜ ਵਿਚ ਭਾਗ ਲਿਆ, ਹੋਇਆ ਕੀ ਕਿ ਪਹਿਲਾ ਵਿਅਕਤੀ ਜਿਹੜਾ ਆਪ ਤਾਂ ਰਿਸ਼ਟ-ਪੁਸ਼ਟ ਹੋ ਗਿਆ ਸੀ ਅਤੇ ਉਸਦਾ ਘੋੜਾ ਕਾਫੀ ਕਮਜ਼ੋਰ ਹੋ ਗਿਆ ਸੀ, ਦੌੜ ਵਿਚ ਰਹਿ ਗਿਆ ਤੇ ਥੋੜ੍ਹੀ ਦੇਰ ਬਾਅਦ ਡਿੱਗ ਪਿਆ; ਕਿਉਂਕਿ ਉਹ ਆਪਣੇ ਤਗੜੇ ਸਵਾਰ ਦਾ ਭਾਰ ਚੁੱਕਣ ਵਿਚ ਅਸਮਰਥ ਸੀ। ਦੂਜਾ ਵਿਅਕਤੀ ਵੀ ਰਹਿ ਗਿਆ; ਕਿਉਂਕਿ ਉਸਦਾ ਘੋੜਾ ਤਾਂ ਤਗੜਾ ਸੀ, ਪਰ ਉਹ ਆਪ ਕਮਜ਼ੋਰ ਸੀ। ਜ਼ਿਆਦਾ ਦੇਰ ਨਾ ਬਹਿ ਸਕਿਆ ਅਤੇ ਘੋੜੇ ਤੋਂ ਡਿੱਗ ਪਿਆ। ਪਰ ਤੀਜਾ ਵਿਅਕਤੀ ਘੋੜ ਦੌੜ ਵਿਚ ਸਫਲ ਹੋ ਗਿਆ; ਕਿਉਂਕਿ ਦੋਵੇਂ ਅਰਥਾਤ ਉਹ ਆਪ ਤੇ ਉਸਦਾ ਘੋੜਾ ਦੌੜ ਵਿਚ ਭਾਗ ਲੈਣ ਦੇ ਕਾਬਿਲ ਸਨ।

ਅਜਿਹੀ ਹਾਲਤ ਹੋ ਰਹੀ ਹੈ ਦੁਨੀਆ ਵਿਚ ਮਾਨਵ ਨਾਲ। ਕੁਝ ਤਾਂ ਅਜਿਹੇ ਹਨ ਜੋ ਆਪਣੇ ਸਰੀਰ ਦਾ ਹੀ ਖਿਆਲ ਰੱਖਦੇ ਹਨ ਪਰ ਆਪਣੇ ਆਤਮਾ ਦਾ ਉਨ੍ਹਾਂ ਨੂੰ ਧਿਆਨ ਨਹੀਂ। ਇਸ ਲਈ ਉਹ ਸਰੀਰਕ ਤੌਰ 'ਤੇ ਤਾਂ ਬਲਵਾਨ ਹੋ ਜਾਂਦੇ ਹਨ ਪਰ ਆਤਮਿਕ ਤੌਰ 'ਤੇ ਕਮਜ਼ੋਰ ਰਹਿ ਜਾਂਦੇ ਹਨ। ਧਨ ਦੌਲਤ ਤਾਂ ਇਕੱਠਾ ਕਰ ਲੈਂਦੇ ਹਨ ਪਰ ਉਹਨਾਂ ਦਾ ਪ੍ਰਮਾਤਮਾ ਵਲ ਧਿਆਨ ਨਹੀਂ ਰਹਿੰਦਾ। ਉਹ ਭੁਲ ਜਾਂਦੇ ਹਨ ਕਿ ਉਹ ਇਸ ਮਾਨਵ ਜਨਮ ਵਿਚ ਕੀ ਕਰਨ ਆਏ ਹਨ ਤੇ ਉਹ ਕੀ ਕਰ ਰਹੇ ਹਨ? ਉਹ ਆਪਣਾ ਇਹ ਜੀਵਨ ਤੇ ਅਗਲਾ ਜੀਵਨ ਬਰਬਾਦ ਕਰ ਲੈਂਦੇ ਹਨ। ਉਨ੍ਹਾਂ ਦਾ ਧਨ ਹੀ ਰੱਬ ਹੈ, ਮੋਹ ਹੀ ਈਸ਼ਵਰ ਹੈ, ਲਾਲਚ ਹੀ ਪ੍ਰਮਾਤਮਾ ਹੈ। ਮੋਹ ਮਾਇਆ ਹੀ ਸਭ ਕੁਝ ਹੈ। ਆਪਣੀ ਐਸ਼, ਖਾਣ-ਪੀਣ, ਮਹਿਲ ਮਾੜੀਆਂ ਲਈ ਧਨ ਇਕੱਠਾ ਕਰਦਾ ਹੈ, ਕਈ ਵਾਰ ਗਰੀਬਾਂ, ਮਜ਼ਲੂਮਾਂ ਦਾ ਖ਼ੂਨ ਵਹਾ ਕੇ, ਉਹਨਾਂ ਦਾ ਸਭ ਲੁੱਟ ਕੇ ਆਪਣਾ ਘਰ ਭਰਦਾ ਹੈ।

ਦੂਜੇ ਕਿਸਮ ਦੇ ਮਨੁੱਖ ਵੀ ਹਨ ਜਿਹੜੇ ਆਪਣੇ ਸਰੀਰ ਦਾ ਧਿਆਨ ਨਹੀਂ ਰੱਖਦੇ ਬਲਕਿ ਆਪਣੀ ਆਤਮਾ ਵਲ ਹੀ ਧਿਆਨ ਦਿੰਦੇ ਹਨ। ਅਰਥਾਤ ਉਹ ਜੰਗਲਾਂ ਵਿਚ, ਪਹਾੜਾਂ 'ਤੇ ਜਾ ਕੇ ਆਪਣੇ ਸਰੀਰ ਨੂੰ ਅਨੇਕ ਪ੍ਰਕਾਰ ਦੇ ਕਸ਼ਟ ਦੇ ਕੇ ਆਪਣੀ ਆਤਮਾ ਨੂੰ ਪ੍ਰਭੂ ਵਲ ਜੋੜਦੇ ਹਨ। ਉਸਦੀ ਬੰਦਗੀ ਕਰਦੇ ਹਨ। ਉਹ ਆਪਣੇ ਸਰੀਰ ਨੂੰ ਕਸ਼ਟ ਨਹੀਂ ਦੇ ਰਹੇ ਹੁੰਦੇ ਬਲਕਿ ਉਸ ਸਰੀਰ ਨੂੰ ਜਿਸ ਵਿਚ ਪ੍ਰਭੂ ਦਾ ਨਿਵਾਸ ਹੁੰਦਾ ਹੈ ਨੂੰ ਕਮਜ਼ੋਰ ਕਰਦੇ ਹਨ। ਜੇ ਪ੍ਰਭੂ ਦਾ ਘਰ ਕਮਜ਼ੋਰ ਹੋ ਗਿਆ ਜਾਂ ਡਿੱਗ ਪਿਆ ਤਾਂ ਪ੍ਰਭੂ ਉਸ ਘਰ ਨੂੰ ਉਸ ਸਥਾਨ ਨੂੰ ਛੱਡ ਜਾਂਦਾ ਹੈ ਅਰਥਾਤ ਉਹ ਉਸ ਜੀਵ ਨਾਲ ਨਾਰਾਜ਼ ਹੋ ਜਾਂਦਾ ਹੈ ਜਿਹੜਾ ਉਸਦੇ ਘਰ ਨੂੰ ਉਸਦੇ ਮੰਦਰ ਨੂੰ ਕਸ਼ਟ ਦਿੰਦੇ ਹਨ। ਜੇ ਇਸ ਤਰ੍ਹਾਂ ਪ੍ਰਮਾਤਮਾ ਰੁਸ ਗਿਆ ਤਾਂ ਉਸਦੀ ਆਤਮਾ ਵੀ ਕਸ਼ਟ ਪਾਉਂਦੀ ਹੈ, ਦੁੱਖ ਪਾਉਂਦੀ ਹੈ ਅਤੇ ਤੜਪਦੀ ਹੈ। ਪਰ ਲੋੜ ਹੈ ਤੀਜੇ ਘੋੜਸਵਾਰ ਦੀ, ਜਿਸ ਨੇ ਆਪਣੇ ਸਰੀਰ ਅਤੇ ਆਪਣੇ ਘੋੜੇ ਦੋਹਾਂ ਵਲ ਧਿਆਨ ਰੱਖਿਆ। ਇਸੇ ਕਾਰਨ ਹੀ ਤਾਂ ਉਹ ਘੋੜ ਦੌੜ ਵਿਚ ਵੀ ਸਫਲ ਹੋਇਆ। ਅੱਜ ਦੇ ਮਨੁੱਖ ਨੂੰ ਵੀ ਦੋਹਾਂ ਗੱਲਾਂ ਦਾ ਧਿਆਨ ਰੱਖਣਾ ਪਵੇਗਾ ਅਰਥਾਤ ਆਪਣੇ ਸਰੀਰ ਵੱਲ ਵੀ ਅਤੇ ਆਪਣੀ ਆਤਮਾ ਵੱਲ। ਜੇ ਦੋਹਾਂ ਨੂੰ ਖ਼ੁਰਾਕ ਠੀਕ ਮਿਲੇਗੀ ਤਾਂ ਹੀ ਉਹ ਪ੍ਰਭੂ ਪ੍ਰਾਪਤੀ ਵੱਲ ਧਿਆਨ ਰੱਖ ਸਕਦਾ ਹੈ। ਜੇ ਸਰੀਰ ਵੀ ਤੰਦਰੁਸਤ ਹੋਵੇਗਾ ਤਾਂ ਉਹ ਪ੍ਰਭੂ ਦੀ



Namdhari Elibrary NamdhariElibrary@gmail.com

ਭਗਤੀ ਵਲ ਹੀ ਧਿਆਨ ਦੇ ਸਕਦਾ ਹੈ। ਜਪ, ਤਪ, ਸਾਧਨਾ ਲਈ ਸਰੀਰ ਵੀ ਬਲਵਾਨ ਹੋਣਾ ਚਾਹੀਦਾ ਹੈ। ਗੁਰੂ ਨਾਨਕ ਦੇਵ ਜੀ ਨੇ ਤਾਂ ਇਹੀ ਰਾਸਤਾ ਅਪਣਾਇਆ ਸੀ। ਉਨ੍ਹਾਂ ਨੇ ਘਰ ਬਾਰ ਛੱਡ ਕੇ, ਜੰਗਲਾਂ ਵਿਚ ਜਾਂ ਪਹਾੜਾਂ 'ਤੇ ਜਾ ਕੇ ਭੁੱਖੇ ਰਹਿ ਕੇ ਕੀਤੀ ਭਗਤੀ ਨੂੰ ਨਕਾਰਿਆ ਹੈ। ਜੇ ਉਹ ਕੁਝ ਕਰ ਵੀ ਲਏਗਾ ਤਾਂ ਕੇਵਲ ਆਪਣੇ ਲਈ, ਨਾ ਕਿ ਸਮਾਜ ਲਈ। ਇਹ ਸਵਾਰਥ ਹੈ ਨਾ ਕਿ ਪ੍ਰਮਾਰਥ ਹੈ। ਗੁਰੂ ਜੀ ਨੇ ਗ੍ਰਹਿਸਥ ਵਿਚ ਰਹਿ ਕੇ ਵੀ ਪ੍ਰਭੂ ਭਗਤੀ ਕਰਨ ਲਈ ਫੁਰਮਾਇਆ ਹੈ। ਇਸਦੇ ਨਾਲ ਕ੍ਰਿਤ ਕਰਨਾ ਅਤੇ ਵੰਡ ਛਕਣਾ ਵੀ ਪ੍ਰਭੂ ਭਗਤੀ ਦਾ ਅੰਗ ਹੀ ਮੰਨਿਆ ਹੈ। ਗੁਰੂ ਜੀ ਨੇ ਤਾਂ ਇਹ ਉਪਦੇਸ਼ ਦਿੱਤਾ ਹੈ ਕਿ ਆਪਣੇ ਸਰੀਰ ਅਤੇ ਆਪਣੀ ਆਤਮਾ ਦੋਹਾਂ ਦਾ ਧਿਆਨ ਰੱਖੋ ਜਿਵੇਂ ਕਿ ਇਕ ਤੰਦਰੁਸਤ ਅਸਵਾਰ ਹੀ ਸਵਸਥ ਘੋੜੇ ਨੂੰ ਕਾਬੂ ਰੱਖ ਸਕਦਾ ਹੈ। ਇਸੇ ਤਰ੍ਹਾਂ ਸਵਸਥ ਸਰੀਰ ਹੀ ਸਵਸਥ ਆਤਮਾ ਨੂੰ ਸੰਵਾਰ ਸਕਦਾ, ਸਵਾਸਥ ਮਨ 'ਤੇ ਕਾਬੂ ਪਾ ਸਕਦਾ ਹੈ ਅਤੇ ਸਵਾਸਥ ਆਤਮਾ ਹੀ ਪ੍ਰਭੂ ਵਲ ਲਿਜਾ ਸਕਦੀ ਹੈ।

ਉਪਰੋਕਤ ਤੋਂ ਇਹ ਸਿੱਟਾ ਕੱਢਿਆ ਜਾ ਸਕਦਾ ਹੈ ਦੁਨੀਆ ਵਿਚ ਤਿੰਨੇ ਕਿਸਮਾਂ ਦੇ ਲੋਕ ਹਨ—ਪਹਿਲਾ ਉਹ ਜਿਹੜੇ ਆਪਣੇ ਸਰੀਰ ਵਲ ਹੀ ਧਿਆਨ ਦਿੰਦੇ ਹਨ ਅਰਥਾਤ ਜਿਹੜੇ ਕੇਵਲ ਦੁਨਿਆਵੀ ਬਾਹਰਲੇ ਆਨੰਦ ਵੱਲ ਧਿਆਨ ਦਿੰਦੇ ਹਨ ਅਤੇ ਅੰਦਰਲੇ ਆਨੰਦ ਨੂੰ ਨਹੀਂ ਵਿਚਾਰਦੇ। ਉਨ੍ਹਾਂ ਲਈ ਦੁਨਿਆਵੀ ਆਨੰਦ ਹੀ ਸਭ ਕੁਝ ਹੈ। ਦੂਜੀ ਕਿਸਮ ਦੇ ਉਹ ਲੋਕ ਹਨ ਜੋ ਦੁਨਿਆਵੀ ਸੁਖ ਨੂੰ ਤਿਆਗ ਕੇ ਅੰਦਰਲੇ ਆਨੰਦ ਜਾਂ ਆਤਮਾ ਵਲ ਹੀ ਧਿਆਨ ਦਿੰਦੇ ਹਨ। ਉਹ ਸਰੀਰ ਨੂੰ ਕਸ਼ਟ ਦਿੰਦੇ ਹਨ ਜਿਹੜਾ ਪ੍ਰਮਾਤਮਾ ਨੇ ਉਨ੍ਹਾਂ ਨੂੰ ਦਿੱਤਾ ਹੈ ਜੋ ਇਕ ਅਨਮੋਲ ਹੈ। ਅਤੇ ਤੀਜੀ ਕਿਸਮ ਦੇ ਲੋਗ ਉਹ ਹਨ ਜੋ ਦੁਨੀਆ ਵਿਚ ਵਿਚਰਦੇ ਹੋਏ ਪ੍ਰਮਾਤਮਾ ਦਾ ਸਿਮਰਨ ਕਰਦੇ ਹਨ ਅਰਥਾਤ ਆਪਣੇ ਸਰੀਰ ਅਤੇ ਆਤਮਾ ਦੋਹਾਂ ਦਾ ਧਿਆਨ ਰੱਖਦੇ ਹਨ। ਅਰਥਾਤ ਸਰੀਰ ਦੀਆਂ ਲੋੜਾਂ ਨੂੰ ਪੂਰਾ ਕਰਦੇ ਹਨ ਅਤੇ ਆਤਮਾ ਨੂੰ ਲੋੜੀਂਦੀ ਖੁਰਾਕ ਜੋ ਧਾਰਮਿਕ ਵਿਚਾਰ ਹਨ, ਵੀ ਦਿੰਦੇ ਹਨ। ਇਹ ਲੋਗ ਹੀ ਸਰੀਰ, ਮਨ ਅਤੇ ਆਤਮਾ ਨੂੰ ਸਾਵਾਂ ਰੱਖਦੇ ਹਨ। ਗੁਰੂਆਂ ਨੇ ਤੀਜੀ ਕਿਸਮ ਦੇ ਰਸਤੇ ਨੂੰ ਅਪਨਾਉਣ ਲਈ ਆਦੇਸ਼ ਦਿੱਤਾ ਹੈ ਜੋ ਇਕ ਸੁਖਾਲਾ ਅਤੇ ਅਨੰਦਮਈ ਹੈ। ਦੋਵੇਂ ਆਨੰਦ ਪ੍ਰਾਪਤ ਕਰਦੇ ਹਨ, ਅੰਦਰਲਾ ਅਤੇ ਬਾਹਰਲਾ। ਅਜਿਹੇ ਮਾਰਗ ਨੂੰ ਰਾਜ-ਜੋਗ ਮਾਰਗ ਕਿਹਾ ਗਿਆ ਹੈ ਜੋ ਸਭ ਗੁਰੂਆਂ ਨੇ ਆਪ ਅਪਣਾਇਆ ਅਤੇ ਆਪਣੇ ਸਿੱਖਾਂ ਨੂੰ ਅਪਣਾਉਣ ਲਈ ਸਿੱਖਿਆ ਦਿੱਤੀ।

*(ਬੰਦਈ ਦਰਪਣ, ਅਕਤੂਬਰ ੨੦੧੦ 'ਚੋਂ ਧੰਨਵਾਦ ਸਹਿਤ)*






Namdhari Elibrary NamdhariElibrary@gmail.com

# ਕਾਮਨਵੈਲਥ ਤੇ ਨਾਮਧਾਰੀ ਸਮਾਜ ਦਾ ਖੇਡ ਯੋਗਦਾਨ

*—ਤਰਲੋਚਨ ਸਿੰਘ, ਸਾਬਕਾ ਐਮ. ਪੀ.*



ਅੱਜ ਸਾਰੇ ਭਾਰਤ ਵਿਚ ਕਾਮਨਵੈਲਥ ਖੇਡਾਂ ਬਾਰੇ ਚਰਚਾ ਹੈ। ਹਰ ਵਿਅਕਤੀ ਟੀ.ਵੀ. ਨਾਲ ਜੁੜਿਆ ਬੈਠਾ ਹੈ। ਪਹਿਲਾਂ ਤਾਂ ਟੀ.ਵੀ. ਤੇ ਅਖਬਾਰਾਂ ਨੇ ਇਨ੍ਹਾਂ ਖੇਡਾਂ ਬਾਰੇ ਇਤਨਾਂ ਗਲਤ ਪ੍ਰਚਾਰ ਕਰ ਦਿਤਾ ਸੀ ਕਿ ਆਮ ਕਰਕੇ ਇਹ ਵਿਸ਼ਵਾਸ ਹੋ ਗਿਆ ਕਿ ਖੇਡਾਂ ਸ਼ਾਇਦ ਹੋ ਹੀ ਨਾ ਸਕਣ। ਕਦੇ ਭ੍ਰਿਸ਼ਟਾਚਾਰ, ਕਦੇ ਡੇਂਗੂ ਬਿਮਾਰੀ ਕਦੇ ਸੀਕਿਉਰਟੀ ਦਾ ਡਰ ਆਦਿ ਸੁਰਖੀਆ ਵਿਚ ਰਹੇ। ਕਿਸੇ ਮੀਡੀਆ ਵਾਲੇ ਨੇ ਭਾਰਤੀ ਖਿਲਾੜੀਆਂ ਨੂੰ ਵਿਖਾਇਆ ਹੀ ਨਾ। ਕਦੇ ਉਨ੍ਹਾਂ ਇਹ ਦੱਸਣ ਦੀ ਖੇਚਲ ਨਹੀਂ ਕੀਤੀ ਕਿ ਉਹ ਕਿਹੜੀ ਖੇਡ ਵਿਚ ਮੈਡਲ ਜਿਤ ਸਕਦੇ ਹਨ। ਮੈਂ ਕਾਮਨਵੈਲਥ ਖੇਡਾਂ ਦੀ ਮੀਡੀਆ ਕਮੇਟੀ ਦਾ ਚੇਅਰਮੈਨ ਹੋਣ ਦੇ ਨਾਤੇਂ ਹਰ ਪੱਤਰਕਾਰ ਨੂੰ ਇਹ ਕਹਿੰਦਾ ਸੀ ਕਿ ਥੋੜਾ ਧਿਆਨ ਖਿਡਾਰੀਆਂ ਵਲ ਦੇਵੋ। ਪਰ ਮੀਡੀਆ ਵਾਲੇ ਆਪਣੀ ਜਿਦ ਤੇ ਕਾਇਮ ਰਹੇ। ਆਮ ਲੋਕ ਮੈਨੂੰ ਹੀ ਸਲਾਹ ਦਿੰਦੇ ਰਹੇ ਕਿ ਮੈਂ ਗਲਤ ਥਾਂ ਤੇ ਆਪਣੀ ਤਾਕਤ ਲਗਾ ਰਿਹਾ ਹਾਂ। ਪਰ ਅੱਜ ਸਾਰਾ ਭਾਰਤ ਹੀ ਨਹੀਂ ਵਿਦੇਸ਼ਾਂ ਵਿਚ ਬੈਠੇ ਭਾਰਤੀ ਨਚ ਉਠੇ ਹਨ ਖੁਸ਼ੀ ਨਾਲ। ਹਰ ਪਾਸੇ ਭਾਰਤੀ ਖਿਡਾਰੀ ਅਗੇ ਨਿਕਲੇ ਹਨ। ਇਤਨੇ (੩੯) ਗੋਲਡ ਮੈਡਲ ਉਮੀਦ ਹੀ ਨਹੀਂ ਸੀ। ਇਹ ਲੇਖ ਲਿਖਣ ਤਕ ਅਸੀਂ ਪਿਛਲੇ ਰਿਕਾਰਡ ਤੋਂ ਕਿਤੇ ਅਗੇ ਜਾ ਚੁੱਕੇ ਹਾਂ। ਹਰ ਖੇਡ ਵਿਚ ਭਾਰਤੀ ਸ਼ਾਮਲ ਹਨ। ਕੁਲ ੧੭ ਖੇਡਾਂ ਦੇ ਮੁਕਾਬਲੇ ਹੋਏ। ੬੦੦੦ ਅਥਲੀਟ ਬਾਹਰੋਂ ੭੧ ਦੇਸ਼ਾਂ ਚੋਂ ਸ਼ਾਮਲ ਹੋਏ। ੩ ਅਕਤੂਬਰ ਤੋਂ ੧੪ ਅਕਤੂਬਰ ਤਕ ਦਿਲੀ ਗਹਿਮੀਂ ਗਹਿਮੀਂ ਮਾਹੌਲ ਹੈ। ਇਤਨੇ ਸ਼ਾਨਦਾਰ ਸਟੇਡੀਅਮ ਪਹਿਲੀ ਵਾਰ ਵੇਖਣ ਨੂੰ ਮਿਲੇ।

ਹੁਣ ਲੋਕ ਆਖ ਰਹੇ ਹਨ ਕਿ ਭਾਰਤ ਉਲੰਪਿਕ ਖੇਡਾਂ ਵੀ ਕਰਵਾ ਸਕਦਾ ਹੈ। ਸਾਡੇ ਨੌਜੁਆਨ ਹੁਣ ਵੇਖਣ ਜੇ ਉਹ ਦਿਲਚਸਪੀ ਲੈਣਗੇ ਤਾਂ ਭਾਰਤ ਦੀ ਸ਼ਾਨ ਵਧੇਗੀ। ਇਸ ਵਾਰ ਜੋ ਪ੍ਰਦਰਸ਼ਨ ਭਾਰਤ ਦੇ ਕਲਚਰ ਦਾ ਅਰੰਭਕ ਦਿਨ ਹੋਇਆ ਉਸ ਨੇ ਸਾਡੀ ਸ਼ਾਨ ਵਧਾ ਦਿਤੀ ਹੈ। ਹਜ਼ਾਰਾਂ ਕਲਾਕਾਰਾਂ ਨੇ ਭਾਰਤ ਦਾ ਹਰ ਅੰਗ ਵਿਖਾਇਆ ਹੈ। ਪੰਜਾਬ ਦੇ ਸੈਂਕੜੇ ਢੋਲ ਦੇ ਭੰਗੜੇ ਵਾਲੇ ਵੀ ਸ਼ਾਮਲ ਸਨ। ਬੈਂਡ ਨੇ "ਦੇਹ ਸ਼ਿਵਾ ਬਰ ਮੋਹੇ ਇਹੈ" ਦੀ ਸ਼ਾਨਦਾਰ ਧੁੰਨ ਵਜਾਈ। ਗੋਲਡਨ ਟੈਂਪਲ ਸਕਰੀਨ 'ਤੇ ਦਿਖਾਇਆ ਗਿਆ।

ਸਾਨੂੰ ਸਭ ਨੂੰ ਯਾਦ ਹੈ ਕਿ ਸਤਿਗੁਰੂ ਜਗਜੀਤ ਸਿੰਘ ਜੀ ਦੀ ਦੂਰ ਅੰਦੇਸ਼ੀ ਨੇ ਹਾਕੀ ਜਗਤ ਵਿਚ ਭਾਰਤ ਲਈ ਵਡਾ ਯੋਗਦਾਨ ਪਾਇਆ। ਭੈਣੀ ਸਾਹਿਬ ਇਕੋ ਸਥਾਨ ਹੈ ਭਾਰਤ ਵਿਚ ਜਿੱਥੇ ਹਾਕੀ ਦਾ ਐਸਟਰੋਟਰਫ਼ ਲਗਵਾ ਕੇ ਅਕਾਦਮੀ ਸਥਾਪਤ ਕੀਤੀ ਗਈ। ਹਾਕੀ ਦੀ ਟੀਮ ਜੋ ਕਛਹਿਰੇ ਪਾ ਕੇ ਖੇਡਦੀ ਹੈ ਉਸ ਨੇ ਸਾਰੇ ਵਿਸ਼ਵ ਵਿਚ ਨਾਮਣਾ ਖਟਿਆ। ਇਨ੍ਹਾਂ ਖਿਡਾਰੀਆਂ ਨੇ ਭਾਰਤ ਦੀ ਟੀਮ ਵਿਚ ਪੁੱਜ ਕੇ ਸਾਡੀ ਸ਼ਾਨ ਵਧਾਈ। ਕਿਤਨਾ ਵੱਡਾ ਇਹ ਉਦਮ ਹੈ। ਸਤਿਗੁਰੂ ਜੀ ਨੇ ਆਪ ਇਸ ਦੀ ਨਿਗਰਾਨੀ ਕੀਤੀ। ਅੱਜ ਵਿਸ਼ਵ ਵਿਚ ਕੋਈ ਵੀ ਦੇਸ਼ ਜੋ ਨਾਮ ਕਮਾਉਣਾ ਚਾਹੁੰਦਾ ਹੈ ਤਾਂ ਖੇਡ ਦਾ ਮੈਦਾਨ ਹੀ ਹੈ। ਚੀਨ ਬੀਜਿੰਗ ਖੇਡਾਂ ਵਿਚ ਵਾਹ-ਵਾਹੀ ਕਮਾਈ। ਪੰਜਾਬ ਹਮੇਸ਼ਾ ਖੇਡਾਂ ਖਾਸ ਕਰਕੇ ਹਾਕੀ ਦੀ ਨਰਸਰੀ ਰਿਹਾ ਹੈ। ਪਰ ਅੱਜ ਕਲ ਨਸ਼ਿਆਂ ਵਿਚ ਜਵਾਨੀ ਰੁੜ ਰਹੀ ਹੈ। ਕਿਧਰੇ ਹੀ ਪੰਜਾਬੀ ਨਜ਼ਰ ਆਉਂਦਾ ਹੈ। ਫੁੱਟਬਾਲ ਵਿਚ ਦੁਆਬੇ ਦਾ ਨਾਂ ਸੀ। ਹਾਕੀ ਵੀ ਦੁਆਬੇ ਵਿਚ ਸੀ। ਹੁਣ ਕਿਥੇ ਹੈ? ਨਾਮਧਾਰੀ ਸੰਗਤ ਸਤਿਗੁਰਾਂ ਦੀ ਇਸ ਪਹਿਲ ਤੋਂ ਸਿੱਖਿਆ ਲਵੇ। ਲੱਖਾਂ ਦੀ ਸੰਗਤ ਆ ਕੇ ਭੈਣੀ ਸਾਹਿਬ ਮਨ ਦੀ ਸ਼ਾਂਤੀ ਲੈਂਦੀ ਹੈ। ਸਤਿਗੁਰੂ ਜੀ ਨੇ ਆਪ ਵੀ ਬੈਡਮਿੰਟਨ ਦੀ ਖੇਡ ਨੂੰ ਨਹੀਂ ਛੱਡਿਆ। ਉਹ ਹਰ ਰੋਜ਼ ਆਪ ਖੇਡਦੇ ਹਨ। ਹੈ ਕੋਈ ਭਾਰਤ ਦਾ ਹੋਰ ਧਾਰਮਕ ਆਗੂ ਜਿਸਨੇ ਆਪਣੇ ਜੀਵਨ ਨੂੰ ਖੇਡਾਂ ਨਾਲ ਜੋੜਿਆ ਹੋਵੇ ? ਤੁਸੀਂ ਸਤਿਗੁਰਾਂ ਦਾ ਅਸ਼ੀਰਵਾਦ ਲੈ ਕੇ ਬਾਕੀ ਖੇਡਾਂ ਦੀਆਂ ਟੀਮਾਂ ਵੀ ਤਿਆਰ ਕਰੋ। ਜੀਵਨ ਨਗਰ ਵਿਚ ਕੁਸ਼ਤੀ ਅਤੇ ਬਾਕਸਿੰਗ ਨੂੰ ਅਪਨਾਓ। ਬਾਕੀ ਥਾਵਾਂ 'ਤੇ ਸੰਗਤਾਂ ਇਹ ਖੇਡਾਂ ਨੂੰ ਆਪਣੇ ਧਾਰਮਿਕ ਸਥਾਨਾਂ ਨਾਲ ਜੋੜਨ। ਬੜਾ ਅਵਸਰ ਹੈ ਇਦਾਂ ਸਤਿਗੁਰੂ ਜੀ ਨੂੰ ਸੱਚੀ ਸ਼ਰਧਾ ਪਰਗਟ ਕਰੇਗੀ। ਉਨ੍ਹਾਂ ਨੂੰ ਵਧੇਰੇ ਖੁਸ਼ੀ ਇਸ ਰਾਹੀਂ ਦੇਵੋ। ਅੱਜ ਇਸ ਅਵਸਰ 'ਤੇ ਸਤਿਗੁਰੂ ਜੀ ਨੂੰ ਪਰਣਾਮ ਕਰਦਾ ਹਾਂ।

ਵਰਿਆਮ ਮੈਗਜ਼ੀਨ ਦੇ ਸ. ਜਗਦੀਸ਼ ਸਿੰਘ ਨੂੰ ਵਧਾਈ ਦਿੰਦਾ ਹਾਂ ਕਿ ਉਨ੍ਹਾਂ ਨਵੰਬਰ ਦੇ ਅੰਕ ਨੂੰ ਸਤਿਗੁਰੂ ਜਗਜੀਤ ਸਿੰਘ ਨਾਲ ਜੋੜਿਆ ਹੈ। ਓਹਨਾਂ ਨੇ ਬੜੀ ਹਿੰਮਤ ਨਾਲ ੩੫ ਸਾਲ ਵਰਿਆਮ ਨੂੰ ਪ੍ਰਕਾਸ਼ਤ ਕੀਤਾ। ਇਹ ਵੀ ਖੁਸ਼ੀ ਹੈ ਕਿ ਸਤਿਗੁਰੂ ਜਗਜੀਤ ਸਿੰਘ ਜੀ ਨੇ ਸੰਗਤਾਂ ਨੂੰ ੯੦ ਸਾਲ ਤੋਂ ਨਿਹਾਲ ਕੀਤਾ ਹੈ— ਉਹਨਾਂ ਦੇ ਦਰਸ਼ਨਾਂ ਨੂੰ ਹਰ ਕੋਈ ਲੋਚਦਾ ਹੈ, ਕੀਰਤਨ ਦਾ ਪਰਵਾਹ ਚਲਦਾ ਹੈ। ਕੇਵਲ ਗੁਰਬਾਣੀ ਦਾ ਹੀ ਪਰਚਾਰ ਹੈ।

*ਸਾਬਕਾ ਚੇਅਰਮੈਨ*

*ਮਿਨਾਰਟੀ ਕਮਿਸ਼ਨ ਭਾਰਤ ਸਰਕਾਰ*



Namdhari Elibrary NamdhariElibrary@gmail.com

# ਸਤਿਗੁਰੂ ਜਗਜੀਤ ਸਿੰਘ ਜੀ ਦਾ ਸੰਗੀਤਕ ਪੱਖ



*ਹਰਿਬਲਭ ਸੰਗੀਤ ਸੰਮੇਲਨ ਵਿਚ ਸਤਿਗੁਰੂ ਜੀ ਦਾ ਸਨਮਾਨ । ਨਾਲ ਦਿਸ ਰਹੇ- ਜਗਦੀਸ਼ ਸਿੰਘ ਵਰਿਆਮ, ਸ. ਇਕਬਾਲ ਸਿੰਘ ਐਮ.ਪੀ. (ਵਰਤਮਾਨ ਲੈ. ਗਵਰਨਰ ਪੰਡੂਚੇਰੀ), ਅਲੋਕ ਸੋਧੀ, ਜੇ ਕਿਸ਼ਨ ਸੈਣੀ, ਕਮਿਸ਼ਨਰ ਸ੍ਰੀ ਵਾਸਤਵਾ, ਐਸ. ਐਸ. ਪੀ..*

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵੈਸੇ ਤਾਂ ਜੀਵਨ ਦੇ ਹਰ ਪੱਖ ਤੋਂ ਮਾਨਵਤਾ ਦੀ ਅਗਵਾਈ ਕਰ ਰਹੇ ਹਨ, ਪ੍ਰੰਤੂ ਆਪ ਖੁਦ ਇਕ ਉੱਚ ਦਰਜੇ ਦੇ ਸੰਗੀਤਕਾਰ ਹੋਣ ਕਰਕੇ, ਉਹ ਸਦਾ ਸੰਗੀਤਕਾਰਾਂ ਦੇ ਪ੍ਰਤਿਪਾਲਕ ਅਤੇ ਸੰਗੀਤ ਸੰਯੋਜਕਾਂ ਦੇ ਪ੍ਰਸੰਸਕ ਤੇ ਮਦਦਗਾਰ ਹਨ।

ਆਪ ਜੀ ਨੇ ਸ਼ਾਸਤਰੀ ਸੰਗੀਤ ਦੀ ਉਚ ਸਿਖਿਆ ਲਈ ਸ੍ਰੀ ਭੈਣੀ ਸਾਹਿਬ ਵਿਖੇ ਸੰਗੀਤ ਵਿਦਿਆਲਾ ਸਥਾਪਤ ਕੀਤਾ, ਜਿਸ ਵਿਚੋਂ ਸਿਖਿਆ ਪ੍ਰਾਪਤ ਕਰਕੇ ਵੱਡੇ ਨਾਮੀ ਕਲਾਕਾਰ ਬਣੇ, ਜਿਨ੍ਹਾਂ ਵਿਚ ਸ. ਹਰਭਜਨ ਸਿੰਘ (ਗਾਇਣ ਤੇ ਸਿਤਾਰ), ਸ. ਸੁਖਵਿੰਦਰ ਸਿੰਘ ਪਿੰਕੀ (ਤਬਲਾ), ਮੋਹਣ ਸਿੰਘ ਸੁਖਦੇਵ ਸਿੰਘ (ਗਾਇਨ), ਹਰਪ੍ਰੀਤ ਸਿੰਘ ਸੋਨੂੰ (ਤਬਲਾ), ਸੁਰਜੀਤ ਸਿੰਘ (ਸਾਰੰਗੀ), ਕਿਰਨਪਾਲ ਸਿੰਘ (ਸੰਤੂਰ), ਬਲਜੀਤ ਸਿੰਘ (ਤਾਰ ਸ਼ਹਿਨਾਈ) ਅਤੇ ਬਲਵੰਤ ਸਿੰਘ (ਹਰਫ਼ਨ ਮੌਲਾ ਕਲਾਕਾਰ) ਆਦਿ ਕੁਝ ਅਜਿਹੇ ਨਾਂ ਹਨ, ਜਿਨ੍ਹਾਂ ਨੇ ਸੰਗੀਤ ਜਗਤ ਵਿਚ ਆਪਣੀ ਨਿਵੇਕਲੀ ਥਾਂ ਬਣਾਈ ਹੈ।

ਆਪ ਜੀ ਦੇ ਦਰਬਾਰ ਵਿਚ ਸ਼ਾਸਤਰੀ ਸੰਗੀਤ ਦਾ ਉਚ ਕੋਟੀ ਦਾ ਹਰ ਕਲਾਕਾਰ ਹਾਜ਼ਰੀ ਲਗਵਾ ਕੇ ਆਪਣੇ ਆਪ ਨੂੰ ਧੰਨ ਸਮਝਦਾ ਹੈ ਤੇ ਆਪ ਦਾ ਆਸ਼ੀਰਵਾਦ ਪ੍ਰਾਪਤ ਕਰਕੇ ਅਤਿ ਦਾ ਮਾਣ ਅਨੁਭਵ ਕਰਦਾ ਹੈ।



ਸ੍ਰੀ ਬਾਬਾ ਹਰਿਵਲਭ ਸੰਗੀਤ ਮਹਾਂਸਭਾ ਆਪ ਜੀ ਦੀ ਕ੍ਰਿਪਾ ਦੀ ਸਦਾ ਹੀ ਪਾਤਰ ਰਹੀ ਹੈ। ਬੜੀ ਵਾਰ ਆਪ ਜੀ ਨੇ ਸਾਲਾਨਾ ਸੰਗੀਤ ਸੰਮੇਲਨ ਵਿਚ ਦਰਸ਼ਨ ਦਿੱਤੇ ਹਨ ਤੇ ਹਰ ਸਾਲ ਸੰਗੀਤ ਸੰਮੇਲਨ ਆਯੋਜਨ ਕਰਨ ਲਈ ਬਹੁਮੁਲੀ ਮਾਇਕ ਸਹਾਇਤਾ ਦੀ ਬਖ਼ਸ਼ਿਸ਼ ਕਰਦੇ ਹਨ। ਆਪ ਬਹੁਤ ਹੀ ਸਤਿਕਾਰਿਤ ਸ਼ਖਸੀਅਤ ਹਨ, ਫਿਰ ਵੀ ਮਹਾਂਸਭਾ ਵਲੋਂ ਸੰਨ ੧੯੯੫ ਦੇ ਸਾਲਾਨਾ ਸਮਾਗਮ ਸਮੇਂ ਆਪ ਦਾ ਵਿਸ਼ੇਸ਼ ਤੌਰ ਤੇ ਸਨਮਾਨ ਕੀਤਾ ਗਿਆ। ਅਸੀਂ ਮਹਾਂਸਭਾ ਵਲੋਂ ਹਮੇਸ਼ਾ ਹੀ ਉਨ੍ਹਾਂ ਦੀ ਅੱਛੀ ਸਿਹਤ ਲਈ ਅਰਦਾਸ ਕਰਦੇ ਹਾਂ, ਤਾਂਕਿ ਸਾਰੇ ਸੰਗੀਤ ਪ੍ਰੇਮੀਆਂ ਨੂੰ ਹਮੇਸ਼ਾ ਉਨ੍ਹਾਂ ਦਾ ਅਸ਼ੀਰਵਾਦ ਮਿਲਦਾ ਰਹੇ।

*—ਸ. ਸ. ਅਜੀਮਲ (ਡਾਇਰੈਕਟਰ)*
*ਸ੍ਰੀ ਬਾਬਾ ਹਰਿਬਲਭ ਸੰਗੀਤ ਮਹਾਂਸਭਾ, ਜਲੰਧਰ*



Namdhari Elibrary NamdhariElibrary@gmail.com

## ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ
## ਪ੍ਰਕਾਸ਼ ਦਿਵਸ ਦੀਆਂ ਵਧਾਈਆਂ



ਸ. ਹਰਭਜਨ ਸਿੰਘ ਸਤਿਗੁਰੂ ਜੀ ਨੂੰ ਆਪਣੇ ਇੱਕ ਪ੍ਰਾਜੈਕਟ ਬਾਰੇ ਜਾਣਕਾਰੀ ਦਿੰਦੇ ਹੋਏ।

**M/S Pal Estate Devellopers**
Builders & Contractors
Plot No. 34-40, N-2, CIDCO,
Aurangabad- 431 003.
Phone No. 0240-3292049

**M/S Vasant Construction**
(Builders And Developers)
79, Peacock Palace, North Avenue
10th Road, Kalyani Nagar, Pune
Phone No. 020-65247479

**M/S HARBHAJAN SARBJEET & ASSOCIATES**
(Builders And Developers)
16-17, N-4, Sector-A, CIDCO,
Aurangabad- 431003
Phone No. 02402482016



Namdhari Elibrary NamdhariElibrary@gmail.com

# ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪ੍ਰਕਾਸ਼ ਦਿਵਸ ਦੀਆਂ ਵਧਾਈਆਂ





ਵੱਲੋਂ

**ਜਸਵੰਤ ਸਿੰਘ - ਬਲਕਾਰ ਕੌਰ**

**ਧਨਵੰਤ ਸਿੰਘ**

**ਨਾਮਧਾਰੀ ਕਲੱਚਰ (ਇੰਡੀਆ), ਦਿੱਲੀ**



Namdhari Elibrary NamdhariElibrary@gmail.com

## ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ
## ਪ੍ਰਕਾਸ਼ ਦਿਵਸ ਅਤੇ ਵਰਿਆਮ ਦੇ ੩੯ਵੇਂ ਸਾਲ ਵਿਚ
## ਪ੍ਰਵੇਸ਼ ਅਵਸਰ ਦੀਆਂ ਲੱਖ-ਲੱਖ ਵਧਾਈਆਂ



**ਕੁਰਸੀਆਂ ਉਤੇ ਖਬਿਓਂ... :-** ਵਰਿਆਮ ਸਿੰਘ ਪਿਆਸਾ, ਸਵਰਨ ਸਿੰਘ ਚੀਮਾ, ਮਾ. ਅਮਰੀਕ ਸਿੰਘ (ਸਰਪ੍ਰਸਤ), ਸਾਧੂ ਸਿੰਘ ਕਿਸਾਨ (ਪ੍ਰਧਾਨ) , ਗੁਰਦਿਆਲ ਸਿੰਘ ਪ੍ਰੀਤ ( ਉਪ ਪ੍ਰਧਾਨ) , ਲਖਵਿੰਦਰ ਸਿੰਘ ਬਾਜਵਾ (ਜਨਰਲ ਸਕੱਤਰ) , ਗੁਰਮੇਲ ਸਿੰਘ ਹੰਸ।

**ਖੜ੍ਹੇ ਖਬਿਓਂ... :-** ਕੁਲਦੀਪ ਸਿੰਘ ਦੀਪ, ਕਰਨੈਲ ਸਿੰਘ ਅਸਪਾਲ, ਜੋਗਿੰਦਰ ਸਿੰਘ ਮੁਕਤਾ, ਰਾਜਿੰਦਰ ਸਿੰਘ ਰਾਜ, ਜਸਵਿੰਦਰ ਭਿੰਡਰ, ਹਰਭਜਨ ਸਿੰਘ ਰਾਜਾ ਖਜ਼ਾਨਚੀ, ਪੂਰਨ ਸਿੰਘ ਨਿਰਾਲਾ

# ਨਾਮਧਾਰੀ ਪੰਜਾਬੀ ਸਾਹਿਤ ਸਭਾ
# ਸ੍ਰੀ ਜੀਵਨ ਨਗਰ



Namdhari Elibrary NamdhariElibrary@gmail.com

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪ੍ਰਕਾਸ਼ ਪੂਰਬ ਦੀਆਂ
ਹਾਰਦਿਕ ਵਧਾਈਆਂ



# ਨਾਮਧਾਰੀ ਵਿਦਿਅਕ ਜਥਾ ਜਲੰਧਰ ਸ਼ਹਿਰ



**ਸੁਰਿੰਦਰ ਸਿੰਘ ਛਿੰਦਾ**

ਕਨਵੀਨਰ

ਨਾਮਧਾਰੀ ਵਿਦਿਅਕ ਜੱਥਾ ਜਲੰਧਰ ਜ਼ੋਨ



**ਕਮਲਜੀਤ ਸਿੰਘ**

ਪ੍ਰਧਾਨ

ਨਾਮਧਾਰੀ ਵਿਦਿਅਕ ਜੱਥਾ ਜਲੰਧਰ ਸ਼ਹਿਰ



Namdhari Elibrary
NamdhariElibrary@gmail.com

BBL FOODS PVT. LTD.



## India's Larget Second Hand Food Machines Dealer Cum Rebuilder

750kgs Potato Chips Line

**List of the projects, consultation and machines:**

1. Biscuits-Soft Dough, Hard Dough, Crackers
2. Cookies- Wire Cut, Depositer
3. Bread, Cakes and Bakery Products
4. Wafers - Flat, Round, Enrobed, Moulded
5. Wafers - Round Sticks, Pillows, Flat Sticks.
6. Ice Cream Cones - Moulded or Rolled Sugar Cone.
7. Chocolates- Moulded, Enrobed, Panned, Drops.
8. Potato Chips
9. Extruded- Kurkure, Cheetos.
10. Toast- Bread Toast, Mini Toast.
11. Vermicilli., 12. Water Filling., 13. Paper Cups
14. Chocolate/Jelly Filling Lines for Small Cups.
15. Namkeens.



*We arrange complete machines, manpower and training receipes with formulation*



**BBL FOODS (P) LTD.**

*SANTOSH NAGAR X ROADS, HYDERABAD- 5000059, INDIA*
*Tel : +91 40 24530680, Mobile : 91 98480-50607/ +91 98483 99702*
*e-mail:lakbir.mutchall@gmail.com*
*www.bblfoods.com www.mutchall.com*

BBL FOODS PVT. LTD.



## India's Larget Second Hand Food Machines Dealer Cum Rebuilder

750kgs Potato Chips Line

**Biscuit Plant & Equipment**

1. Biscuits-Soft Dough, Hard Dough, Crackers
2. Cookies- Wire Cut, Depositer.
3. Bread, Cakes and Bakery Products
4. Wafers - Flat, Round, Enrobed, Moulded
5. Wafers - Round Sticks, Pillows, Flat Sticks.
6. Ice Cream Cones - Moulded or Rolled Sugar Cone.
7. Chocolates- Moulded, Enrobed, Panned, Drops.
8. Potato Chips
9. Extruded- Kurkure, Cheetos.
10. Toast- Bread Toast, Mini Toast.
11 Vermicilli., 12. Water Filling., 13. Paper Cups.
14. Chocolate/Jelly Filling Lines for Small Cups.
15. Namkeens.

*We arrange complete machines, manpower and training receipes with formulation*

**BBL FOODS (P) LTD.**

*SANTOSH NAGAR X ROADS, HYDERABAD- 5000059, INDIA*
*Tel : +91 40 24530680, Mobile : 91 98480-50607/ +91 98483 99702*
*e-mail:lakbir.mutchall@gmail.com*
*www.bblfoods.com www.mutchall.com*



Namdhari Elibrary NamdhariElibrary@gmail.com

# ਸਤਿਗੁਰੂ ਜਗਜੀਤ ਸਿੰਘ

*—ਬੂਹੜ ਸਿੰਘ ਬੱਜੋਂ*



ਨੋਟ- ਬੇਅੰਤ ਜੀ, ਵਡੇ ਬਾਬਾ ਜੀ, ਵੱਡੇ ਕਾਕਾ ਜੀ, ਬਾਬਾ ਜਗਜੀਤ ਸਿੰਘ ਇਹ ਸਾਰੇ ਨਾਮ ਸਤਿਗੁਰੂ ਜਗਜੀਤ ਸਿੰਘ ਜੀ ਦੇ ਹਨ।

ਰਾਤ ਦਾ ਹਨੇਰਾ ਛਟਦਾ ਜਾ ਰਿਹਾ ਹੈ, ਸਵੇਰੇ ਵੇਲੇ ਦੀ ਚਿੜੀ ਚੂਕੀ ਹੈ। ਘਰਾਂ ਦੀਆਂ ਸੁਆਣੀਆਂ ਤੇ ਮਰਦ ਆਪਣੇ-ਆਪਣੇ ਨਿਤ ਦੇ ਕੰਮਾਂ ਦੀ ਸ਼ੁਰੂਆਤ ਕਰਦੇ ਹਨ। ਚਾਟੀ 'ਚੋਂ ਮਧਾਣੀ ਦੁੱਧ ਰਿੜਕਣ ਦੀ ਅਵਾਜ਼ ਆ ਰਹੀ ਹੈ। ਚੱਕੀ ਦੇ ਪੁੜਾਂ ਦੀ ਘਰਰ-ਘਰਰ ਦੀ ਆਵਾਜ਼ ਨਾਲ ਉਚੀ ਹੇਕਾਂ ਲਾ ਲਾ ਕੇ ਜਦੋਂ ਔਰਤਾਂ ਦੇ ਸੁਰੀਲੇ ਬੋਲ ਕੰਨੀ ਪੈਂਦੇ ਹਨ, ਹਲਟ ਦੇ ਕੁੱਤੇ ਦੀ ਟੱਨ-ਟੱਨ ਤੇ ਬਲਦਾਂ ਦੇ ਗਲਾਂ ਵਿੱਚਦੇ ਘੁੰਗਰੂਆਂ ਦੀ ਛਣਨ-ਛਣਨ ਅਵਾਜ਼ ਇਕ ਵੱਖਰਾ ਹੀ ਸਕੂਨ ਦੇਂਦੀ ਹੈ। ਦੂਰੋਂ ਗੁਰਦੁਆਰੇ 'ਚੋਂ ਗੁਰਬਾਣੀ ਦੀ ਰਸ ਭਿੰਨੀ ਆਵਾਜ਼ ਮਨ ਨੂੰ ਮੋਹਤ ਕਰਦੀ ਜਾ ਰਹੀ ਹੈ। ਪਿੰਡ ਦੀ ਇਕ ਨੁਕਰੇ ਵੱਡੇ ਦਰਵਾਜ਼ੇ ਵਾਲੇ ਬਣੇ ਕੱਚੇ ਮਕਾਨ ਦੀ ਕੋਠੜ 'ਚੋਂ ਦੀਵੇ ਦੀ ਨਿਮ੍ਹੀ-ਨਿਮ੍ਹੀ ਲੋ ਬੱਲ ਰਹੀ ਹੈ। ਕੁਝ ਕੁ ਸਿਆਣੀਆਂ ਚੁਪ ਚਪੀਤੀਆਂ ਤੇਜ਼ੀ ਨਾਲ ਇੱਧਰ-ਉਧਰ ਘੁੰਮ ਰਹੀਆਂ ਹਨ। ਧਰਤੀ ਤੇ ਚਾਨਣ ਪਸਰ ਰਿਹਾ ਹੈ। ਪੰਛੀ ਆਪਣੇ-ਆਪਣੇ ਤੇ ਬੱਚਿਆਂ ਦੇ ਅਹਾਰ ਦੀ ਭਾਲ 'ਚ ਉਡਾਰੀਆਂ ਮਾਰ ਆਪਣੀਆਂ ਨਿਕੀਆਂ-ਨਿਕੀਆਂ ਚੁੰਜਾਂ ਨਾਲ ਚੋਗਾ ਚੁਣ-ਚੁਣ ਆਲ੍ਹਣੇ ਵਿਚ ਬੈਠੇ ਬੋਟਾਂ ਦੇ ਮੂੰਹ ਪੌਣ ਲਈ ਸੰਭਾਲ ਰਹੇ ਹਨ। ਰਾਤ ਵਾਲੀ ਦੁਨੀਆ ਆਪਣੇ-ਆਪਣੇ ਘੁਰਨਿਆਂ 'ਚ ਜਾ ਬਿਰਾਜੀ। ਦਿਨ ਵਾਲੀ ਦੁਨੀਆ ਜਾਗ ਉਠੀ ਹੈ।

ਧਰਤੀ ਦੀ ਇਕ ਵੱਖੀ 'ਚੋਂ ਉਚੇ ਪਹਾੜਾਂ ਦੀਆਂ ਚੋਟੀਆਂ ਦੇ ਵਿਚਕਾਰੋਂ ਅਕਾਸ਼ ਦੀ ਫਿਜ਼ਾ 'ਚੋਂ ਲਾਲ ਰੰਗ ਦਾ ਪ੍ਰਕਾਸ਼ ਉਮਡ ਰਿਹਾ ਹੈ। ਸ੍ਰੀ ਸਤਿਗੁਰ ਪ੍ਰਤਾਪ ਸਿੰਘ ਜੀ ਦੇ ਘਰ ੨੨ ਨਵੰਬਰ ੧੯੨੦, ਦਿਨ ਸੋਮਵਾਰ ਕੱਚੀ ਕੋਠੜੀ 'ਚ ਮਾਤਾ ਭੁਪਿੰਦਰ ਕੌਰ ਜੀ ਦੀ ਕੁੱਖੋਂ ਇਕ ਸੂਰਜ ਵਰਗੇ ਮੁੱਖ ਵਾਲੇ ਬਾਲ ਨੇ ਜਨਮ ਲਿਆ। ਚਾਰੇ ਪਾਸੇ ਖੁਸ਼ੀਆਂ ਦੀ ਚਹਿਲ ਪਹਿਲ ਹੋਣ ਲੱਗੀ। ਇਸ ਘਰ ਦੇ ਬੂਹੇ ਅਗੇ ਅੰਗਰੇਜ਼ੀ ਪੁਲੀਸ ਦਾ ਪਹਿਰਾ ਹੈ, ਜੋ ਇਸ ਘਰ ਨਾਲ ਦੁਸ਼ਮਣ ਚਾਰਾ ਰੱਖਦੇ ਹਨ। ਇਸ ਵਰਤਾਰੇ ਨੂੰ ਲਗਭਗ ਪੰਜਾਹ ਸਾਲ ਹੋ ਚਲੇ ਹਨ, ਜੋ ਹਰ ਰੋਜ਼ ਦੀਆਂ ਗਤੀਵਿਧੀਆਂ ਦੀ ਰਿਪੋਰਟ ਆਪਣੇ ਉਪਰਲੇ ਅਫਸਰਾਂ ਨੂੰ ਭੇਜਦੇ ਹਨ।

ਰਾਤ ਦੀ ਠੰਡਕ ਨਾਲ ਹਵਾ ਵਿਚਲੇ ਪਾਣੀ ਦੀਆਂ ਬੂੰਦਾਂ ਹਰਿਆਵਲ ਵਾਲੇ ਘਾਹ ਦੇ ਪੱਤਿਆਂ ਤੇ ਮੋਤੀ ਬਣ ਸੂਰਜ ਦੀਆਂ ਕਿਰਨਾਂ ਨਾਲ ਲਸ਼ਕੋਰਾਂ ਮਾਰਦੇ ਹਨ। ਜਿਵੇਂ ਸੱਤ-ਸੱਤ ਰੰਗਾਂ ਭਰੀ ਸਵੇਰ ਸਾਰੇ ਵਾਤਾਵਰਨ ਨੂੰ ਨੁਹਾ ਧੁਆ ਕੇ ਆਪਣੇ ਨਿਘ ਦਾ ਅਹਿਸਾਸ ਕਰਾ ਰਹੀ ਹੈ। ਕੁਦਰਤ ਨੇ ਆਪਣੀਆਂ ਰਹਿਮਤਾਂ ਦੀਆਂ ਸ੍ਰੀ ਭੈਣੀ ਸਾਹਿਬ ਦੇ ਨਿਕੇ ਜਿਹੇ ਪਿੰਡ ਤੇ ਬਖਸ਼ਸ਼ਾਂ ਕੀਤੀਆਂ ਹਨ। ੧੨ਵੀਂ ਪਾਤਸ਼ਾਹੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਗਟ ਵੇਲੇ ਹੀ ਗੁਰੂ ਨਾਨਕ ਦੇਵ ਜੀ ਦੀ ਗੱਦੀ ਜੁਗੋ-ਜੁਗ ਅਟਲ ਗੁਰੂ-ਕੁਲ ਪੀੜ੍ਹੀ ਸਥਾਪਤ ਕਰ ਦਿੱਤੀ। ਬੇਅੰਤ ਬੇਅੰਤ ਸਭ ਬੋਲੇ। ਸੰਗਤ ਦੇ ਮਨ ਵਿੱਚ ਇਸ ਬਾਲਕ ਦੇ ਦਰਸ਼ਨ ਕਰਨ ਦੀ ਤਾਂਘ ਉਠੀ। ਹਰ ਰੋਜ਼ ਭੀੜ ਵਧਣ ਲੱਗੀ। ਗੋਰਾ ਪੁਲੀਸ ਨੂੰ ਪ੍ਰਬੰਧ ਕਰਨਾ ਮੁਸ਼ਕਲ ਹੋਣ ਲਗਾ। ਇਨ੍ਹਾਂ ਦਿਨਾਂ ਵਿਚ ਹੀ ਦੇਸ਼ ਦੇ ਵੱਡੇ-ਵੱਡੇ ਸਿਆਸੀ ਲੀਡਰਾਂ ਦਾ ਸ੍ਰੀ ਭੈਣੀ ਸਾਹਿਬ ਵਿਚ ਆਉਣ ਜਾਣ ਆਮ ਹੋ ਗਿਆ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਤਿਗੁਰੂ ਰਾਮ ਸਿੰਘ ਜੀ ਵਲੋਂ ਚਲਾਈ ਅਜ਼ਾਦੀ ਦੀ ਲਹਿਰ ਨੂੰ ਪ੍ਰਚੰਡ ਕਰਨ ਲਈ ਸਰਗਰਮੀਆਂ ਤੇਜ਼ ਕਰ ਦਿਤੀਆਂ। ਇਸ ਉਠ ਰਹੇ ਵਿਰੋਧ ਨੂੰ ਦੇਖ ਅੰਗਰੇਜ਼ ਸਰਕਾਰ ਘਬਰਾ ਗਈ। ਇਸ ਸਥਿਤੀ ਨੂੰ ਭਾਂਪ ਕੇ ਅੰਗਰੇਜ਼ ਸਰਕਾਰ ਨੇ ਪੁਲੀਸ ਚੌਕੀ ਚੁਕਣ ਦਾ ਫੈਸਲਾ ਕਰ ਲਿਆ। ਖਿਆਲ ਕੀਤਾ ਜਾਂਦਾ ਹੈ ਕਿ ੧੯੨੩ ਦੇ ਸ਼ੁਰੂ ਵਿਚ ਜਦੋਂ ਇਕ ਅੰਗਰੇਜ਼ ਅਫਸਰ ਨੇ ਆ ਕੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਕਿਹਾ—ਅਸੀਂ ਪੁਲੀਸ ਚੌਕੀ ਚੁਕ ਰਹੇ ਹਾਂ, ਪਰ ਇਥੇ ਸਿਆਸੀ ਗਤੀ ਵਿਧੀਆਂ ਨਹੀਂ ਹੋਣੀਆਂ ਚਾਹੀਦੀਆਂ।

ਬੇਅੰਤ ਬੇਅੰਤ ਤੂ ਤੇਰਾ ਰੂਪ ਨਿਰਾਲਾ
ਨਿਕੇ ਨਿਕੇ ਹੱਥ ਪੈਰ ਮੁੱਖ ਲਾਲ ਜਲਾਲਾ
ਕਰੇ ਕਰਤਵ ਜਾਲਮ ਭੈ ਖਾਵੇ ਉਤਰੇ ਫਾਹਾ ਜਮ ਕਾ

ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਇਹ ਗੱਲ ਸੁਣ ਕੇ ਬੜੇ ਸਖਤ ਸ਼ਬਦਾਂ ਵਿਚ ਕਿਹਾ ਕੇ ਦੇਸ ਸਾਡਾ ਹੈ, ਸਾਨੂੰ ਇਸ ਦੀ ਅਜ਼ਾਦੀ ਲਈ ਮੰਗ ਕਰਨਾ ਸਾਡਾ ਜਨਮ ਸਿਧ ਅਧਿਕਾਰ ਹੈ ਕੋਈ ਵੀ ਸਾਨੂੰ ਰੋਕ ਨਹੀਂ ਸਕਦਾ। ਇਹ ਜਵਾਬ ਸੁਣ ਕੇ ਅੰਗਰੇਜ਼ ਅਪਣਾ ਅਮਲਾ-ਫੈਲਾ ਸਮੇਟ ਕੇ ਚਲਦਾ ਬਣਿਆ।



Namdhari Elibrary NamdhariElibrary@gmail.com

ਬੇਅੰਤ ਜੀ ਛੋਟੇ-ਛੋਟੇ ਕਦਮ ਪੁਟਦਾ, ਤੋਤਲੀ ਜਬਾਨ ਨਾਲ ਨਿੱਕੀਆਂ-ਨਿੱਕੀਆਂ ਗੱਲਾਂ ਕਰਦਾ ਖੁੱਲੇ ਵਿਹੜੇ ਵਿਚ ਫਿਰ ਤੁਰ ਕੇ ਨਿੱਕੀਆਂ-ਨਿੱਕੀਆਂ ਸ਼ਰਾਰਤਾਂ ਵੀ ਕਰਦਾ। ਕਦੇ-ਕਦੇ ਚੌਕੜੀ ਮਾਰ ਅੱਖਾਂ ਬੰਦ ਕਰਕੇ ਕਿੰਨਾਂ-ਕਿੰਨਾਂ ਚਿਰ ਬੈਠਾ ਰਹਿੰਦਾ। ਸੰਗਤਾਂ ਤੇ ਗੁਰੂ ਘਰ ਦੇ ਸਾਰੇ ਜੀਅ ਉਸਦੀ ਬਾਲ ਲੀਲਾ ਨੂੰ ਦੇਖ ਅਨੰਦਤ ਹੋ ਜਾਂਦੇ। ਘਰ ਵਿਚ ਲਿਆਂਦੇ ਖਿਡੌਣਿਆਂ ਨਾਲ ਖੂਬ ਖੇਡਦਾ। ਕਦੇ ਕਿਸੇ ਬੈਠੇ ਸਿੱਖ ਦੇ ਪਿਛੋਂ ਘਨੇੜੀ ਜਾ ਚੜਨਾਂ ਜਾਂ ਕਿਸੇ ਦੀ ਗੋਦੀ ਜਾ ਬੈਠਣਾ ਜਾਂ ਕਿਸੇ ਨੂੰ ਆਖਣਾ ਮੈਨੂੰ ਝੂਟੇ ਮਾਟੇ ਕਰੋ। ਉਸ ਵੇਲੇ ਦੇ ਸਿੱਖਾਂ ਸੰਗਤਾਂ ਨੇ ਨਿਕੇ ਬੇਅੰਤ ਜੀ ਨਾਲ ਪਿਆਰ ਗਲਵਕੜੀਆ ਪਾਈਆਂ ਕੁੱਛੜ ਚੁੱਕਿਆ ਉਹ ਧੰਨ ਹਨ।

ਇਕ ਦਿਨ ਵੱਡੇ ਮਾਤਾ ਜੀਵਨ ਕੌਰ ਜੀ ਨੇ ਵਿਹੜੇ ਵਿੱਚ ਕਣਕ ਦੇ ਦਾਣੇ ਖਿਲਾਰ ਦਿੱਤੇ। ਚਿੜੀਆਂ, ਕਬੂਤਰ, ਘੁਗੀਆਂ ਚੋਗਾਂ ਚੁਗਣ ਆ ਉਤਰੇ। ਇਹ ਦੇਖ ਇਕ ਮੋਰ ਵੀ ਚੁਬਾਰੇ ਤੋਂ ਉਡਾਰੀ ਮਾਰ ਉਤਰ ਆਇਆ। ਵੱਡੇ ਬਾਬਾ ਬੇਅੰਤ ਜੀ ਆਪਣੇ ਨਿਕੇ-ਨਿਕੇ ਹੱਥਾਂ 'ਚ ਚੋਗਾ ਲੈ ਕੇ ਮੋਰ ਦੇ ਲਾਗੇ ਚਲੇ ਗਏ। ਮੋਰ ਨੇ ਬਾਬਾ ਜੀ ਦੇ ਨਿੱਕੇ ਹੱਥੋਂ ਚੋਗਾ ਚੁਗ ਲਿਆ। ਵੱਡੇ ਬਾਬਾ ਦੀ ਬੜੇ ਖੁਸ਼ ਹੋਏ। ਇਸ ਮੋਹ ਦੀਆਂ ਤੰਦਾਂ ਹਾਲੇ ਵੀ ਦਸਤੂਰ ਜਾਰੀ ਹਨ।

ਕਹਿੰਦੇ ਹਨ ਜਦੋਂ ਸਤਿਪੁਰਖ ਆਪ ਇਸ ਸੰਸਾਰ ਵਿਚ ਆਉਂਦਾ ਹੈ ਤਾਂ ਉਸ ਨੂੰ ਵੀ ਸੰਸਾਰੀ ਜੀਵਾਂ ਵਾਂਗ ਵਿਚਰਨਾ ਪੈਂਦਾ ਹੈ ਮਾਰਗ ਦਰਸ਼ਕ ਬਣ ਕੇ ਅਗੇ ਲਗਣਾ ਪੈਂਦਾ ਹੈ, ਪਰ ਫੇਰ ਵੀ ਗੁਰੂਆਂ, ਉਸਤਾਦਾਂ ਦੀ ਸਿੱਖਿਆ ਜ਼ਰੂਰੀ ਹੈ। ਹੁਣ ਬੇਅੰਤ ਜੀ ਨੂੰ ਪੜ੍ਹਨ ਲਈ ਸਿਆਣੇ ਅਧਿਆਪਕਾਂ ਦੀ ਲੋੜ ਸੀ। ਇਸ ਕੰਮ ਨੂੰ ਯੂ.ਕੇ. ਤੋਂ ਆਏ ਮਹਿਤਾ ਭੋਲਾ ਨਾਥ ਜੀ ਨੇ ਨਾਮਧਾਰੀ ਵਿਦਿਆਲਾ ਸ੍ਰੀ ਭੈਣੀ ਸਾਹਿਬ ਦੇ ਇਨਚਾਰਜ (ਜੋ ਸ਼ੁਧ ਪੰਜਾਬੀ ਤੋਂ ਇਲਾਵਾ ਹੋਰ ਭਾਸ਼ਾਵਾਂ ਦੇ ਵੀ ਗਿਆਤਾ ਸਨ।) ਨੇ ਵਡੇ ਬਾਬਾ ਜੀ ਅਤੇ ਉਨ੍ਹਾਂ ਦੇ ਹਮਜਮਾਤੀ ਕਵੀ ਪ੍ਰੀਤਮ ਸਿੰਘ ਜੀ, ਪੰਡਿਤ ਰਜਿੰਦਰ ਸਿੰਘ ਜੀ ਅਤੇ ਪ੍ਰੀਤਮ ਸਿੰਘ ਪੰਛੀ ਅਤੇ ਹੋਰ ਵੀ ਵਿਦਿਆਰਥੀ ਨਾਲ ਜੋ ਨਾਮਧਾਰੀ ਮਰਯਾਦਾ ਗੁਰਬਾਣੀ ਸ਼ੁਧ ਪੜ੍ਹਨ ਦੇ ਨਾਲ-ਨਾਲ) ਖੇਡਾਂ ਵਿਚ ਹਿੱਸਾ ਲੈਣਾ। ਕਈ ਵੇਰ ਜੋਖਮ ਭਰੀਆਂ ਖੇਡਾਂ ਖੇਡ ਜਾਣੀਆਂ। ਆਪਣੇ ਮਿਲਾਪੜੇ ਸੁਭਾ ਕਰਕੇ ਆਪਣੇ ਹਾਣੀਆਂ ਨੂੰ ਵੀ ਇਸ ਤਰ੍ਹਾਂ ਦੀਆਂ ਖੇਡਾਂ ਚ ਪਾ ਲੈਣਾ। ਇਕ ਵਾਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਵੱਡੇ ਕਾਕਾ ਜੀ ਦੇ ਕੋਲ ਇਕ ਅੜਬ ਕਿਸਮ ਦੀ ਘੋੜੀ ਮੰਗਾ ਕੇ ਆਖਿਆ ਕਾਕਾ ਜੀ ਇਹ ਘੋੜੀ ਕਿਸੇ ਨੂੰ ਉਤੇ ਨਹੀਂ ਚੜ੍ਹਨ ਦੇਂਦੀ ਤੁਸੀਂ ਇਸ ਤੇ ਅਸਵਾਰੀ ਕਰਨੀ ਹੈ। ਸਤਿਗੁਰਾਂ ਦਾ ਹੁਕਮ ਪਾ ਕੇ ਬੇਅੰਤ ਜੀ ਨੇ ਘੋੜੀ ਦੀ ਰਕਾਬ ਤੇ ਪੈਰ ਰੱਖ ਦਿੱਤਾ, ਪਿਛੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਛੈਂਟ ਲਾ ਤੀ। ਘੋੜੀ ਇੰਨੀ ਤੇਜ਼ ਦੌੜੀ ਪਿਛੇ ਧੂੜ ਹੀ ਨਜ਼ਰੀਂ ਪੈਂਦੀ ਸੀ। ਬੇਅੰਤ ਜੀ ਨੇ ਘੋੜੀ ਦੇ ਕੰਨ ਫੜ ਕੇ ਐਸੇ ਮਰੋੜੇ ਘੋੜੀ ਦੀ ਹੋਸ਼ ਟਕਾਣੇ ਲਿਆ ਤੀ। ਅੱਧੇ ਪੌਣੇ ਘੰਟੇ ਬਾਅਦ ਘੋੜੀ ਅਰਾਮ ਨਾਲ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਕੋਲ ਲਿਆਕੇ ਖੜ੍ਹੀ ਕਰ ਤੀ ਅਤੇ ਸਤਿਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ।

ਬੇਅੰਤ ਜੀ ਭਾਵੇਂ ਸਰੀਰ ਪੱਖੋਂ ਪਤਲੇ ਜੇਹੇ ਜਾਪਦੇ ਸਨ ਪਰ ਫੁਰਤੀਲੇ, ਚੁਸਤ, ਯਾਦ ਸ਼ਕਤੀ, ਇੰਨੀ ਤੇਜ਼ ਕਿ ਜਿਸ ਗੱਲ ਜਾਂ ਚੀਜ਼ ਨੂੰ ਦੇਖ ਸੁਣ ਲੈਂਦੇ ਫੇਰ ਕਦੇ ਨਾਂ ਭੁਲਾਂਦੇ ਉਹ ਨਾਲ ਦੇ ਹਾਣੀਆਂ ਨੂੰ ਕਿਸੇ ਨਾਂ ਕਿਸੇ ਖੇਡ 'ਚ ਪਾ ਕੇ ਕਦੇ ਬੋਰ ਨਾਂ ਹੋਣ ਦੇਂਦੇ ਹਮੇਸ਼ਾ ਤਰੋ ਤਾਜ਼ਾ ਰੱਖਦੇ।

ਹੁਣ ਜਿਦਾਂ ਜਿਦ ਵੱਡੇ ਬਾਬਾ ਜੀ ਉਮਰ ਵਿਚ ਵੱਡੇ ਹੋ ਰਹੇ ਸਨ ਉਦਾਂ ਉਦਾਂ ਉਹ ਜ਼ੁੰਮੇਵਾਰੀਆਂ ਵੀ ਸੰਭਾਲਣ ਲਗੇ।

ਆਪਣੇ ਪਿਤਾ ਸਤਿਗੁਰੂ ਪ੍ਰਤਾਪ ਸਿੰਘ ਜੀ ਨਾਲ ਸਿਆਸੀ ਤੇ ਧਾਰਮਕ ਪਰੋਗਰਾਮਾਂ ਵਿਚ ਵੀ ਦਿਲਚਸਪੀ ਲੈਣੀ ਸ਼ੁਰੂ ਕਰ ਦਿੱਤੀ। ਦੇਸ਼ ਦੀ ਅਜ਼ਾਦੀ ਲਈ ਹੋ ਰਹੇ ਅੰਦੋਲਨਾਂ ਵਦੇਸ਼ੀ ਵਸਤਾਂ ਦੇ ਬਾਈਕਾਟ ਦਾ ਤੇ ਉਸ ਦੀ ਹੋਲੀ ਜਲਾਉਣੀ ਦੇ ਨਾਲ-ਨਾਲ ਗੁਰਬਾਣੀ ਪੜ੍ਹਨੀ ਤੇ ਨਾਮ ਜਪਣਾ ਇਹ ਸਾਰਾ ਨਾਲੋਂ ਨਾਲ ਕਰਨਾ। ਬਹੁਤ ਸਾਰੀਆਂ ਚੀਜ਼ਾਂ ਜੋ ਵਰਤੋਂ ਵਿਚ ਆਉਣ ਵਾਲੀਆਂ ਸਿਖਣਾ। ਖਾਸ ਕਰ ਸੰਗੀਤ, ਹਾਕੀ ਦੁਨੀਆਂ ਭਰ ਵਿਚ ਮਸਹੂਰ ਹੈ, ਗਊ ਪਾਲਕ ਤੇ ਸੰਸਥਾਵਾਂ ਦੀ ਮਦਦ ਕਰਨਾ ਵਡੇ ਬਾਬਾ ਜਗਜੀਤ ਸਿੰਘ ਜੀ ਦੇ ਸੁਭਾਅ ਵਿੱਚ ਸੀ।

ਕਹਿੰਦੇ ਹਨ ੧੯੪੭ ਵੇਲੇ ਜਦੋਂ ਦੇਸ ਦੇ ਹਿਸਿਆਂ ਵਿਚ ਵੰਡਿਆ ਗਿਆ ਤਾਂ ਪਿਤਾ ਸਤਿਗੁਰੂ ਪ੍ਰਤਾਪ ਸਿੰਘ ਨੇ ਸਿੱਖਾਂ ਨੂੰ ਪਾਕਿਸਤਾਨ ਵਾਲੇ ਪਾਸੇ 'ਚੋਂ, ਉਜਾੜੇ ਤੋਂ ਪਹਿਲਾਂ ਪਹਿਲਾਂ ਕੱਢ ਕੇ ਭਾਰਤ ਵਾਲੇ ਪਾਸੇ ਵਸਾਉਣ ਲਈ ਪਰੇਰਿਆ। ਉਥੇ ਬਾਬਾ ਜਗਜੀਤ ਸਿੰਘ ਜੀ ਨੇ ਵੀ ਪੂਰੀ ਵਾਹ ਲਾਈ ਤਾਂ ਕਿ ਸਿੱਖਾਂ ਦਾ ਕੋਈ ਨੁਕਸਾਨ ਨਾ ਹੋਵੇ। ਇਸ ਤੋਂ ਪਤਾ ਲਗਦਾ ਹੈ ਕੇ ਸਤਿਗੁਰ ਸਿੱਖਾਂ ਨੂੰ ਕਿੰਨਾ ਪਿਆਰ ਕਰਦੇ ਹਨ।

੧੯੪੭ ਦੇ ਉਜਾੜੇ ਵੇਲੇ ਜਦੋਂ ਮੁਸਲਮਾਨ ਘਰ ਬਾਰ ਛੱਡਣ ਲਈ ਮਜਬੂਰ ਹੋ ਗਏ ਤਾਂ ਕੁਝ ਸ਼ਰਾਰਤੀ ਉਨ੍ਹਾਂ ਤੇ ਹਮਲੇ ਕਰਕੇ ਉਨਾਂ ਦੀ ਲੁਟਮਾਰ ਤੇ ਔਰਤਾਂ ਦੀਆਂ ਇਜ਼ਤਾਂ ਲੁਟਣ ਲਗੇ ਇਸ ਤੇ ਸ੍ਰੀ ਭੈਣੀ ਸਾਹਿਬ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਉਨ੍ਹਾਂ ਨੂੰ ਸ਼ਰਨ ਦਿੱਤੀ ਤਾਂ ਬਾਬਾ ਜਗਜੀਤ ਸਿੰਘ ਜੀ ਨੇ ਦਿਨ-ਰਾਤ ਉਨ੍ਹਾਂ ਦੀ ਰਾਖੀ ਦਾ ਜ਼ੁਮਾ ਲਿਆ ਤੇ ਉਨ੍ਹਾ ਨੂੰ ਸੁਰੱਖਿਅਤ ਕੈਂਪਾਂ ਵਿਚ ਛੱਡ ਕੇ ਆਏ।


Namdhari Elibrary NamdhariElibrary@gmail.com



*ਸਤਿਗੁਰੂ ਜੀ ਦੇ ਸ੍ਰੀ ਮਹਿਲ ਮਾਤਾ ਚੰਦ ਕੌਰ*
*ਦੁੱਧ ਵਰਤਾਉਣ ਦੀ ਸੇਵਾ ਵਿੱਚ ਵਿਅਸਤ*

...ਤੇ ਉਧਰੋਂ ਉਜੜ ਕੇ ਆਏ ਸਿੱਖਾਂ ਦੀ ਸਾਂਭ ਸੰਭਾਲ ਕਰਨ ਲਈ ਤੇ ਉਨਾਂ ਨੂੰ ਮੁਢਲੀਆਂ ਲੋੜਾਂ ਦਾ ਸਮਾਨ ਉਪਲਭਦ ਕਰਾਉਣ ਦਾ ਕੰਮ ਵੀ ਆਪਣੇ ਮੋਢਿਆਂ ਤੇ ਲਿਆ। ਉਨ੍ਹਾਂ ਦੇ ਅਣਥਕ ਜਜ਼ਬੇ ਤੇ ਮਿੱਠ ਬੋਲੜੀ ਮੁੱਖ ਦੀ ਮੁਸਕਾਨ ਦਾ ਮਿਕਨਾਤੀਸੀ ਜਾਦੂ ਹਰ ਇਕ ਨੂੰ ਆਪਣੇ ਵੱਲ ਖਿੱਚ ਲੈਂਦਾ। ਉਨ੍ਹਾਂ ਦੇ ਸ਼ੌਕ ਖੇਡਾਂ ਭਾਵੇਂ ਸਧਾਰਨ ਹੋਣ ਜਾਂ ਅਸਧਾਰਨ ਕੰਮ ਦੀ ਸਿੱਖਿਆ ਤੋਂ ਉਨ੍ਹਾਂ ਦੇ ਗੁਣਾਂ 'ਚੋ ਪਰਮ-ਪੁਰਖ ਦਾ ਝਲਕਾਰਾ ਪੈਂਦਾ ਹੈ—

ਗੁਲੀ ਡੰਡਾ ਖੇਡ ਖਡਾਵੇਂ
ਪਿੱਠੂ ਗਰਮ ਲਈ ਖੇਡਣ ਲਾਵੇ
ਲੁਕਣ ਮੀਟੀ ਚ ਲੱਭ ਲਭਾ ਵੇ
ਖੇਡ ਕਬੱਡੀ ਸਾਹ ਪਿਆ ਪਾਵੇ
ਉਚੀਆਂ ਲੰਬੀਆਂ ਛਾਲਾਂ ਲਾਵੇ
ਹਾਕੀ ਖੇਡਣ ਦੀ ਅਜਬ ਕਹਾਣੀ
ਫੁਟਬਾਲ ਖੇਡਣ ਲਾਏ ਹਾਣੀ
ਪਹਿਲਵਾਨਾਂ ਦਾ ਖਾੜਾ ਲਾਇਆ
ਸਭ ਨੂੰ ਆਪਣਾ ਆਪਣਾ ਦਾਅ ਸਿਖਾਇਆ

ਇਨ੍ਹਾਂ ਤੋਂ ਬਿਨਾਂ ਘੋੜ ਸਵਾਰੀ, ਗੱਤਕਾ ਖੇਡਣਾ, ਤੈਰਾਕੀ, ਖੱਡੀ ਤੇ ਕਪੜਾ ਬੁਣਨਾ, ਪ੍ਰਿੰਟਿਗ ਪ੍ਰੈਸ ਚਲੌਣੀ ਤੇ ਕੰਪੋਜ਼ਿੰਗ ਕਰਨੀ, ਲੱਕੜ ਦੀਆਂ ਖੜਾਵਾਂ ਬਨਾਉਣੀਆਂ, ਨਾਮਧਾਰੀ ਕਾਟ ਦੇ ਕੱਪੜੇ ਕਟਣੇ ਤੇ ਸੀਣੇ, ਡਰੈਵਰੀ ਕਰਨੀ, ਸੰਗੀਤ ਸਿਖਣਾ, ਪਸ਼ਮ ਦੀ ਮਾਲ਼ਾ ਗੁੰਦਣੀ, ਵੱਖ-ਵੱਖ ਧੁੰਨੀਆਂ ਰਾਗ ਰਾਗਣੀਆਂ ਤੇ ਸੁਰ ਤਾਲ ਵੱਖ-ਵੱਖ ਸਾਜਾਂ ਦੀਆਂ ਬਰੀਕੀਆਂ ਬੰਦਸ਼ਾਂ ਤੇ ਤਾਰਾਂ ਛੇੜ ਕੇ ਹਰ ਸੰਗੀਤ ਪ੍ਰੇਮੀ ਨੂੰ ਝੂਮਣ ਲਾ ਦੇਂਦੇ ਹਨ।

ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪ੍ਰਲੋਕ ਗਵਨ ਤੋਂ ਮਗਰੋਂ ਸਤੰਬਰ ੧੯੫੯ ਨੂੰ ਗੁਰਗੱਦੀ ਤੇ ਬਿਰਾਜੇ ਹੁਣ ਸਤਿਗੁਰੂ ਜਗਜੀਤ ਸਿੰਘ ਦੇ ਸਿਰ ਵੱਡੀ ਜ਼ੁੰਮੇਵਾਰੀ ਪੰਥ 'ਚ ਏਕਤਾ ਬਣਾਈ ਰੱਖਣ ਦੀ ਸੀ। ਇਸ ਕੰਮ ਨੂੰ ਉਨ੍ਹਾਂ ਨੇ ਬਾਖੂਬੀ ਨਿਭਾਇਆ। ਸਤਿਗੁਰੂ ਜਗਜੀਤ ਸਿੰਘ ਨੇ ਇਕ ਹੋਰ ਅਹਿਮ ਕੰਮ ਵੀ ਕੀਤਾ। ਨਾਮਧਾਰੀ ਨੌਜਵਾਨਾਂ ਨੂੰ ਸਤਿਗੁਰੂ ਰਾਮ ਸਿੰਘ ਜੀ ਵਲੋਂ ਚਲਾਈ ਲਹਿਰ ਤੋਂ ਉਨ੍ਹਾਂ ਨੂੰ ਜਾਣੂੰ ਕਰਾਉਣ ਤੇ ਪੰਥ ਦੀਆਂ ਚੜ੍ਹਦੀਆਂ ਕਲਾਂ ਲਈ ਨੌਜਵਾਨੀ ਭਾਵਨਾ ਦੀ ਤਰਜਮਾਨੀ ਕਰਦੀ ਨਾਮਧਾਰੀ ਵਿਦਿਅਕ ਜਥੇ ਦੀ ਸਥਾਪਨਾ ਕੀਤੀ। ਦੂਜਾ ਸਤਿਗੁਰੂ ਜਗਜੀਤ ਸਿੰਘ ਜੀ ਨੇ ਸ੍ਰੀ ਭੈਣੀ ਸਾਹਿਬ ਨੂੰ ਇਕ ਕਸਬੇ ਦੇ ਰੂਪ ਵਿਚ ਬਦਲ ਦਿੱਤਾ। ਤੀਜਾ ਜਿਹੜਾ ਸਤਿਗੁਰੂ ਜਗਜੀਤ ਸਿੰਘ ਦੇ ਹੀ ਹਿਸੇ ਆਇਆ ਉਹ ਨਾਮਧਾਰੀ ਪੰਥ ਦੀ ਸਾਜਨਾ ਦੀ ੧੫੦ਵੀਂ ਵਰੇਗੰਢ ਸਾਲ ਭਰ ਮਨਾਈ, ਜਿਸ ਨਾਲ ਬੱਚੇ ਬੱਚੇ ਦੀ ਜ਼ੁਬਾਨ ਤੇ ਸਤਿਗੁਰੂ ਰਾਮ ਸਿੰਘ ਜੀ ਦਾ ਨਾਮ ਆ ਗਿਆ। ਸੰਸਾਰ ਦੇ ਦੇਸ਼ਾਂ ਪ੍ਰਦੇਸ਼ਾਂ ਵਿਚ ਵੀ ਉਨ੍ਹਾਂ ਵਲੋਂ ਅਰੰਭੇ ਕਾਜ ਦੀ ਪ੍ਰਸੰਸਾ ਕੀਤੀ ਗਈ। ਇੰਝ ਲੱਗਦਾ ਹੈ ਜਿਵੇਂ ਸ੍ਰੀ ਸਤਿਗੁਰੂ ਰਾਮ ਸਿੰਘ ਮੁੜ ਕੇ ਪ੍ਰਗਟ ਹੋ ਗਏ ਹੋਣ।

ਸਤਿਗੁਰੂ ਜਗਜੀਤ ਸਿੰਘ ਜੀ ਹੁਣ ਬਿਰਧ ਅਵਸਥਾ 'ਚ ਵੀ ਨਾਮਧਾਰੀ ਸਾਧ ਸੰਗਤ ਨੂੰ ਆਪਣੇ ਨੂਰੀ ਦਰਸ਼ਨ ਦੇ ਕੇ ਨਿਹਾਲ ਕਰਦੇ ਹਨ। ਅਨੇਕਾਂ ਪਰਉਪਕਾਰਾਂ 'ਚੋਂ ਕੁਝ ਖਾਸ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਅਪੋਲੋ ਹਸਪਤਾਲ ਲੁਧਿਆਣਾ ਵਿਖੇ ਸਥਾਪਤ ਕਰਕੇ ਗੰਭੀਰ ਬਿਮਾਰੀਆਂ ਦੇ ਇਲਾਜ ਦੀ ਨੇੜੇ ਦੇ ਲੋੜਲੰਦਾਂ ਨੂੰ ਸਹੂਲਤ ਦਿੱਤੀ। ਸ਼ਹੀਦਾਂ ਦੇ ਪਿੰਡਾਂ ਵਿਚ ਉਨ੍ਹਾਂ ਦੀਆਂ ਯਾਦਗਾਰਾਂ ਬਨਾਉਣ ਦੇ ਉਪਰਾਲੇ ਕੀਤੇ, ਨਾਮਧਾਰੀ ਇਤਿਹਾਸ ਦੀਆਂ ਖੋਜਾਂ ਕਰਾ ਕੇ ਛਾਪ ਕੇ ਆਮ ਲੋਕਾਂ ਤਕ ਪੁਚਾਣਾ, ਰਾਮਸਰ ਸਰੋਵਰ ਦੀ ਉਸਾਰੀ ਸਤਿਗੁਰੂ ਜਗਜੀਤ ਸਿੰਘ ਜੀ ਵਲੋਂ ਸੰਗਤ ਨੂੰ ਵੱਡੀ ਦੇਣ ਹੈ। ਬਜ਼ੁਰਗਾਂ ਦੀ ਸਾਂਭ ਸੰਭਾਲ ਲਈ ਬਿਰਧ ਆਸ਼ਰਮ ਬਣਾ ਕੇ ਆਪ ਉਨ੍ਹਾਂ ਦੇ ਦੁਖ ਤਕਲੀਫਾਂ ਦਾ ਇਕੱਲੇ-ਇਕੱਲੇ ਤੋਂ ਪਤਾ ਕਰਨਾ, ਅਕਾਲ ਬੁੰਗੇ ਨੂੰ ਉਸੇ ਰੂਪ 'ਚ ਰੱਖਣ ਲਈ ਉਪਰਾਲਾ ਕਰਨਾ—ਇਹ ਸਾਰੇ ਸਤਿਗੁਰੂ ਜਗਜੀਤ ਸਿੰਘ ਦੇ ਦੁਨਿਆਵੀ ਪਰਉਪਕਾਰ ਹਨ। ਸਿੱਖਾਂ ਨੂੰ ਹਰ ਵੇਲੇ ਨਾਮ ਬਾਣੀ ਨਾਲ ਜੋੜ ਕੇ ਰੱਖਣਾ, ਦਿਨ ਵਿਚ ਦੋ ਵੇਰ ਆਪ ਸਾਧ ਸੰਗਤ ਵਿਚ ਬਿਰਾਜਮਾਨ ਹੋਣਾ, ੪ ਘੰਟੇ ਨਾਮ ਸਿਮਰਨ ਕਰਨਾ, ਕੀਰਤਨ ਕਰਨਾ ਪੰਜਾਂ ਬਾਣੀਆਂ ਦਾ ਪਾਠ ਕਰਨਾ ਤੇ ਕਰਵਾਉਣਾ ਸਰੀਰਕ ਸੁਧੀ ਤੇ ਧਰਮ ਲਈ ਪ੍ਰੇਰਨਾ ਇਹ ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣੇ ਸਤਿਗੁਰਾਂ ਦੇ ਦੱਸੇ ਮਾਰਗ ਨੂੰ ਅੱਗੇ ਤੋਰਨ ਵਿਚ ਕਿਸੇ ਤਰ੍ਹਾਂ ਦੀ ਢਿਲ ਨਹੀਂ ਆਉਣ ਦਿੱਤੀ; ਸਗੋਂ ਇਸਨੂੰ ਸਖਤੀ ਨਾਲ ਲਾਗੂ ਕੀਤਾ ਤੇ ਕਾਇਮ ਰੱਖਿਆ। ਅੱਜ ਪੰਥ ਉਨ੍ਹਾਂ ਦੀ ਰਹਨੁਮਾਈ ਹੇਠ ਦੇਸ਼ਾਂ ਪ੍ਰਦੇਸ਼ਾਂ ਵਿਚ ਚੜ੍ਹਦੀਆਂ ਕਲਾਂ ਵਿਚ ਹੈ।


Namdhari Elibrary NamdhariElibrary@gmail.com

# ਮੌਜ ਦੇ ਮਾਲਕ

—ਹਰਭਜਨ ਸਿੰਘ ਰਾਜਾ



ਸੰਮਤ ਤਾਂ ਮੈਨੂੰ ਯਾਦ ਨਹੀਂ ਰਿਹਾ ਪਰ ਗੱਲ ਓਦੋਂ ਦੀ ਹੈ ਜਦੋਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਗੁਰ ਗੱਦੀ ਤੇ ਬਿਰਾਜ ਮਾਨ ਹੋਇਆਂ ਨੂੰ ਕੋਈ ਦੋ ਜਾ ਢਾਈ ਸਾਲ ਹੀ ਹੋਏ ਸਨ। ਜੀਵਨ ਨਗਰ ਇਲਾਕੇ ਦੇ ਰਾਹ ਚਾਰ ਚੁਫੇਰੇ ਕੱਚੇ ਹੀ ਸਨ। ਜੀਵਨ ਨਗਰੋਂ ਸੰਤ ਨਗਰ ਹਰੀ ਪੁਰਾ ਦਮਦਮਾ ਅਤੇ ਕਰੀ ਵਾਲੇ ਨੂੰ ਆਣ ਜਾਣ ਦਾ ਰਸਤਾ ਜੀਵਨ ਨਗਰ ਵਾਲੀ ਨਹਿਰ ਦੀ ਪਟੜੀ ਹੀ ਸੀ। ਸੱਚੇ ਪਾਤਸ਼ਾਹ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਇਕ ਦਿਨ ਕਰੀਵਾਲੇ ਤੋਂ ਨਹਿਰ ਦੀ ਪਟੜੀ ਪੱਟੜੀ ਜੀਪ ਉਤੇ ਆ ਰਹੇ ਸਨ। ਟਾਇਮ ਕੋਈ ੮-੯ ਵੱਜੇ ਦਾ ਹੋਵੇਗਾ। ਮੇਰਾ ਖੇਤ ਸੰਤ ਨਗਰ ਵਾਲੇ ਨਹਿਰ ਦੇ ਪੁਲ ਦੇ ਲਾਗੇ ਹੀ ਸੀ ਅਤੇ ਖੇਤ ਵਿਚ ਹੀ ਘਰ ਬਨਾਏ ਹੋਏ ਸਨ। ਨਹਿਰ ਦੇ ਚੜ੍ਹਦੇ ਪਾਸੇ ਨਹਿਰ ਤੋਂ ਕੋਈ ਦੱਸ ਵੀਹ ਕਦਮਾਂ ਤੇ ਥੋੜਾ ਜਿਹਾ ਕਮਾਦ ਲਾਇਆ ਹੋਇਆ ਸੀ ਅਤੇ ਉਸ ਵਿਚ ਖਰਬੂਜੇ ਬੀਜੇ ਹੋਏ ਸਨ। ਮੈਂ ਉਥੇ ਖਰਬੂਜੇ ਤੋੜ ਰਿਹਾ ਸਾਂ। ਸੱਚੇ ਪਾਤਸ਼ਾਹ ਨੇ ਜੀਪ ਖਲਾਰ ਲਈ ਤੇ ਸੇਵਕ ਨੇ ਮੈਨੂੰ ਅਵਾਜ ਮਾਰੀ ਤੇ ਆਖਿਆ ਸੱਚੇ ਪਾਤਸ਼ਾਹ ਯਾਦ ਕਰ ਰਹੇ ਹਨ। ਮੈਂ ਇਕ ਦਮ ਨਹਿਰ ਦੀ ਪਟੜੀ ਵੱਲ ਵੇਖਿਆ ਤਾਂ ਸਾਹਮਣੇ ਸ੍ਰੀ ਸਤਿਗੁਰੂ ਜੀ ਦੀ ਚਿੱਟੀ ਝੰਡੀ ਵਾਲੀ ਜੀਪ ਖੜੀ ਹੈ। ਮੈਂ ਉਸੇ ਵੇਲੇ ਨਹਿਰ ਵੱਲ ਭੱਜ ਉਠਿਆ ਅਤੇ ਜਾ ਕੇ ਸ੍ਰੀ ਸਤਿਗੁਰੂ ਜੇ ਦੇ ਚਰਨਾ ਉਤੇ ਨਮਸਕਾਰ ਕੀਤੀ। ਸੱਚੇ ਪਾਤਸ਼ਾਹ ਮੇਰੇ ਵਲ ਵੇਖਦੇ ਮੁਸਕਰਾ ਕੇ ਕਹਿਨ ਲਗੇ ਕੀ ਕਰ ਰਿਹੈਂ ਏਥੇ ਕਮਾਦ ਵਿਚ। ਮੈਂ ਕਿਹਾ ਜੀ ਖਰਬੂਜੇ ਤੋੜ ਰਿਹਾ ਹਾਂ। ਮੌਜ ਦੇ ਮਾਲਕ ਪਾਤਸ਼ਾਹ ਕਹਿਨ ਲੱਗੇ ਖਰਬੂਜੇ ਜੀਵਨ ਨਗਰ ਲੈ ਕੇ ਆ ਜਾ। ਮੈਂ ਕਿਹਾ ਜੀ ਸਵੇਰੇ ਭਾਵ ਕੱਲ ਨੂੰ ਲੈ ਕੇ ਆ ਜਾਵਾਂਗਾ ਹੁਣ ਖਰਬੂਜੇ ਥੋੜ੍ਹੇ ਹਨ। ਪਾਤਸ਼ਾਹ ਕਹਿਨ ਲੱਗੇ ਨਹੀਂ ਹੁਣੇ ਹੀ ਲੈ ਕੇ ਆ ਜਾ ਅਤੇ ਜੀਪ ਤੋਰ ਲਈ। ਮੇਰੀ ਖੁਸ਼ੀ ਦੀ ਹੱਦ ਨਾ ਰਹੀ ਮੈਂ ਸੋਚਿਆ ਵੇਖੋ ਪਾਤਸ਼ਾਹ ਕਿਡੇ ਮੌਜ ਦੇ ਮਾਲਕ ਹਨ। ਗੋਬਿਦ ਭਾਓ ਭਗਤ ਦਾ ਭੁੱਖਾ-ਭੁੱਖਾ ਨਹੀਂ ਪਦਾਰਥਾਂ ਦਾ, ਪਾਤਸ਼ਾਹ ਜੀ ਨੇ ਭੀਲਣੀ ਵਾਗੂ ਮੈਂ ਨਿਮਾਣੇ ਤੇ ਕਿਰਪਾ ਕੀਤੀ ਹੈ। ਮੈਂ ਉਸੇ ਵੇਲੇ ਖਰਬੂਜੇ ਸਾਈਕਲ ਉਤੇ ਧਰ ਕੇ ਨਹਿਰ ਦੀ ਪਟੜੀ ਸ੍ਰੀ ਸਤਿਗੁਰੂ ਜੀ ਦੀ ਜੀਪ ਦੇ ਪਿਛੇ-ਪਿਛੇ ਸ੍ਰੀ ਜੀਵਨ ਨਗਰ ਪਹੁੰਚ ਗਿਆ। ਪਾਤਸ਼ਾਹ ਬਾਹਰ ਹੀ ਕੋਠੀ ਦੇ ਬਰਾਂਡੇ ਵਿਚ ਕੁਰਸੀ ਤੇ ਬਿਰਾਜਮਾਨ ਸਨ ਭਾਵ ਬੈਠੇ ਹੋਏ ਸਨ। ਮੈਂ ਖਰਬੂਜੇ ਪਾਤਸ਼ਾਹ ਦੇ ਚਰਨਾਂ ਵਿਚ ਰੱਖ ਕੇ ਨਮਸਕਾਰ ਕਰ ਕੇ ਬੈਠ ਗਿਆ। ਭਾਵੇਂ ਮੇਰੇ ਸਾਹਮਣੇ ਪਾਤਸ਼ਾਹ ਜੀ ਨੇ ਖਰਬੂਜੇ ਨਹੀਂ ਸਨ ਛੱਕੇ ਪਰ ਮੇਰੇ ਤਾ ਬੇੜੇ ਤਾਰ ਦਿਤੇ ਅਤੇ ਮੈਨੂੰ ਨਦਰੋ ਨਦਰ ਨਿਹਾਲ ਕਰ ਦਿੱਤਾ ਅਤੇ ਕਹਿਨ ਲਗੇ ਪ੍ਰਸ਼ਾਦਾ ਛੱਕ ਕੇ ਜਾਵੀਂ। ਮੈਂ ਲੰਗਰ ਦਾ ਪ੍ਰਸਾਦਾ ਛੱਕ ਕੇ ਸਾਈਕਲ ਤੇ ਸਵਾਰ ਹੋਇਆ ਤੇ ਆਪਣੇ ਘਰ ਪਹੁੰਚ ਗਿਆ। ਜੀਵਨ ਨਗਰ ਤੋਂ ਸੰਤ ਨਗਰ ਤੋ ਅਗੇ ਮੇਰਾ ਖੇਤ ੨ ਕਿਲੋ ਮੀਟਰ ਦੂਰ ਸੀ। ਮੇਰੀ ਮਾਤਾ ਮੈਨੂੰ ਵੇਖ ਕੇ ਕਹਿਨ ਲਗੀ ਕਿਥੇ ਗਿਆ ਸੈਂ। ਮੈ ਆਖਿਆ ਸ੍ਰੀ ਜੀਵਨ ਨਗਰ ਸਚੇ ਪਾਤਸ਼ਾਹ ਜੀ ਨੂੰ ਖਰਬੂਜੇ ਦੇਣ। ਏਨੀ ਸੁਣਕੇ ਮੇਰੀ ਮਾਤਾ ਕਹਿਨ ਲਗੀ ਮੈਨੂੰ ਕਿਉਂ ਨਾ ਦਸਿਆ ਮੈਂ ਵੀ ਤੇਰੇ ਨਾਲ ਜਾਂਦੀ ਤੇ ਦਰਸ਼ਨ ਕਰ ਔਂਦੀ ਤੂੰ ਕੱਲਾ ਹੀ ਜਾ ਆਇਆ ਹੈਂ। ਮੈਂ ਆਖਿਆ ਸੱਚੇ ਪਾਤਸ਼ਾਹ ਤੇ ਹੁਣੇ ਹੀ ਔਥੋਂ ਜੀਪ ਤੇ ਲੰਘ ਕੇ ਗਏ ਸਨ ਤੇ ਮੈਨੂੰ ਖਰਬੂਜੇ ਦੇਣ ਲਈ ਕਹਿ ਗਏ ਸਨ। ਮੈਨੂੰ ਕਹਿਨ ਦਾ ਮੌਕਾ ਹੀ ਨਹੀਂ ਮਿਲਿਆ ਦਰਸ਼ਨ ਤਾ ਏਥੇ ਵੀ ਹੋ ਸਕਦੇ ਸਨ, ਪਰ ਇਹ ਹੈ ਪਾਤਸ਼ਾਹ ਦੀ ਮੌਜ ਉਹ ਮੌਜ ਦੇ ਮਾਲਕ ਹਨ।



ਐਲਨਾਬਾਦ
੯੪੧੬੮-੮੦੭੬੩



Namdhari Elibrary NamdhariElibrary@gmail.com

# ਸ਼ਿਵ ਨਗਰੀ ਕਾਂਸ਼ੀ ਦੀ ਯਾਤਰਾ

*—ਜਗਦੀਸ਼ ਸਿੰਘ ਵਰਿਆਮ*

*ਇਹ ਰਿਪੋਰਟ ਵਰਿਆਮ ਜਨਵਰੀ-ਫਰਵਰੀ ੧੯੯੭ ਅੰਕ ਵਿਚ ਪਹਿਲਾਂ ਛੱਪ ਚੁੱਕੀ ਹੈ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਵਭਿੰਨ ਸਰਗਰਮੀਆਂ ਦੇ ਗਾਹੜ ਨੂੰ ਬਿਆਨ ਕਰਦਾ ਇਹ ਬਿਰਤਾਂਤ ਇਤਿਹਾਸ ਦਾ ਅਹਿਮ ਅੰਗ ਹੈ। ਪੁਰਾਣੇ ਪਾਠਕਾਂ ਦੀ ਮੰਗ ਉਤੇ ਨਵੇਂ ਪਾਠਕਾਂ ਨੂੰ ਅਤੀਤ ਤੇ ਝਾਤ ਪੁਆਉਣ ਦੀ ਮਨਸ਼ਾ ਨਾਲ ਇਕ ਵਾਰ ਫੇਰ ਪ੍ਰਕਾਸ਼ਤ ਕਰ ਰਹੇ ਹਾਂ। —ਸੰਪਾਦਕ*

ਬਨਾਰਸ, ਵਾਰਾਨਸੀ, ਕਾਂਸ਼ੀ ਜਾਂ ਸ਼ਿਵ ਨਗਰੀ-ਭਾਰਤ ਦੀ ਸੰਸਕ੍ਰਿਤੀ ਵਿਚ ਸਰੇਸ਼ਟ ਨਾਮ ਹੈ। ਗੁਰੂ ਰਾਮਾ ਨੰਦ, ਭਗਤ ਕਬੀਰ, ਗੁਰੂ ਰਵੀਦਾਸ, ਮਹਾਤਮਾ ਬੁੱਧ ਦੀ ਨਗਰੀ ਵਿਚ ਗੁਰੂ ਨਾਨਕ, ਗੁਰੂ ਤੇਗ ਬਹਾਦਰ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਵੀ ਚਰਨ ਪਏ ਸਨ। ਪ੍ਰਯਾਗ (ਅਲਾਹਾਬਾਦ) ਵਿਚ ਤ੍ਰਿਬੇਣੀ (ਗੰਗਾ-ਜਮਨਾ-ਸੁਰਸਤੀ) ਇਕ ਰੂਪ, ਵਿਰਾਟ ਗੰਗਾ ਹੋ ਚਲਦੀਆਂ ਹਨ, ਤਾਂ ਇਹ ਬਨਾਰਸ ਹੀ ਪੁੱਜਦੀਆਂ ਹਨ। ਗੁਰਬਾਣੀ ਅਤੇ ਇਤਿਹਾਸ ਪੜ੍ਹਦਿਆਂ ਬਨਾਰਸ ਅਤੇ ਗੰਗਾ ਦਾ ਜ਼ਿਕਰ ਬਾਰ ਬਾਰ ਮਨ ਨੂੰ ਟੁੰਬਦਾ ਹੈ। ਬਾਲ ਅਵਸਥਾ ਵਿਚ ਆਪਣੇ ਪਿਤਾ ਜੀ ਤੋਂ ਰਾਜੇ ਹਰੀ ਚੰਦ ਦੀ ਕਥਾ ਸੁਣਦਿਆਂ ਉਨ੍ਹਾਂ ਦੇ ਮਗਰ ਮਗਰ ਧਾਰਨ ਪੜ੍ਹਦੇ ਹੁੰਦੇ ਸਾਂ—"ਕਿਤਨੀ ਕੁ ਦੂਰ ਤੇਰੀ ਕਾਂਸ਼ੀ ਵੇ ਪੰਡਤਾ..." ਅਤੇ ਕਾਂਸ਼ੀ ਦੀ ਮਹਿਮਾ ਨਾਲ ਹਿੰਦੂ ਧਾਰਮਕ ਗਰੰਥ ਭਰੇ ਪਏ ਹਨ।

ਭਾਈ ਗੁਰਦਾਸ ਨੇ ਗੰਗ-ਬਨਾਰਸ ਦੀ ਤੁਲਨਾ ਮੱਕੇ-ਕਾਅਬੇ ਨਾਲ ਕੀਤੀ ਹੈ—

"ਗੰਗ ਬਨਾਰਸ ਹਿਦੂਆ, ਮੁਸਲਮਾਣਾ ਮਕਾ ਕਾਬਾ"

ਅਤੇ ਰਾਮਾਨੰਦ ਤੇ ਕਬੀਰ ਦੇ ਪ੍ਰਸੰਗ ਵਿਚ ਭਾਈ ਸਾਹਿਬ ਨੇ ਲਿਖਿਆ ਹੈ—

ਹੋਇ ਬਿਰਕਤੁ ਬਨਾਰਸੀ ਰਹਿੰਦਾ ਰਾਮਾਨੰਦੁ ਗੋਸਾਈਂ।
ਅੰਮ੍ਰਿਤੁ ਵੇਲੇ ਉਠਿ ਕੈ ਜਾਂਦਾ ਗੰਗਾ ਨ੍ਹਾਵਣ ਤਾਈਂ।

ਭਾਈ ਗੁਰਦਾਸ ਆਪ ਵੀ ਕਾਂਸ਼ੀ ਦੇ ਰਾਜੇ ਕੋਲ ਕਥਾ ਕਰਦੇ ਰਹੇ। ਕਬੀਰ ਨੇ ਇਸੇ ਥਾਂ ਵਾਸਤੇ ਹੀ ਲਿਖਿਆ ਕਿ—

"ਗੰਗਾ ਕੀ ਲਹਰਿ ਮੇਰੀ ਟੁੱਟੀ ਜੰਜੀਰ।"

**ਕਲਾਕਾਰਾਂ ਦੀ ਨਗਰੀ**

ਇਸ ਕਾਂਸ਼ੀ ਨਗਰੀ ਬਨਾਰਸ ਤੋਂ ਜਦੋਂ ਵੱਡਾ ਸਾਰਾ ਤਿਲਕ ਲਾ ਕੇ ਕਿਸ਼ਨ ਮਹਾਰਾਜ ਹਰਬੱਲਭ 'ਤੇ ਤਬਲਾ ਵਜਾਉਣ ਜਲੰਧਰ ਆਉਂਦੇ ਤਾਂ ਉਹਨਾਂ ਨੂੰ ਵੇਖ ਕੇ ਲੋਕਾਂ ਵਿਚ ਇਕ ਜੋਸ਼, ਉਤਸੁਕਤਾ ਭਰ ਜਾਂਦੀ। ਬਨਾਰਸ ਤੋਂ ਹੀ ਪੰਡਿਤ ਸਾਮਤਾ ਪ੍ਰਸਾਦ (ਗੁਦਈ ਮਹਾਰਾਜ) ਵੀ ਆਉਂਦੇ। ਬਿਸਮਿਲਾ ਖਾਂ ਅਤੇ ਗਿਰਜਾ ਦੇਵੀ ਅਤੇ ਹੋਰ ਕਿੰਨੇ ਹੀ ਕਲਾਕਾਰ ਆਉਂਦੇ ਤਾਂ ਲੱਗਦਾ ਸਾਰਾ ਬਨਾਰਸ ਇਨ੍ਹਾਂ ਵੱਡੇ ਕਲਾਕਾਰਾਂ ਨਾਲ ਭਰਿਆ ਪਿਆ ਹੈ।... ਅਤੇ ਫੇਰ ਇਕ ਦਿਨ ਮੈਨੂੰ ਸਤਿਗੁਰੂ ਜਗਜੀਤ ਸਿੰਘ ਜੀ ਵਲੋਂ ਆਗਿਆ ਹੋਈ-'ਜਾਹ ਬਨਾਰਸ! ਮੈਂ ਕਈ ਵਾਰ ਬਨਾਰਸ ਗਿਆ, ਓਸੇ ਹੀ ਕਿਸ਼ਨ ਮਹਾਰਾਜ ਕੋਲ, ਜਿਹਦੇ ਕੋਲ ਲੋਕ ਬਹਾਨੇ ਨਾਲ ਖਲੋ ਕੇ ਤਸਵੀਰ ਖਿਚਵਾਉਂਦੇ ਸਨ। ਜਿਸਦੀਆਂ ਤਬਲੇ ਦੀਆਂ ਥਾਪਾਂ ਸੁਣ ਕੇ ਅੰਨ੍ਹੇ ਵੀ ਦੱਸ ਦਿੰਦੇ ਸਨ ਇਹ ਕਿਸ਼ਨ ਮਹਾਰਾਜ ਹੈ। (ਅਸਲ ਉਚਾਰਨ ਕਿਸਨ ਮਹਾਰਾਜ ਹੈ) ਇਕ ਵਾਰ ਮੈਂ ਜਲੰਧਰ ਦੇ ਕਲਾਕਾਰ ਬੱਚੇ, ਜੋ ਕਿਸ਼ਨ ਮਹਾਰਾਜ ਦੇ ਸ਼ਾਗਿਰਦ ਸਨ, ਸੁਖਦੇਵ ਸਿੰਘ ਸੁਖਵਿੰਦਰ ਸਿੰਘ ਨੂੰ ਮਿਲਣ ਗਿਆ, ਜੋ ਹੁਣ ਜਵਾਨ ਹੋ ਗਏ ਹਨ। ਇਕ ਵਾਰ ਐਸੇ ਕਲਾਕਾਰ ਬੱਚੇ ਨੂੰ ਲੈ ਕੇ ਗਿਆ, ਜੋ ਅੱਜ ਕਲ੍ਹ ਸੰਸਾਰ ਪ੍ਰਸਿੱਧ ਹੋ ਚੁੱਕਾ ਹੈ, ਛੋਟਾ ਜਿਹਾ ਮਾਸੂਮ ਜਿਹਾ ਸੀ, ਉਹ ਰੋਂਦਾ ਵੀ ਸੀ ਤੇ ਹੱਸਦਾ ਵੀ ਸੀ। ਉਸਨੂੰ ਵਰਚਾਉਣ ਲਈ ਕਈ ਤਰੱਦਦ ਕਰਨੇ ਪਏ। ਡਾਕਟਰ ਜਸਬੀਰ ਸਿੰਘ ਦੇ ਮੋਟਰ-ਸਾਈਕਲ ਦੇ ਝੂਟੇ ਵੀ ਦਵਾਏ...। ਬਨਾਰਸ ਵਿਚ ਦਿਲ ਲਾਉਣ ਲਈ ਹੋਰ ਪਾਪੜ ਵੀ ਵੇਲੇ।—ਸਕੂਲ ਵਿਚ ਦਾਖਲ ਵੀ ਕਰਵਾਇਆ ਅਤੇ ਫੇਰ ਦੂਸਰੇ ਬੱਚਿਆਂ ਦੀ ਸੰਗਤ ਵਿਚ ਛੱਡ ਵਾਪਸ ਆਇਆ ਸਾਂ। ਇਹ ਬੱਚਾ ਸੀ—ਅੱਜ ਦਾ ਸਟਾਰ ਕਲਾਕਾਰ ਪਿੰਕੀ ਸੁਖਵਿੰਦਰ ਸਿੰਘ ਨਾਮਧਾਰੀ, ਜਿਸਨੂੰ ਅਜੇ ਵੀ ਯਾਦ ਹੈ ਉਹ ਪਹਿਲੀ ਯਾਤਰਾ, ਜਦੋਂ ਉਹ ਮਾਤਾ ਨੂੰ ਛੱਡ ਕੇ ਗਿਆ ਸੀ। ਉਹਦੇ ਮਾਤਾ-ਪਿਤਾ ਦੀ ਵੀ ਕਿੱਡੀ ਕੁਰਬਾਨੀ ਸੀ। ਆਪਣੇ ਸਤਿਗੁਰੂ ਦੀ ਇੱਛਾ ਉਤੇ ਫੁੱਲ ਚੜ੍ਹਾਉਣ ਲਈ ਉਨ੍ਹਾਂ ਲਖਤੇ-ਜਿਗਰ ਦਾ ਤਿਆਗ ਕੀਤਾ। ਅੰਤ ਇਹ ਯਾਤਰਾ ਇਸ ਕਲਾਕਾਰ ਦੀ ਰਾਕਟ ਦੀ ਪੁਲਾੜ ਉਡਾਰੀ ਦੀ ਮੁਢਲੀ ਕਿਰਿਆ ਹੋ ਨਿਬੜੀ।

**ਕਿਸਨ ਮਹਾਰਾਜ**

ਇਹਨਾਂ ਮੁੱਢਲੀਆਂ ਬਨਾਰਸ ਯਾਤਰਾਵਾਂ ਵਿਚ ਕਾਫੀ ਸਾਰਾ ਬਨਾਰਸ ਦੇਖਿਆ ਸੀ। ਸੁਖਦੇਵ ਸਿੰਘ ਜਾਂ ਡਾਕਟਰ ਜਸਬੀਰ ਸਿੰਘ ਦੇ ਮੋਟਰ ਸਾਈਕਲ ਤੇ ਬੈਠ ਕੇ ਸਾਰਨਾਥ, ਵਿਸ਼ਵਨਾਥ ਦਾ ਮਸ਼ਹੂਰ ਮੰਦਰ, ਮੁਕਤੀ ਲਈ ਲਗੇ ਕਲਵਤਰਾਂ ਵਾਲੀ ਥਾਂ, ਇਥੋਂ ਦੇ ਘਾਟ, ਹਿੰਦੂ ਯੂਨੀਵਰਸਿਟੀ ਅਤੇ ਇਸ ਵਿਚ ਬਣਿਆ ਮੰਦਰ, ਬਨਾਰਸ ਦੇ ਸ਼ਮਸ਼ਾਨਾਂ ਵਿਚ ਸ਼ੋਕ ਦੀ



Namdhari Elibrary NamdhariElibrary@gmail.com

ਤਾਦਾਦ ਵਿਚ ਸੜਦੇ ਮੁਰਦੇ, ਅਤੇ ਪਾਵਨ ਗੰਗਾ ਘਾਟਾਂ ਤੇ ਮੁਕਤੀ ਹਿਤ ਭੇਜੇ ਜਾਂਦੇ ਮਨੁੱਖੀ ਮੁਰਦਾ ਸਰੀਰ ਬਾਂਸਾਂ ਨਾਲ ਬੱਧੇ ਹੋਏ ਰਿਕਸ਼ਿਆਂ ਤੇ ਰਖੇ ਇਥੇ ਕੋਈ ਹੈਰਾਨੀ ਵਾਲਾ ਦ੍ਰਿਸ਼ ਨਹੀਂ ਸੀ ਹੁੰਦਾ। ਗੰਗਾ ਪਾਰ ਕਾਂਸ਼ੀ ਵਾਲੇ ਰਾਜੇ ਦਾ ਕਿਲ੍ਹਾ ਜਾਂ ਮਹੱਲ, ਜੋ ਹੁਣ ਅਜਾਇਬ ਘਰ ਹੈ ਉਹ ਵੀ ਦੇਖਿਆ। ਇਥੇ ਹੀ ਕਬੀਰ ਜੀ ਦਾ ਦੇਹੁਰਾ ਹੈ। ਕਬੀਰ ਪੰਥੀਆਂ ਦਾ ਮੁਖ ਅਸਥਾਨ ਬਹੁਤ ਸਾਦਾ ਜਿਹਾ ਹੈ। ਇਸ ਦੀ ਯਾਤਰਾ ਤਾਂ ਸੁਭਾਵਿਕ ਹੀ ਸੀ। ਇਕ ਜਨਮ ਅਸ਼ਟਮੀ ਦੀ ਰਾਤ ਕਿਸ਼ਨ ਮਹਾਰਾਜ ਦੇ ਨਾਲ ਨਾਲ ਉਹਨਾਂ ਦੀ ਕਾਰ ਵਿਚ ਬੈਠ ਕੇ ਵੱਖ ਵੱਖ ਥਾਵਾਂ ਤੇ ਜਾ ਕੇ ਕਿਸ਼ਨ ਜਨਮ ਅਸ਼ਟਮੀ ਦਾ ਉਤਸ਼ਾਹ ਦੇਖਿਆ। ਕਿਸ਼ਨ ਮਹਾਰਾਜ ਦੇ ਘਰ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਦੇ ਅਭਿਨੰਦਨ ਵਿਚ ਸਾਰੀ ਸਾਰੀ ਰਾਤ ਦੀਆਂ ਸੰਗੀਤ ਸਭਾਵਾਂ ਦਾ ਅਨੰਦ ਲੁੱਟਿਆ। ਇਥੇ ਹੀ ਇਕ ਵਾਰ ਪੰਡਿਤ ਸ਼ਿਵ ਕੁਮਾਰ ਸ਼ਰਮਾ ਦਾ ਸੰਤੂਰ ਵਾਦਨ ਵੀ ਸੁਣਿਆ। ਉਸ ਸਮੇਂ ਕਬੀਰ ਚੌਰਾ ਵਿਚੋਂ ਕਈ ਲੋਕ, ਕਲਾਕਾਰਾਂ ਨਾਲ ਹਰਬੱਲਭ ਤੇ ਵੀ ਆਉਂਦੇ ਸਨ। ਇਹ ਲੋਕ ਸਾਨੂੰ ਬਨਾਰਸ ਵਿਚ ਮਿਲ ਪੈਂਦੇ ਤੇ ਹਲਬੱਲਭ ਦੀਆਂ ਗੱਲਾਂ ਕਰਦੇ। ਸੰਗੀਤਕਾਰ ਬੱਚਿਆਂ ਦੇ ਖਰਚ ਵਾਸਤੇ ਸਤਿਗੁਰੂ ਜਗਜੀਤ ਸਿੰਘ ਜੀ ਨੇ ਇਥੋਂ ਦੇ ਸਰਦਾਰ ਲਹਿਣਾ ਸਿੰਘ ਜੀ ਹੋਰਾਂ ਦੀ ਜ਼ੁਮੇਵਾਰੀ ਲਾਈ ਹੋਈ ਸੀ। ਇਸ ਸਿਲਸਿਲੇ ਵਿਚ ਉਹਨਾਂ ਨਾਲ ਅਤੇ ਉਹਨਾਂ ਦੇ ਸਪੁੱਤਰ ਸ. ਮਨਜੀਤ ਸਿੰਘ ਨਾਲ ਮੁਲਾਕਾਤ ਵੀ ਹੁੰਦੀ ਸੀ। ਇਕ ਵਾਰ ਸਤਿਗੁਰੂ ਜਗਜੀਤ ਸਿੰਘ ਜੀ ਨੇ ਸ. ਮਨਜੀਤ ਸਿੰਘ ਤੇ ਮੈਨੂੰ ਇਕੱਠਿਆਂ ਨੂੰ ਭੈਣੀ ਸਾਹਿਬ ਸਟੇਜ ਤੇ ਖੜਾ ਕਰਕੇ ਸਾਧ ਸੰਗੀਤ ਨੂੰ ਦੱਸਿਆ ਸੀ ਕਿ "ਇਹ ਮੇਰੇ ਸੰਗੀਤ ਪ੍ਰੋਗਰਾਮ ਦੇ ਸਹਾਇਕ ਨੇ।" ਮੇਰੇ ਵਾਸਤੇ ਇਹ ਸਰਟੀਫੀਕੇਟ ਤੋਂ ਘੱਟ ਨਹੀਂ ਸੀ। ਮਨਜੀਤ ਸਿੰਘ ਸਹਾਇਕ ਸਨ, ਪਰ ਉਹ ਸੰਗੀਤ ਵਿਚ ਖੁੱਭੇ ਹੋਏ ਨਹੀਂ ਸਨ।

ਫੇਰ ਲੰਮਾ ਗੈਪ ਪੈ ਗਿਆ। ਬਨਾਰਸ ਨਹੀਂ ਜਾਇਆ ਗਿਆ। ਜਿਨ੍ਹਾਂ ਵਾਸਤੇ ਜਾਈਦਾ ਸੀ ਉਹ ਆਪ ਵਡੀਆਂ ਹਸਤੀਆਂ ਬਣ ਚੁੱਕੇ ਹਨ। ਉਹਨਾਂ ਦੇ ਨਾਮ ਦੀ ਤੂਤੀ ਬੋਲਦੀ ਹੈ। ਬਨਾਰਸ ਦਾ ਕੋਈ ਵੀ ਕੰਮ ਇਹ ਕਰ ਲੈਂਦੇ ਸਨ।

**ਮਾਤਾ ਪਿਤਾ ਦੀ ਯਾਦ ਵਿਚ ਮੇਲਾ**

ਪਿਛਲੇ ਸਾਲ ਦਸੰਬਰ ਵਿਚ ਆਪਣੇ ਮਿੱਤਰ ਨਾਮਧਾਰੀ ਏਜੰਸੀਜ਼ ਦਿੱਲੀ ਵਾਲੇ ਸ. ਭੁਪਿੰਦਰ ਸਿੰਘ ਤੋਂ ਪਤਾ ਲੱਗਾ ਕਿ ਮਨਜੀਤ ਸਿੰਘ ਬਨਾਰਸ ਵਿਚ ਸਤਿਗੁਰਾਂ ਦੀ ਹਜ਼ੂਰੀ ਵਿਚ ਕੋਈ ਸੰਗੀਤ ਪ੍ਰੋਗਰਾਮ ਕਰਾ ਰਿਹਾ ਹੈ। ਮੈਨੂੰ ਵੀ ਆਦੇਸ਼ ਹੈ ਕਿ ਉਥੇ ਪੁੱਜਾਂ। ਉਥੇ ਜਾ ਕੇ ਪਤਾ ਲੱਗਾ ਕਿ ਪ੍ਰੋਗਰਾਮ ਤਾਂ ਇਹਨਾਂ ਦੇ ਘਰ ਹੋ ਰਿਹਾ ਹੈ। ਆਪਣੇ ਮਾਤਾ ਪਿਤਾ ਦੀ ਯਾਦ ਵਿਚ...ਸਵਰਗੀ ਸੰਤ ਲਹਿਣਾ ਸਿੰਘ ਅਤੇ ਮਾਤਾ ਦੀ ਸਿਮਰਤੀ ਵਿਚ। ਹੋ ਵੀ ਇਹਨਾਂ ਦੇ ਘਰ ਮਹਲਾ ਰਾਮ ਕਟੋਰਾ ਵਿਚ ਹੀ ਰਿਹਾ ਹੈ। ਪੰਡਾਲ ਵਡੇ ਭਰਾ ਜਸਵੰਤ ਸਿੰਘ ਹੋਰਾਂ ਦੀ ਛੱਤ ਤੇ ਲੱਗਾ ਸੀ ਪਰ ਇਹ ਕੋਈ ਸਾਧਾਰਨ ਘਰੇਲੂ ਤਰਜ਼ ਦਾ ਪ੍ਰੋਗਰਾਮ ਨਹੀਂ ਸੀ। ਪੰਡਿਤ ਕਿਸ਼ਨ ਮਹਾਰਾਜ ਦੀ ਨਿਰਦੇਸ਼ਨ ਹੇਠ ਹੋ ਰਿਹਾ ਸੀ ਅਤੇ ਸ. ਮਨਜੀਤ ਸਿੰਘ ਤੇ ਕਿਸ਼ਨ ਮਹਾਰਾਜ ਪੂਰਨ ਦੋਸਤਾਂ ਵਾਂਗ ਵਿਚਰ ਰਹੇ ਸਨ। ਭਜਨ ਸੋਪੁਰੀ ਜਿਹੇ ਸੰਤੂਰਵਾਦਕ ਅਤੇ ਪਿੰਕੀ ਸੁਖਵਿੰਦਰ ਜਿਹੇ ਤਬਲਾਵਾਦਕ ਵੀ ਆਏ ਸਨ। ਪੰਡਿਤ ਕਿਸ਼ਨ ਮਹਾਰਾਜ ਦੀਆਂ ਤਬਲੇ ਤੇ ਥਾਪਾਂ ਉਵੇਂ ਦੀਆਂ ਉਵੇਂ ਹੀ ਤਾਜ਼ਾ ਸਨ, ਜਵਾਨੀ ਵੇਲੇ ਵਰਗੀਆਂ। ਸਤਿਗੁਰੂ ਜੀ ਦੇ ਸਿਖਾਏ ਬੱਚੇ ਬੱਚੀਆਂ ਨੇ ਭੈਰਵ, ਮਲਹਾਰ ਰਾਗਾਂ ਦੇ ਅਨੇਕਾਂ ਪਰਕਾਰ ਦੀਆਂ ਸਰਗਮਾਂ ਗਾ ਕੇ ਸੁਣਾਈਆਂ ਸਨ। ਮੋਹਨ ਸਿੰਘ ਸੁਖਦੇਵ ਸਿੰਘ ਦਾ ਗਾਇਨ ਵੀ ਹੋਇਆ ਸੀ। ਤਿੰਨ ਦਿਨ ਅਤੇ ਰਾਤਾਂ ਪ੍ਰੋਗਰਾਮ ਚਲਦਾ ਰਿਹਾ ਸੀ। ਆਸਾ ਦੀ ਵਾਰ, ਦੁਪਹਿਰ ਦਾ ਦੀਵਾਨ ਵੱਖ ਵੱਖ ਥਾਵਾਂ ਤੇ ਅਤੇ ਸ਼ਾਮ ਤੋਂ ਰਾਤ ਤੱਕ ਦੇ ਸੰਗੀਤ ਪ੍ਰੋਗਰਾਮ ਹੋਏ ਸਨ।

**ਮੁੜ ਯਾਤਰਾ**

ਇਸ ਵਾਰ ਮੁੜ ਭੁਪਿੰਦਰ ਸਿੰਘ ਤੋਂ ਪਤਾ ਲੱਗਾ ਕਿ ਫਿਰ ਬਨਾਰਸ ਪ੍ਰੋਗਰਾਮ ਹੈ, ਸਤਿਗੁਰੂ ਜੀ ਵਲੋਂ ਹਜ਼ੂਰੀ ਸੇਵਕ ਸੰਤ ਰਛਪਾਲ ਸਿੰਘ ਨੇ ਵੀ ਜਾਣ ਦਾ ਹੁਕਮ ਸੁਣਾਇਆ। ਜਲੰਧਰ ਵਿਚ ਕਹਾਣੀ ਉਤਸਵ ਦਾ ਬਹੁਤ ਵੱਡਾ ਪ੍ਰੋਗਰਾਮ ਅਠ ਦਸੰਬਰ ਨੂੰ ਸਮਾਪਤ ਕਰਕੇ ਦਸ ਨੂੰ ਦਿੱਲੀ ਵਾਸਤੇ ਰੇਲ ਫੜੀ। ਆਪਣੀ ਵਲੈਤ ਤੋਂ ਆਈ ਸਪੁਤਰੀ ਦਾ ਜਹਾਜ਼ ਤੋਂ ਗਿਆਰਾਂ ਦਸੰਬਰ ਨੂੰ ਸਵਾਗਤ ਕਰਕੇ ੧੨ ਤਾਰੀਖ ਨੂੰ ਦਿੱਲੀ ਤੋਂ ਗੱਡੀ ਫੜੀ ਬਨਾਰਸ ਵਾਸਤੇ। ਨਿਸਚਿਤ ਪ੍ਰੋਗਰਾਮ ਅਨੁਸਾਰ ਮੈਂ ਤੇ ਉਸਤਾਦ ਹਰਭਜਨ ਸਿੰਘ ਨੇ ਦਿੱਲੀ ਤੋਂ ਚੜ੍ਹਨਾ ਸੀ ਅਤੇ ਬਾਕੀ ਜੱਥੇ ਨੇ ਲੁਧਿਆਣੇ ਤੋਂ। ਸਤਿਗੁਰੂ ਜਗਜੀਤ ਸਿੰਘ ਜੀ ਨੇ ਥਾਈਲੈਂਡ ਤੋਂ ਆ ਕੇ ਬਿਹਾਰ ਵਿਚ ਡਾਲਟੇਨ ਗੰਜ ਅਤੇ ਹੋਰ ਥਾਵਾਂ ਰਾਹੀਂ ਬਨਾਰਸ ਪੁੱਜਣਾ ਸੀ। ਕਰਨਾ ਰੱਬ ਦਾ ਹਰਭਜਨ ਸਿੰਘ ਅਤੇ ਮੈਨੂੰ ਸਟੇਸ਼ਨ ਤੇ ਪੁੱਜਣ ਲਈ ਕੋਈ ਸਵਾਰੀ ਨਾ ਲਭੇ ਅਤੇ ਜੇ ਉਸਤਾਦ ਜੀ ਨਾਲ ਨਾ ਹੁੰਦੇ ਤਾਂ ਜਾਣ ਦਾ ਪ੍ਰੋਗਰਾਮ ਰਹਿ ਹੀ ਜਾਣਾ ਸੀ। ਗੱਡੀ ਦੇ ਚੱਲਣ ਤੋਂ ਮਸਾਂ ਹੀ ਕੁਝ ਸਮਾਂ ਪਹਿਲਾਂ ਅਸੀਂ ਸਟੇਸ਼ਨ ਤੇ ਪੁੱਜੇ। ਕਾਸ਼ੀ ਵਿਸ਼ਵਨਾਥ ਐਕਸਪਰੈਸ ਉਥੋਂ ਦੇ ਮਸ਼ਹੂਰ ਮੰਦਰ ਦੇ ਨਾਮ ਤੇ ਹੈ, ਇਹ ਮੁਰਾਦਾਬਾਦ ਪਹੁੰਚਦੀ ਹੀ ਤਿੰਨ ਘੰਟੇ ਲੇਟ ਹੋ ਗਈ। ਪਰ ਉਸਤਾਦ ਹਰਭਜਨ ਸਿੰਘ ਦਾ ਸਾਥ ਬਹੁਤ ਸੁਖਾਵਾਂ ਹੁੰਦਾ ਹੈ। ਉਸਤਾਦ ਜੀ ਜਿਥੇ ਰਾਗ ਵਿਦਿਆ ਦਾ ਭੰਡਾਰ ਹਨ, ਉਥੇ ਗੱਲਬਾਤ ਵੀ ਬਹੁਤ ਸਵਾਦਲੀ ਕਰਦੇ



Namdhari Elibrary NamdhariElibrary@gmail.com

ਹਨ। ਵਿਅੰਗ ਤਾਂ ਕਮਾਲ ਦਾ ਹੁੰਦਾ ਹੈ ਅਤੇ ਬਹੁਤ ਸਾਰੀਆਂ ਦਿਲਚਸਪ ਗਲਾਂ ਉਹਨਾਂ ਨੂੰ ਸਰਗਮਾਂ ਵਾਂਗ ਯਾਦ ਹਨ ਅਤੇ ਫੇਰ ਪੇਸ਼ਕਾਰੀ...ਗੱਲ ਕਰਨ ਵਿਚ ਹੀ ਐਸੀ ਫਿਰਕੀ ਘੁਮਾਉਣਗੇ ਕਿ ਉਹ ਲਤੀੜਾ ਲਗੇਗੀ। ੧੩ ਦਸੰਬਰ ਸਵੇਰੇ ੭ ਵਜੇ ਅਸੀਂ ਵਾਰਨਾਸੀ (ਬਨਾਰਸ) ਸਟੇਸ਼ਨ ਤੇ ਪੁੱਜੇ, ਪਰ ਮਾਰ ਲਿਆ ਕਾਹਲੀਆਂ ਨੇ। ਸ. ਮਨਜੀਤ ਸਿੰਘ ਨੇ ਟੈਲੀਫੋਨ ਤੇ ਸਟੇਸ਼ਨ ਆਪ ਆਉਣ ਲਈ ਕਿਹਾ ਸੀ, ਪਰ ਅਸੀਂ ਪਲੇਟਫਾਰਮ ਤੇ ਬਹੁਤਾ ਚਿਰ ਉਡੀਕਿਆ ਹੀ ਨਾ.. ਇਸ ਕਰਕੇ ਕਿ ਵੱਡੇ ਆਦਮੀ ਦੇ ਵੱਡੇ ਰੁਝੇਵੇਂ ਹੁੰਦੇ ਨੇ। ਬਾਹਰ ਆ ਕੇ ਮਨਜੀਤ ਸਿੰਘ ਜਾਂ ਉਹਨਾਂ ਦੇ ਬੰਦੇ ਦੀ ਝਾਕ ਵਿਚ ਅਸੀਂ ਫੇਰ ਖਲੋ ਗਏ। ਰਿਕਸ਼ਿਆਂ ਵਾਲੇ ਜਾਣ ਨੂੰ ਪੁੱਛਦੇ ਰਹੇ। ਸਰਦੀ ਤੋਂ ਬਚਣ ਲਈ ਅਸੀਂ ਚਾਦਰਾਂ ਦੀਆਂ ਬੁੱਕਲਾਂ ਮਾਰੀਆਂ ਹੋਈਆਂ ਸਨ ਅਤੇ ਗੋਰੇ ਯਾਤਰੀਆਂ ਦੇ ਕੈਮਰਿਆਂ ਵਾਸਤੇ ਵਧੀਆ ਮਾਡਲ ਸਾਂ। ਜਦੋਂ ਅਸੀਂ ਤਿੰਨ-ਪਹੀਏ ਸਕੂਟਰ ਤੇ ਚੜ੍ਹ ਬੈਠੇ ਤਾਂ ਮਨਜੀਤ ਸਿੰਘ ਜੀ ਨੇ ਸਾਨੂੰ ਲੱਭ ਲਿਆ। ਰਸਤੇ ਵਿਚ ਪਤਾ ਲੱਗਾ ਅਸਲ ਪ੍ਰੋਗਰਾਮ ਦਾ।...ਅਸੀਂ ਪੂਰੇ ਦੋ ਦਿਨ ਪਹਿਲਾਂ ਬਨਾਰਸ ਪੁੱਜ ਗਏ ਸਾਂ। ੧੫ ਤਰੀਕ ਐਤਵਾਰ ਨੂੰ ਹੀ ਸਤਿਗੁਰੂ ਜੀ ਨੇ ਆਉਣਾ ਸੀ। ਉਸ ਦਿਨ ਹੀ ਸਾਲ ਭਰ ਪਹਿਲਾਂ ਤੈਅ ਹੋਏ ਪ੍ਰੋਗਰਾਮ ਦਾ ਸ਼੍ਰੀ ਗਣੇਸ਼ ਹੋਣਾ ਸੀ—ਸੰਸਕ੍ਰਿਤ ਵਿਸ਼ਵ-ਵਿਦਿਆਲਾ ਬਨਾਰਸ ਵਿਚ "ਗੁਰੂ ਰਾਮ ਸਿੰਘ ਪੀਠ" (ਗੁਰੂ ਰਾਮ ਸਿੰਘ ਚੇਅਰ) ਦੀ ਸਥਾਪਤੀ ਦਾ ਉਦਘਾਟਨੀ ਸਮਾਰੋਹ। ... ਫੇਰ ਘਰ ਪ੍ਰੋਗਰਾਮ... ਅਤੇ ਅਗਲੇ ਦੋ ਦਿਨ ਪੰਡਿਤ ਕੰਠੇ ਮਹਾਰਾਜ ਦੀ ਯਾਦ ਵਿਚ ਸੰਗੀਤ ਸਮਾਰੋਹ ਪਬਲਿਕ ਹਾਲ ਵਿਚ...। ਬਾਕੀ ਸਰਗਰਮੀਆਂ ਸਤਿਗੁਰੂ ਜੀ ਦੇ ਆਲੇ-ਦੁਆਲੇ। ਅਤੇ ਵਾਪਸੀ ੧੯ ਦਸੰਬਰ ਨੂੰ।

ਨਹਾ ਧੋ ਕੇ ਨਾਸ਼ਤੇ ਦੀ ਮੇਜ਼ ਤੇ ਗਏ...ਤਿੰਨ ਭਰਾਵਾਂ ਸ. ਜਸਵੰਤ ਸਿੰਘ, ਸਤਵੰਤ ਸਿੰਘ ਅਤੇ ਮਨਜੀਤ ਸਿੰਘ ਹੋਰਾਂ ਨਾਲ ਨਾਸ਼ਤਾ ਕੀਤਾ...ਪਦਾਰਥਾਂ ਦਾ ਅੰਤ ਨਹੀਂ ਸੀ।

ਅੱਜ ਸਾਰਾ ਦਿਨ ਲਾਜ਼ਮੀ ਆਰਾਮ ਦਾ ਦਿਨ ਸੀ। ਪੰਜਾਬੋਂ ਠੰਡ ਵਿਚੋਂ ਗਏ ਸਾਂ, ਬਨਾਰਸ ਸਵੈਟਰ ਨਾਲ ਹੀ ਸਰ ਰਿਹਾ ਸੀ।

**ਗੰਗਾ ਤੀਰ**

ਸ਼ਾਮ ਨੂੰ ਅਸੀਂ ਦੋਵੇਂ (ਉਸਤਾਦ ਹਰਭਜਨ ਸਿੰਘ ਅਤੇ ਮੈਂ) ਗੰਗਾ ਤੱਟ ਨੂੰ ਚਲੇ ਗਏ। ਭਾਵੇਂ ਮਨਜੀਤ ਸਿੰਘ ਹੋਰਾਂ ਦੱਸਿਆ ਸੀ ਕਿ ਗੰਗਾ ਉਤੇ ਬੇੜਿਆਂ ਵਿਚ ਬੈਠ ਕੇ ਇਕ ਦਿਨ ਨਾਮ ਸਿਮਰਨ ਕੀਰਤਨ ਦਾ ਪ੍ਰੋਗਰਾਮ ਹੈ, ਉਸ ਦਿਨ ਵਿਸਥਾਰ ਨਾਲ ਗੰਗਾ ਦਰਸ਼ਨ ਹੋ ਜਾਣਗੇ, ਪਰ ਅਸੀਂ ਵੇਹਲਿਆਂ ਕੀ ਕਰਦੇ? ਤਿੰਨ ਰੁਪਏ ਰਿਕਸ਼ਾ ਦਾ ਕਿਰਾਇਆ ਸੀ। ਬਨਾਰਸ ਦੇ ਰਮਣੀਕ ਇਲਾਕੇ ਲਹੁਰਾ ਬੀਰ ਤੋਂ ਰਿਕਸ਼ਾ ਲਿਆ ਅਤੇ ਗੰਗਾ ਦੇ ਲਾਗੇ ਚੌਕ ਵਿਚ ਉੱਤਰ ਗਏ। ਅੱਗੋਂ ਭੀੜ ਵਿਚੋਂ ਜਾਂਦੇ ਮੁੱਖ ਰਸਤੇ ਤੋਂ ਗੰਗਾ ਘਾਟ ਵੱਲ ਜਾਣ ਲੱਗੇ ਤਾਂ ਇਕ ਬੰਦਾ ਮਿਲਿਆ, ਜੋ ਥੋੜ੍ਹੇ ਵੱਖਰੇ ਰਸਤੇ ਥਾਣੀਂ ਗੰਗਾ ਜੀ ਵਲ ਜਾਣ ਲਈ ਪ੍ਰੇਰ ਰਿਹਾ ਸੀ। ਅਸੀਂ ਪੁੱਛਿਆ, ਸਾਹਮਣੇ ਕੀ ਗੱਲ ਹੈ? ਕਹਿਣ ਲੱਗਾ ਸਫੱਈਆ (ਸਫ਼ਾਈ) ਹੋ ਰਹੀ ਹੈ। ਜਦ ਅਸੀਂ ਉਸ ਦੇ ਦੱਸੇ ਰਸਤੇ ਤੇ ਚੱਲ ਪਏ ਤਾਂ ਉਹ ਵੀ ਪਿਛੇ ਪਿਛੇ ਹੀ ਆ ਗਿਆ ਅਤੇ ਲੱਗਾ ਪ੍ਰੇਰਨਾ ਕਰਨ ਗੰਗਾ ਦੀ ਸੈਰ ਕਰਨ ਵਾਸਤੇ। ਦਰਅਸਲ ਇਸ ਰਸਤੇ ਥਾਣੀਂ ਜਾਂਦਿਆਂ ਜਿਸ ਘਾਟ ਤੇ ਪੁੱਜ ਜਾਣਾ ਸੀ ਉਥੇ ਉਸ ਦੀ ਕਿਸ਼ਤੀ ਖੜ੍ਹੀ ਸੀ। ਘਾਟ ਤੇ ਪੁੱਜ ਕੇ ਉਸ ਸਾਨੂੰ ਟਿਕਣ ਨਹੀਂ ਦਿੱਤਾ, ਸਗੋਂ ਨੱਈਆ ਵਿਚ ਸੈਰ ਕਰਨ ਵਾਸਤੇ ਪ੍ਰੇਰਦਾ ਹੀ ਰਿਹਾ। ਹੋਰ ਵੀ ਬਹੁਤ ਸਾਰੇ 'ਖਵੱਈਏ' ਆਏ ਸੈਰ ਕਰਾਉਣ ਵਾਸਤੇ। ਅੰਤ ਅਸੀਂ ਘਾਟਾਂ ਦੀ ਸੈਰ ਨੂੰ ਪੈਦਲ ਹੀ ਤੁਰ ਪਏ। ਇਥੇ ਮੇਲੇ ਲਗੇ ਸਨ। ਕਿਤੇ ਅੰਤਿਮ ਕਿਰਿਆ ਹੋ ਰਹੀ ਸੀ, ਕਿਤੇ ਪ੍ਰਵਚਨ, ਕਿਤੇ ਜੋਤਸ਼ ਤੇ ਕਿਤੇ ਕੁਝ। ਜਿਵੇਂ ਕਚਿਹਰੀਆਂ ਵਿਚ ਅਰਜ਼ੀ-ਨਵੀਸਾਂ ਦੇ ਤਖ਼ਤਪੋਸ਼ ਲੱਗੇ ਹੁੰਦੇ ਹਨ, ਇਵੇਂ ਹੀ ਪਾਂਡਿਆਂ ਦੇ ਤਖ਼ਤਪੋਸ਼ ਸਨ। ਦੂਰ ਕਿਸ਼ਤੀਆਂ ਤੇ ਸੈਰ ਕਰਨ ਵਾਲੇ ਯਾਤਰੂਆਂ ਦੀ ਭਰਮਾਰ ਸੀ। ਦੂਰ ਤਕ ਗੰਗਾ ਦਾ ਨਜ਼ਾਰਾ ਸੀ ਅਤੇ ਖੱਬੇ ਕੰਢੇ ਤੇ ਬਣੇ ਘਾਟਾਂ ਦੇ ਸਿਲਸਲੇ ਦਾ ਨਜ਼ਾਰਾ ਸੀ। ਢਿਲੇ ਸਾਧਾਰਨ ਕਪੜਿਆਂ ਵਾਲੇ ਬਦੇਸ਼ੀ ਯਾਤਰੂਆਂ ਦੀ ਭਰਮਾਰ ਸੀ। ਇਹਨਾਂ ਤੋਂ ਮਾਇਆ ਭੋਟਣ ਵਾਲੇ ਅਨੇਕਾਂ ਲੋਕ ਸਨ। ਅਸੀਂ ਦੂਰ ਤਕ ਤੁਰਦੇ ਗਏ...ਤੁਰਦੇ ਗਏ ਅਤੇ ਥੱਕ ਕੇ ਇਕ ਥਾਂ ਬੈਠ ਗਏ। ਉਂਝ ਅਸੀਂ ਵੀ ਘੱਟ ਨਹੀ ਸਾਂ-ਇਕ ਖਾਸ ਕਿਸਮ ਦੇ ਪਹਿਰਾਵੇ ਅਤੇ ਚਿੱਟੇ ਦਸਤਾਰਿਆਂ ਨਾਲ ਆਕਰਸ਼ਨ ਦਾ ਕੇਂਦਰ ਸਾਂ। ਬਦੇਸ਼ੀ ਯਾਤਰੂਆਂ ਦੇ ਕੈਮਰਿਆਂ ਦਾ ਨਿਸ਼ਾਨਾ ਵੀ। ਇਥੇ ਘਾਟ ਤੇ ਗੁੱਲੀ ਡੰਡੇ ਦੀ ਖੇਡ ਹੋ ਰਹੀ ਸੀ। ਬੱਚੇ, ਜੁਆਨ, ਪੰਡੇ ਅਤੇ ਵਿਦਿਆਰਥੀ ਜੋਸ਼ ਨਾਲ ਖੇਡ ਰਹੇ ਸਨ। ਗੰਗਾ ਕਿਨਾਰੇ ਸਫਾਈ ਨਹੀਂ ਸੀ। ਇਸ ਵਿਚ ਗਊਆਂ ਅਤੇ ਕੁਤਿਆਂ ਦਾ ਮੈਲਾ ਵੀ ਸ਼ਾਮਲ ਸੀ।

ਵਾਪਸ ਅਸੀਂ ਪੈਦਲ ਹੀ ਆਉਣ ਦਾ ਨਿਸਚਾ ਕੀਤਾ। ਭਰੇ ਬਾਜ਼ਾਰ ਵਿਚੋਂ ਤੁਰਦੇ ਵਾਪਸ ਆ ਰਹੇ ਸਾਂ...ਅਸੀਂ ਸੋਚਿਆ ਕਿ ਘੰਟਾ ਪੌਣਾ ਘੰਟਾ ਤੁਰ ਵੀ ਲਵਾਂਗੇ ਤੇ ਨਾਲੇ ਸੈਰ ਵੀ ਵਧੀਆ ਹੋ ਜਾਵੇਗੀ। ਬਨਾਰਸ ਦਾ ਬਾਜ਼ਾਰ ਵੀ ਚੰਗੀ ਤਰ੍ਹਾਂ ਦੇਖ ਲਵਾਂਗੇ ਤੇ ਸਮਾਂ ਵੀ ਲੰਘਾ ਲਵਾਂਗੇ। ਇਕ ਘੰਟਾ ਤੁਰਨ ਬਾਦ ਅਸੀਂ ਸਮਝਿਆ ਸੀ ਅਸੀਂ ਲਹੁਰਾ ਬੀਰ ਬਾਜ਼ਾਰ ਦੇ ਲਾਗੇ ਹੀ ਹਾਂ। ਅਸੀਂ ਗੱਲਾਂ ਕਰ ਰਹੇ ਸਾਂ ਕਿ ਇਥੇ ਇਕ ਇਤਿਹਾਸਕ ਗੁਰਦੁਆਰਾ ਵੀ ਹੈ, ਇਥੇ ਗੁਰੂ ਨਾਨਕ, ਗੁਰੂ


Namdhari Elibrary NamdhariElibrary@gmail.com

ਤੇਗ ਬਹਾਦਰ ਅਤੇ ਗੁਰੂ ਗੋਬਿੰਦ ਸਿੰਘ ਆ ਚੁਕੇ ਹਨ। ਗੁਰਦੁਆਰਾ ਵੀ ਆਲੀਸ਼ਾਨ ਹੀ ਹੋਵੇਗਾ। ਅੱਗੇ ਇਕ ਬਹੁਤ ਵੱਡੀ ਬਰਾਤ ਨੇ ਸਾਰਾ ਟਰੈਫ਼ਿਕ ਜਾਮ ਕੀਤਾ ਹੋਇਆ ਸੀ। ਟਿਊਬ ਲਾਈਟਾਂ ਦੀਆਂ ਰੌਸ਼ਨੀਆਂ ਵਿਚ ਵੱਡੀ ਸਾਰੀ ਬੈਂਡ ਪਾਰਟੀ ਧੁਨਾਂ ਵਜਾ ਰਹੀ ਸੀ। ਸਾਹਮਣੇ ਬਹੁਤ ਸੁੰਦਰ ਅਤੇ ਉੱਚੀ ਇਮਾਰਤ ਦੀ ਵੱਡੀ ਸਾਰੀ ਡਿਓੜੀ ਬਲਬਾਂ ਨਾਲ ਜਗਮਗਾ ਰਹੀ ਸੀ। ਇਥੇ ਅੰਦਰ ਬਰਾਤ ਨੇ ਜਾਣਾ ਸੀ। ਅਸੀਂ ਵੇਖ ਕੇ ਅੱਗੇ ਲੰਘ ਗਏ। ਉਥੇ ਇਕ ਦੁਕਾਨਦਾਰ ਤੋਂ ਪੁੱਛਿਆ-ਇਹ ਇਮਾਰਤ ਕਿਹੜੀ ਸੀ? ਉਹ ਕਹਿਣ ਲੱਗਾ-ਜੀ ਇਹ ਗੁਰਦੁਆਰਾ ਸੀ। ਅਸੀਂ ਜਿਹੜੇ ਆਪਣੇ ਆਪ ਨੂੰ ਵਾਪਸ ਪੁੱਜ ਗਏ ਲੱਗਦੇ ਸਾਂ, ਸੋਚੀਂ ਪੈ ਗਏ। ਅੱਖਾਂ ਹੀ ਅੱਖਾਂ ਵਿਚ ਦੋਹਾਂ ਨੂੰ ਭੇਦ ਲਗ ਗਿਆ ਸੀ। ਪੁੱਛਿਆ—ਲਹੁਰਾ ਬੀਰ ਕਹਾਂ ਹੈ?... ਵੋਹ ਤੋਂ ਬਹੁਤ ਦੂਰ ਹੈ! ਮਸਾਂ ਉਸ ਭੀੜ ਵਾਲੇ ਬਾਜ਼ਾਰ 'ਚੋਂ ਨਿਕਲੇ ਤੇ ਫੇਰ ਕਿਤੇ ਰਿਕਸ਼ਾ ਫੜਿਆ। ਜਦੋਂ ਦੂਰ ਜਾ ਕੇ ਰਿਕਸ਼ੇ ਨੇ ਮੋੜ ਕੱਟਿਆ ਤਾਂ ਸਾਨੂੰ ਆਪਣੇ ਰਸਤੇ ਦੀ ਗਲਤੀ ਯਾਦ ਆ ਗਈ।

**ਬਨਾਰਸ ਭਰਮਣ**

ਅਗਲਾ ਦਿਨ ੧੪ ਦਸੰਬਰ ੧੯੯੬ ਸਾਰਾ ਦਿਨ ਵਿਹਲਾ ਸੀ। ਸ੍ਰੀ ਭੈਣੀ ਸਾਹਿਬ ਤੋਂ ਸੰਗੀਤ ਦੇ ਕਲਾਕਾਰ ਸ਼ਾਮੀਂ ਹੀ ਪੁੱਜ ਚੁੱਕੇ ਸਨ ਅਤੇ ਸਾਰੇ ਖਾਲੀ ਕਮਰੇ ਉਨ੍ਹਾਂ ਨੇ ਭਰਪੂਰ ਕਰ ਦਿੱਤੇ ਸਨ। ਲੰਗਰ ਪੱਕ ਰਹੇ ਸਨ। ਕਮਰਿਆਂ ਵਿਚੋਂ ਤਬਲਿਆਂ-ਸਿਤਾਰਾਂ-ਹਾਰਮੋਨੀਅਮ ਨਾਲ ਗੀਤ ਰਚਨਾਵਾਂ ਅਤੇ ਕਹਿਕਹਿਆਂ ਦੀਆਂ ਆਵਾਜ਼ਾਂ ਆ ਰਹੀਆਂ ਸਨ। ਕੱਪੜੇ ਧੋਤੇ ਸੁੱਕਣੇ ਪਾਏ ਅਤੇ ਪਰੈਸ ਕੀਤੇ ਜਾ ਰਹੇ ਸਨ। ਮਾਲਸ਼ਾਂ ਅਤੇ ਇਸ਼ਨਾਨ ਵਾਰੋ-ਵਾਰੀ ਹੋ ਰਹੇ ਸਨ। ਪੰਗਤ ਬੰਨ੍ਹ ਕੇ ਲੰਗਰ ਛਕੇ ਜਾ ਰਹੇ ਸਨ। ਅੱਜ ਦਾ ਵਿਹਲਾ ਦਿਨ ਘੁੰਮਣ-ਫਿਰਨ ਦਾ ਪ੍ਰੋਗਰਾਮ ਬਣਾਇਆ ਗਿਆ। ਸ. ਮਨਜੀਤ ਸਿੰਘ ਨੂੰ ਕਿਹਾ ਗਿਆ ਤਾਂ ਉਹਨਾਂ ਇਕ ਛੋਟੇ ਟਰੱਕ ਦਾ ਪ੍ਰਬੰਧ ਕਰ ਦਿੱਤਾ। ਇਹ ਉਹਨਾਂ ਦਾ ਆਪਣਾ ਹੀ ਸੀ ਅਤੇ ਇਸ ਤੇ ਚੜ੍ਹ ਕੇ ਹੀ ਕਲ੍ਹ ਸੰਗੀਤਕਾਰ ਸਟੇਸ਼ਨ ਤੋਂ ਆਏ ਸਨ। ਪ੍ਰੋਗਰਾਮ ਇਹ ਬਣਿਆ ਕਿ ਇਥੋਂ ਦਾ ਪ੍ਰਸਿਧ ਬੋਧੀ ਅਸਥਾਨ ਸਾਰਨਾਥ ਵੇਖ ਕੇ ਬਾਦ ਵਿਚ ਗੰਗਾ ਪਾਰ ਕਰਕੇ ਕਾਂਸ਼ੀ ਦੇ ਰਾਜੇ ਦਾ ਮਹੱਲ ਦੇਖਿਆ ਜਾਵੇ। ਉਂਝ ਇਹ ਦੋਵੇਂ ਇਕ ਦੂਜੇ ਤੋਂ ਉਲਟ ਦਿਸ਼ਾਵਾਂ ਵਲ ਸਨ। ਮੈਂ ਤੇ ਉਸਤਾਦ ਹਰਭਜਨ ਸਿੰਘ ਟਰੱਕ ਦੀਆਂ ਅਗਲੀਆਂ ਸੀਟਾਂ ਤੇ ਬੈਠ ਗਏ। ਸੱਜੇ ਸਾਡੇ ਯੁਵਾ ਡਰਾਇਵਰ ਸੀ ਅਤੇ ਖੱਬੇ ਕਲੀਨਰ। ਕਲੀਨਰ ਛੋਟਾ ਜਿਹਾ ਮੁੰਡਾ ਸੀ ਤੇ ਉਹ ਆਪ ਹਾਰਨ ਦਾ ਕੰਮ ਵੀ ਦਿੰਦਾ ਸੀ। ਗੱਡੀ ਦਾ ਹਾਰਨ ਠੀਕ ਕਰਾਉਣ ਦਾ ਤਾਂ ਵਕਤ ਹੀ ਨਹੀਂ ਸੀ। ਪਿਛਲੇ ਪਾਸੇ ਸੰਗੀਤ ਕਲਾਕਾਰ ਸਨ। ਗੱਡੀ ਚਲਦੀ ਤੋਂ ਅੱਗੋਂ ਕਿਸੇ ਨੂੰ ਹਟਾਉਣ ਵਾਸਤੇ ਹਾਰਨ ਤਾਂ ਵੱਜ ਨਹੀਂ ਸੀ ਸਕਦਾ, ਪਰ ਕਲੀਨਰ ਬਾਹਰ ਬਾਰੀ ਤੇ ਹੱਥ ਮਾਰ ਖੜਾਕ ਕਰ ਦਿੰਦਾ ਅਤੇ ਨਾਲ ਹੀ ਮੂੰਹੋਂ ਕਹਿੰਦਾ-ਓਏ ਸੈਕਲ...ਜਾ-ਜਾ-ਜਾ, ਓਏ ਸਕੂਟਰ ਜਾ-ਜਾ-ਜਾ।" ਉਹ ਬਾਰ ਬਾਰ 'ਓਏ ਓਏ' ਕਹਿ ਕੇ ਬੁਲਾਉਂਦਾ ਸੀ, ਪਰ ਕੋਈ ਵੀ ਗੁੱਸਾ ਨਹੀਂ ਸੀ ਕਰਦਾ। ਅਸੀਂ ਉਸਦਾ 'ਓਏ ਰਿਕਸ਼ਾ' 'ਓਏ ਸੈਕਲ' 'ਓਏ ਸਕੂਟਰ' ਸੁਣਨ ਵਾਸਤੇ ਪ੍ਰੇਰਦੇ ਅਤੇ ਫੇਰ ਹੱਸ ਛੱਡਦੇ। ਜਾ-ਜਾ ਉਹ ਆਪਣੇ ਡਰਾਈਵਰ ਨੂੰ ਆਖਦਾ ਸੀ। ਅੱਗੇ ਚੌਂਕ ਵਿਚ ਸਿਪਾਹੀ ਖੜ੍ਹਾ ਸੀ। ਇਕ-ਪਾਸੜ ਟਰੈਫਿਕ ਹੋਣ ਕਰਕੇ ਗੱਡੀ ਅੱਗੇ ਨਹੀਂ ਸੀ ਜਾ ਸਕਦੀ ਅਤੇ ਦੂਰੋਂ ਰਸਤਾ ਲੰਮਾ ਪੈਣਾ ਹੀ ਸੀ। ਛੋਟੇ ਡਰੈਵਰ ਸਾਹਿਬ ਨੇ ਦਸਾਂ ਦਾ ਨੋਟ ਕਲੀਨਰ ਬਾਬੂ ਨੂੰ ਦਿੱਤਾ ਅਤੇ ਕਿਹਾ—ਜਾ ਕਰ ਕਹੋ ਬਾਬਾ ਲੋਗ ਹੈਂ ਸਾਰਨਾਥ ਜਾ ਰਹੇ ਹੈਂ। ਉਹ ਨਿਕਚੂ ਸੇਵਕ ਸਾਹਮਣੇ ਸਿਪਾਹੀ ਕੋਲ ਗਿਆ ਅਤੇ ਬੜੇ ਪ੍ਰੇਮ ਨਾਲ ਸਭ ਦੇ ਸਾਹਮਣੇ ਨੋਟ ਫੜਾ ਦਿੱਤਾ। ਸਿਪਾਹੀ ਬਾਬੂ ਚੌਂਕ ਛੱਡ ਕੇ ਡੰਡੇ ਨਾਲ ਰਿਕਸ਼ੇ ਵਾਲਿਆਂ ਦੇ ਦੁਆਲੇ ਹੋ ਗਿਆ। 'ਚਲੋ ਚਲੋ'... ਤੇ ਟਰੱਕ ਬੜੀ ਸ਼ਾਨ ਨਾਲ ਚੌਂਕ 'ਚੋਂ ਇਵੇਂ ਲੰਘ ਗਿਆ ਜਿਵੇਂ ਕਿਸੇ ਮੰਤਰੀ ਦੀ ਕਾਰ ਲੰਘ ਜਾਂਦੀ ਹੈ।

**ਸਾਰਨਾਥ**

ਸਾਰਨਾਥ ਦਾ ਇਲਾਕਾ ਵਿਸ਼ਾਲ ਹੈ। ਇਥੇ ਬੋਧ ਮੰਦਰ ਹੈ ਜਿਥੇ ਭਗਵਾਨ ਬੁੱਧ ਦੀ ਬਹੁਤ ਵੱਡੀ ਮੂਰਤੀ ਬਰਾਜਮਾਨ ਹੈ। ਬਹੁਤ ਘਾਹ ਵਾਲੇ ਮੈਦਾਨ (ਲਾਅਨ) ਹਨ, ਬੂਟੇ ਹਨ। ਬਹੁਤ ਸ਼ੁਧ ਅਤੇ ਸ਼ਾਂਤ ਵਾਤਾਵਰਨ ਹੈ ਅਗੇ ਵੀ ਕਈਆਂ ਨੇ ਵੇਖਿਆ ਹੈ। ਕਈ ਪਰਕਾਰ ਦੀਆਂ ਇਥੇ ਭਗਤੀਭਾਵ ਦੀਆਂ ਇਮਾਰਤਾਂ ਹਨ। ਦੇਸ਼ ਵਿਦੇਸ਼ ਦੇ ਬੋਧੀ ਭਿਕਸ਼ੂ ਇਥੇ ਤੁਰੇ ਫਿਰਦੇ ਹਨ। ਟਿਕਾਅ ਵਾਲੀ ਜਗਹ ਹੈ। ਸਾਰਾ ਦਿਨ ਤੁਰ ਕੇ ਬੈਠ ਕੇ ਅਨੰਦ ਮਾਨਣ ਵਾਲਾ ਸਥਾਨ ਹੈ। ਯਾਤਰੂਆਂ ਦਾ ਵੀ ਤਾਂਤਾ ਲਗਾ ਰਹਿੰਦਾ ਹੈ। ਇਥੇ ਖੁਦਾਈ ਵਿਚੋਂ ਪੁਰਾਣੇ ਸ਼ਹਿਰ ਦੇ ਅਵਿਸ਼ੇਸ਼ ਵੀ ਮਿਲੇ ਸਨ। ਖੁਦਾਈ ਵਾਲੀ ਜਗਹ ਵੀ ਪਈ ਹੈ ਪੁਰਾਣੀ ਸਭਿਤਾ ਦੀਆਂ ਨਿਸ਼ਾਨੀਆਂ ਹਨ ਇਥੋਂ ਹੀ ਸ਼ਿਲਾ ਲੇਖ ਵੀ ਮਿਲੇ ਅਤੇ ਅੱਜ ਜੋ ਭਾਰਤ ਵਿਚ ਡਾਕ ਟਿਕਟਾਂ ਤੇ ਤਿੰਨ ਮੂੰਹਾਂ ਵਾਲਾ ਸ਼ੇਰ ਦਿਸਦਾ ਹੈ ਉਹ ਵੀ ਇਥੋਂ ਹੀ ਮਿਲਿਆ ਸੀ। ਦਰਅਸਲ ਇਹ ਇਕ ਪੱਥਰ ਦੀ ਲਾਠ ਸੀ ਜਿਸ ਉਤੇ ਚਾਰੋਂ ਪਾਸੇ ਵਲ ਸ਼ੇਰ ਦੀ ਮੂਰਤੀ ਸੀ ਅਤੇ ਥਲੇ ਇਕ ਚੌਵੀ ਤਾਰਾਂ (ਲਾਈਨਾਂ) ਵਾਲਾ ਚੱਕਰ ਹੈ। ਇਹ ਹੀ ਚੱਕਰ ਭਾਰਤ ਦੇ ਝੰਡੇ ਵਿਚ ਅੱਜ ਕਲ ਹੈ। ਇਹ ਸਾਰੀ ਕਲਾ



Namdhari Elibrary NamdhariElibrary@gmail.com

ਕ੍ਰਿਤੀ, ਸ਼ੇਰ ਤੇ ਚੱਕਰ, ਸਮਰਾਟ ਅਸ਼ੋਕ ਨੇ ਬਣਵਾਏ ਸਨ ਅਤੇ ਇਸੇ ਕਰਕੇ ਇਸ ਚੱਕਰ ਦਾ ਨਾਮ ਵੀ ਅਸ਼ੋਕ ਚੱਕਰ ਪੈ ਗਿਆ ਹੈ। ਇਹ ਅਤੇ ਅਜਿਹੇ ਹੋਰ ਪੱਥਰ ਇਥੇ ਲਾਗੇ ਹੀ ਇਕ ਅਜਾਇਬਘਰ ਵਿਚ ਸਾਂਭੇ ਕੇ ਰੱਖੇ ਹਨ। ਅਜਾਇਬ ਘਰ ਵਿਚ ਪੁਰਾਣੇ ਸਿਕੇ ਵੀ ਪਏ ਹਨ। ਇਥੋਂ ਮਿਲੇ ਸ਼ਿਲਾ ਲੇਖਾਂ ਵਿਚ ਪੁਰਾਣੀ ਭਾਸ਼ਾ ਸੰਸਕ੍ਰਿਤ ਜਾਂ ਉਸਦੀਆਂ ਬਦਲਵੀਆਂ ਭਾਸ਼ਾਵਾਂ ਦੀ ਲਿਪੀ ਵਿਚ ਲਿਖਿਆ ਹੈ। ਜੋ ਪੁਰਾਤਤਵ ਅਤੇ ਭਾਸ਼ਾ ਵਿਗਿਆਨੀ ਸਮਝ ਸਕਦੇ ਹਨ। ਅਜਾਇਬ ਘਰ ਵਿਚ ਇਕ ਬੋਰਡ ਲੱਗਿਆ ਹੈ ਜਿਸ ਵਿਚ ਭਾਸ਼ਾ ਅੱਖਰਾਂ ਦੀ ਲਿਪੀ ਦੇ ਵਿਕਾਸ ਦਾ ਰਿਕਾਰਡ ਹੈ। ਮਿਸਾਲ ਵਜੋਂ 'ਕ' ਅਖਰ ਪੰਜ ਹਜ਼ਾਰ ਸਾਲ ਪਹਿਲਾਂ ਕਿਵੇਂ ਦਾ ਸੀ ਬੀਤੇ ਸਮੇਂ ਵਿਚ ਕਿਵੇਂ ਬਦਲ ਬਦਲ ਕੇ ਅੱਜ ਦੇ ਰੂਪ ਵਿਚ ਆਇਆ। ਇਵੇਂ ਦੇਵਨਾਗਰੀ ਲਿਪੀ ਦੀ ਸਾਰੀ ਵਰਨ ਮਾਲਾ ਦੇ ਅੱਖਰਾਂ ਦਾ ਇਤਿਹਾਸ ਲਿਖਿਆ ਹੈ ਜੋ ਬਹੁਤ ਦਿਲਚਸਪੀ ਨਾਲ ਸਭ ਨੇ ਵੇਖਿਆ।

**ਕਾਸ਼ੀ ਨਰੇਸ਼ ਦਾ ਮਹੱਲ**

ਸਾਰਨਾਥ ਵਿਚ ਕੁਝ ਰੁਕ ਕੇ ਕੁਝ ਚਲ ਕੇ ਦੁਬਾਰਾ ਰੁਕ ਕੇ ਅਤੇ ਲਭਦੇ ਗਵਾਚਦੇ ਕਲਾਕਾਰਾਂ ਨੂੰ ਅੰਤਮ ਤੌਰ ਤੇ ਲਭ ਕੇ ਸੰਭਾਲ ਕੇ ਟਰੱਕ ਵਿਚ 'ਲੱਦ' ਕੇ ਅਸੀਂ ਕਾਂਸ਼ੀ ਨਰੇਸ਼ ਦੇ ਮਹੱਲ ਵਲ ਚਾਲੇ ਪਾਏ। ਟਰੱਕ ਦਾ 'ਹਾਰਨ' ਫੇਰ ਵਜ ਰਿਹਾ ਸੀ ਓਏ ਓਏ ਕਰਦਾ। ਭੀੜ 'ਚੋਂ ਰਾਹ ਬਣਾਉਂਦਾ ਅਤੇ ਇਹ ਗੰਗਾ ਮਈਆ ਜੀ ਦੇ ਪੁਲ ਤੋਂ ਲੰਘਿਆ। ਇਹ ਪੁਲ ਬਹੁਤ ਵੱਡਾ ਤੇ ਉੱਚਾ ਹੈ। ਮੀਲਾਂ ਤੋਂ ਦਿਸਣ ਵਾਲਾ। ਉਤੋਂ ਦੀ ਰੇਲ ਚਲਦੀ ਹੈ। ਰੇਲ ਤੋਂ ਉਪਰ ਸੜਕ ਹੈ ਅਤੇ ਸਭ ਤੋਂ ਨੀਚੇ ਗੰਗਾ ਮਈਆ। ਗੰਗਾ ਮਈਆ ਪਾਪ ਧੋਂਦੀ ਅਤੇ ਪਵਿਤਰ ਕਰਦੀ ਹੈ ਸ਼ਾਇਦ ਇਸੇ ਕਰਕੇ ਕੰਢੇ ਤੇ ਬਹੁਤ ਗੰਦ ਪਿਆ ਸੀ। ਨਾ ਸ਼ਹਿਰ ਦੀ ਕਮੇਟੀ ਨਾ ਸਰਕਾਰ, ਨਾ ਟੂਰਿਜ਼ਮ ਵਿਭਾਗ ਨੂੰ ਇਸ ਗੰਦ ਦਾ ਫਿਕਰ ਹੈ ਇਸਦੇ ਬਾਵਜੂਦ ਸਾਰੀ ਦੁਨੀਆਂ ਤੋਂ ਯਾਤਰੀ ਇਧਰ ਨੂੰ ਤੁਰੇ ਆਉਂਦੇ ਹਨ। ਟਰੱਕਾਂ ਗੱਡੀਆਂ ਦੀ ਭੀੜ ਵਿਚ ਟਰੱਕ ਇਕ ਹੋਰ ਟਰੱਕ ਨਾਲ ਖਹਿ ਵੀ ਗਿਆ। ਦੂਜੇ ਟਰੱਕ ਵਾਲੇ ਨੇ ਲਫੜਾ ਖੜਾ ਕਰ ਦਿੱਤਾ। ਟਰੈਫਿਕ ਸਿਪਾਹੀ, ਜਾਮ ਰੋਕਣ ਲਈ ਗੱਡੀਆਂ ਤੋਰਨਾ ਚਾਹੁੰਦਾ ਸੀ। ਟਰੈਫਿਕ ਦਾ ਭਾਰੀ ਰਸ਼ ਹੋਣ ਕਾਰਨ ਦੂਜੇ ਟਰੱਕ ਵਾਲੇ ਨੂੰ ਚਾਂਸ ਨਾ ਮਿਲ ਸਕਿਆ ਅਤੇ ਉਸ ਦੀ ਝਗੜਾ ਕਰਨ ਦੀ ਰੀਝ ਦਿਲ ਵਿਚ ਹੀ ਰਹਿ ਗਈ। ਉਹ ਅਗੇ ਅਗੇ ਜਾ ਰਿਹਾ ਸੀ ਧਮਕੀਆਂ ਦਿੰਦਾ ਕਿ ਅਗੇ ਜਾ ਕੇ ਸਿੱਝਦਾ ਹਾਂ ਪਰ ਉਹ ਸਿੱਧਾ ਮੁਗਲ ਸਰਾਏ ਵਲ ਨੂੰ ਨਿਕਲ ਗਿਆ ਅਤੇ ਅਸੀਂ ਮੋੜ ਕੱਟ ਕੇ ਕਾਂਸ਼ੀ ਨਰੇਸ਼ ਦੇ ਮਹੱਲ ਨੂੰ ਚਲ ਪਏ। ਕਾਫੀ ਭੀੜ ਵਾਲੇ ਬਾਜ਼ਾਰਾਂ 'ਚੋਂ ਲੰਘ ਕੇ ਦੂਰ ਜਾ ਕੇ ਅਸੀਂ ਮਹੱਲ ਜਾਂ ਕਿਲੇ ਵਿਚ ਪਹੁੰਚ ਗਏ। ਇਥੇ ਹੀ ਅਜਾਇਬਘਰ ਸੀ।

ਟਿਕਟਾਂ ਲੈ ਕੇ ਅਜਾਇਬਘਰ ਨੂੰ ਵੇਖਿਆ। ਪੁਰਾਣੀ ਤੋਂ ਪੁਰਾਣੀ ਬੱਘੀ ਤੋਂ ਲੈ ਕੇ ਪੁਰਾਣੀਆਂ ਕਾਰਾਂ ਵੀ ਪਈਆਂ ਸਨ। ਪਹਿਰਾਵੇ ਲੜਣ ਭਿੜਣ ਦਾ ਸਾਜ਼ੋ ਸਮਾਨ, ਤਲਵਾਰਾਂ ਬੰਦੂਕਾਂ, ਹਾਥੀਆਂ ਦੇ ਹਓਦੇ ਪਰਦਰਸ਼ਤ, ਕੀਤੇ ਹੋਏ ਸਨ, ਜਿਨ੍ਹਾਂ ਨੂੰ ਸਾਰਿਆਂ ਨੇ ਦਿਲਚਸਪੀ ਅਤੇ ਅਨੰਦ ਨਾਲ ਵੇਖਿਆ। ਇਕ ਘੜੀ ਸੀ ਜੋ ਤਿਥਾਂ ਵੀ ਦਸਦੀ ਸੀ, ਪੂਰਨਮਾਸ਼ੀ ਮਸਿਆ ਵੀ ਦਸਦੀ ਸੀ ਅਤੇ ਰਾਸ਼ੀ ਵੀ। ਰਾਜ ਘਰਾਨੇ ਦੀਆਂ ਪੁਰਾਣੀਆਂ ਤਸਵੀਰਾਂ ਵੀ ਸਨ। ਹਾਥੀ ਦੰਦ ਦਾ ਕੰਮ ਵੀ ਬਹੁਤ ਬਾਰੀਕੀਵਾਲਾ ਸੀ। ਇਥੇ ਘੁਮਦਿਆਂ ਇਵੇਂ ਲਗਾ ਜਿਵੇਂ ਅਸੀਂ ਮੁੜ ਪੁਰਾਣੇ ਜ਼ਮਾਨੇ ਵਿਚ ਪੁੱਜ ਗਏ ਹਾਂ। ਇਕ ਬਾਹੀ ਵਿਚੋਂ ਹਨੇਰਾ ਰਸਤਾ ਬਾਹਰ ਨੂੰ ਜਾਂਦਾ ਸੀ। ਬਾਹਰ ਨੂੰ ਵੀ ਤੇ ਹੇਠਾਂ ਨੂੰ ਵੀ। ਉਸ ਵਿਚੋਂ ਲੰਘ ਕੇ ਗਏ ਤਾਂ ਅਜਬ ਨਜ਼ਾਰਾ ਸੀ। ਸਾਹਮਣੇ ਗੰਗਾ ਦਰਿਆ ਠਾਠਾਂ ਮਾਰ ਰਿਹਾ ਸੀ। ਇਹ ਕਿਲਾ-ਮਹੱਲ ਐਨ ਗੰਗਾ ਤੇ ਕੰਢੇ ਤੇ ਵਸਿਆ ਸੀ। ਇਹ ਰਸਤਾ ਇਸ਼ਨਾਨ ਲਈ ਬਣਾਇਆ ਹੋਇਆ ਸੀ। ਇਥੇ ਕਈ ਮੰਦਰ ਵੀ ਸਨ। ਸਦੀਆਂ ਤੋਂ ਗੰਗਾ ਦੇ ਕਿਨਾਰੇ ਤੇ ਇਹ ਮਹੱਲ ਅਡੋਲ ਖੜ੍ਹਾ ਹੈ, ਦਰਿਆ ਅਤੇ ਹਰਿਆਵਲ ਦਾ ਸੁਮੇਲ ਆਪਣੀ ਵਖਰੀ ਪਹਿਚਾਣ ਬਣਾ ਰਿਹਾ ਸੀ। ਲੱਗਦਾ ਸੀ ਕਿਸੇ ਪੁਰਾਣੀ ਪਵਿਤਰ ਥਾਂ ਤੇ ਆਏ ਹਾਂ। ਅੱਜ ਕਲ ਹਰ ਸ਼ਹਿਰ ਦੀਆਂ ਇਮਾਰਤਾਂ ਦੇ ਨਕਸ਼ੇ ਇਕੋ ਜਿਹੇ ਹੋ ਗਏ ਹਨ। ਹਰ ਸ਼ਹਿਰ ਇਕ ਹੀ ਸ਼ਹਿਰ ਲੱਗਦਾ ਹੈ। ਅਗੇ ਹਰ ਸ਼ਹਿਰ ਦਾ ਵਖਰੇਵਾਂ ਹੁੰਦਾ ਸੀ, ਵਖਰੀ ਪਹਿਚਾਣ ਹੁੰਦੀ ਸੀ, ਵਖਰੀ ਇਮਾਰਤ-ਸਾਜ਼ੀ ਹੁੰਦਾ ਸੀ। ਇਸ ਥਾਂ ਤੇ ਵਖਰਾਪਣ ਲੱਗਾ ਸੀ। ਇਕ ਛੋਟਾ ਜਿਹਾ ਪਰ ਉੱਚਾ ਮੰਦਰ ਵੇਦ ਵਿਆਸ ਜੀ ਦੇ ਨਾਮ ਤੇ ਹੈ। ਉਸਤਾਦ ਹਰਭਜਨ ਸਿੰਘ ਅਤੇ ਅਸੀਂ ਉਥੇ ਵੀ ਗਏ। ਪੁਜਾਰੀ ਨੇ ਇਸ ਦਾ ਇਤਿਹਾਸ ਦਸਿਆ ਅਤੇ ਸਾਨੂੰ ਤਿਲਕ ਵੀ ਲਾਇਆ। ਸਾਰਾ ਕੁਝ ਬੀਤੇ ਜ਼ਮਾਨੇ ਦੀ ਸਭਿਤਾ, ਸਭਿਆਚਾਰ ਦਾ ਨਮੂਨਾ ਸੀ। ਇਸ ਥਾਂ ਤੇ ਆ ਕੇ ਸਾਰਿਆਂ ਨੇ ਕਿਹਾ ਕਿ ਅਨੰਦ ਆਇਆ ਹੈ ਵੇਖਣ ਦਾ।

ਸਾਡੇ ਗਰੁੱਪ ਵਿਚ ਜਿਥੇ ਸੰਗੀਤਕਾਰ ਸਨ ਉਥੇ ਲਾਂਗਰੀ ਨਿਸ਼ਾਨ ਸਿੰਘ ਗੁਰਨਾਮ ਸਿੰਘ ਹੋਰਾਂ ਦਾ ਜਥਾ ਵੀ ਸੀ। ਉਹ ਕਹਿਣ ਕਿ ਸਾਨੂੰ ਜਲਦੀ ਵਾਪਸ ਪਹੁੰਚਾ ਦਿਓ ਸਕੂਟਰ ਰਿਕਸ਼ੇ ਕਰਕੇ। ਮਹੱਲ ਦੇ ਪੈਰਾਂ ਵਿਚੋਂ ਹੀ ਇਕ ਬੇੜੀਆਂ ਦਾ ਪੁਲ ਨਿਕਲਦਾ ਸੀ ਗੰਗਾ ਪਾਰ ਕਰਨ ਲਈ, ਜਿਸ ਤੋਂ


Namdhari Elibrary NamdhariElibrary@gmail.com

ਸਕੂਟਰ ਰਿਕਸ਼ਾ ਛੋਟੀ ਕਾਰ ਜੀਪ ਲੰਘ ਸਕਦੀ ਸੀ ਪਰ ਟਰੱਕ ਨਹੀਂ। ਸਾਨੂੰ ਮੁੜ ਪਹਿਲੇ ਦੂਰ ਵਾਲੇ ਰਸਤੇ ਰਾਹੀ ਜਾਣਾ ਪੈਣਾ ਸੀ। ਲਾਂਗਰੀ ਕਹਿਣ—ਅਸੀਂ ਜਾ ਕੇ ਇਸ਼ਨਾਨ ਕਰਕੇ ਲੰਗਰ ਤਿਆਰ ਕਰਨਾ ਹੈ...ਇਥੇ ਦੇਰ ਹੋ ਜਾਵੇਗੀ ਤੇ ਲੰਗਰ ਨੂੰ ਵੀ ਦੇਰ ਹੋ ਜਾਵੇਗੀ। ਮੈਂ ਸ਼ਾਇਦ ਕੁਝ ਮਖੌਲ ਕਰ ਗਿਆ-"ਦੇਰ ਹੋ ਜਾਏਗੀ ਤਾਂ ਦੁੱਧ ਵਿਚ ਚੌਲ ਘੋਲ ਦੇਣੇ।" ਲਾਂਗਰੀ ਵਾਪਸ ਤਾਂ ਸਾਡੇ ਨਾਲ ਹੀ ਆਏ, ਪਰ ਪਤਾ ਨਹੀ ਕਿਹੜੀ ਕਰਾਮਾਤ ਉਹਨਾਂ ਕੀਤੀ। ਇਸ਼ਨਾਨ ਵੀ ਕੀਤਾ, ਅਸੀਂ ਲੰਗਰ ਛਕਣ ਵੀ ਛੇਤੀ ਬੈਠ ਗਏ ਪਰ ਬੜੀ ਸਵਾਦਿਸ਼ਟ ਖੀਰ ਤਆਰ ਸੀ, ਜਿਹਨੇ ਸਾਰੇ ਦਿਨ ਦਾ ਥਕੇਵਾਂ ਉਤਾਰ ਦਿੱਤਾ।

ਲੰਗਰ ਤੋਂ ਬਾਅਦ ਸ. ਹਰਵਿੰਦਰ ਸਿੰਘ ਹੰਸਪਾਲ ਸਾਬਕਾ ਮੈਂਬਰ ਪਾਰਲੀਮੈਂਟ ਮਿਲ ਗਏ। ਉਹ ਅੱਜ ਹੀ ਜਹਾਜ਼ ਤੇ ਆਏ ਸਨ। ਫੇਰ ਉਹ ਤੇ ਸ. ਮਨਜੀਤ ਸਿੰਘ ਨਾਲ ਸੰਸਕ੍ਰਿਤ ਯੂਨੀਵਰਸਿਟੀ ਗਏ ਸਨ, ਜਿਥੇ ਅਗਲੇ ਦਿਨ ਸਮਾਗਮ ਹੋਣਾ ਸੀ ਅਤੇ 'ਗੁਰੂ ਰਾਮ ਸਿੰਘ ਪੀਠ' ਸਥਾਪਤ ਹੋਣੀ ਸੀ। ਉਹਨਾਂ ਦੱਸਿਆ ਕਿ ਯੂਨੀਵਰਸਿਟੀ ਦੇ ਉਪ-ਕੁਲਪਤੀ ਅਤੇ ਅਧਿਕਾਰੀਆਂ ਨਾਲ ਬਹੁਤ ਹੀ ਨਿਘੇ ਮਾਹੌਲ ਵਿਚ ਗੱਲਬਾਤ ਹੋਈ ਹੈ ਅਤੇ ਉਹਨਾਂ ਨੇ ਸਾਰੇ ਸੁਝਾਅ ਪ੍ਰਵਾਨ ਕਰ ਲਏ ਹਨ। ਉਹਨਾਂ ਦੀ ਸਤਿਗੁਰੂ ਜੀ ਤੇ ਬਹੁਤ ਸ਼ਰਧਾ ਹੈ।

### ਸਤਿਗੁਰੂ ਜੀ ਦੀ ਆਮਦ

੧੫ ਦਸੰਬਰ ਐਤਵਾਰ। ਅੱਜ ਸਤਿਗੁਰੂ ਜੀ ਦੀ ਆਮਦ ਦਾ ਦਿਨ ਸੀ। ਫੋਨ ਤੇ ਖਬਰਾਂ ਆ ਰਹੀਆਂ ਸਨ—ਸਤਿਗੁਰੂ ਜੀ ਘੰਟੇ ਨੂੰ ਪੌਣੇ ਘੰਟੇ ਨੂੰ ਪੁੱਜ ਰਹੇ ਹਨ। ਉਨ੍ਹਾਂ ਮੁਜ਼ੱਫਰ ਨਗਰ ਤੋਂ ਆਉਣਾ ਸੀ ਅਤੇ ਸ. ਮਨਜੀਤ ਸਿੰਘ ਲੈਣ ਵਾਸਤੇ ਚਲੇ ਗਏ ਸਨ। ਰਾਤ ਭਰ ਤੋਂ ਸਾਰੀ ਗਲੀ ਬਿਜਲੀ ਬਲਬਾਂ ਨਾਲ ਜਗਮਗਾ ਰਹੀ ਸੀ। ਸਵੇਰੇ ਫੁੱਲਾਂ ਨਾਲ ਫਰਸ਼ ਸਜਾਏ ਹੋਏ ਸਨ। ਸਤਿਗੁਰੂ ਜੀ ਦੇ ਸੁਆਗਤ ਕਮਰੇ ਅਤੇ ਪ੍ਰਵੇਸ਼ ਮਾਰਗ ਤੇ ਵੱਖ ਵੱਖ ਰੰਗਾਂ ਦੀਆਂ ਫੁੱਲ-ਪੱਤੀਆਂ ਇਕੋ ਡਿਜ਼ਾਈਨ ਨਾਲ ਸਜਾਈਆਂ ਹੋਈਆਂ ਸਨ। ਉਤਸੁਕਤਾ ਵਾਲਾ ਮਾਹੌਲ ਸੀ। ਸਾਰੇ ਨਹਾ ਧੋ ਕੇ ਉੱਜਲ ਬਸਤਰ ਪਹਿਨ ਕੇ ਹਾਰ ਫੜ ਕੇ ਸੁਆਗਤ ਵਾਸਤੇ ਖੜ੍ਹੇ ਸਨ। ਮਨਜੀਤ ਸਿੰਘ ਹੋਰਾਂ ਦੀ ਕਾਰ ਵਿਚ ਬੈਠ ਕੇ ਸਤਿਗੁਰੂ ਜੀ ਦਾ ਕਾਫ਼ਲਾ ਆਇਆ ਤਾਂ ਜੈਕਾਰਿਆਂ ਨਾਲ ਸਭ ਨੇ ਸੁਆਗਤ ਕੀਤਾ। ਨਿਮੀ ਨਿਮੀ ਸੂਰਜ ਦੀ ਲੋਅ ਵਿਚ ਸਤਿਗੁਰੂ ਜੀ ਦਾ ਮੁਖ ਮਸਤਕ ਗੁਲਾਬ ਦੇ ਫੁਲ ਵਾਂਗ ਖਿੜਿਆ ਹੋਇਆ ਸੀ। ਚਰਨਾਂ ਤੇ ਮੱਥਾ ਹਰ ਇਕ ਨੇ ਟੇਕਿਆ ਅਤੇ ਹਾਰ ਪੇਸ਼ ਕੀਤੇ। ਸਤਿਗੁਰੂ ਜੀ ਨੇ ਹਾਰ ਹੱਥਾਂ ਵਿਚ ਹੀ ਸਵੀਕਾਰ ਕਰ ਲਏ। ਮੈਂ ਕੈਮਰਾ ਲੈ ਕੇ ਉਸ ਥਾਂ ਖਲੋ ਗਿਆ ਜਿਹੜੀ ਜਗ੍ਹਾ ਫੁੱਲਾਂ ਨਾਲ ਭਰੀ ਪਈ ਸੀ। ਫੁੱਲਾਂ ਉਤੋਂ ਲੰਘਦਿਆਂ ਦੀ ਕਿਆ ਤਸਵੀਰ ਬਣਨੀ ਸੀ! ਰੰਗ ਬਰੰਗੇ ਫੁਲਾਂ ਤੇ ਪਤੀਆਂ ਨੂੰ ਡੀਜ਼ਾਇਨਾਂ ਵਿਚ ਸਜਾ ਕੇ ਖੂਬਸੂਰਤ ਕਲਾਕਾਰੀ ਕੀਤੀ ਗਈ ਸੀ। ਸਤਿਗੁਰੂ ਜੀ ਉਥੋਂ ਦੀ ਆਏ ਵੀ ਮੇਰੇ ਕੈਮਰੇ ਦੀ ਅੱਖ ਵਿਚ ਵੀ ਸਨ, ਪਰ...ਉਨ੍ਹਾਂ ਤਾਂ ਫੁੱਲਾਂ ਦੀ ਇਕ ਪੱਤੀ ਤੇ ਵੀ ਪੈਰ ਨਾ ਰੱਖਿਆ। ਸਗੋਂ ਬਚਾ ਬਚਾ ਕੇ ਖਾਲੀ ਥਾਂ ਲੱਭ ਲੱਭ ਕੇ ਜਿਵੇਂ ਕਿਵੇਂ ਪੈਰ ਉਂਗਲਾਂ ਟਿਕਾ ਕੇ ਲੰਘ ਗਏ। ਉਹਨਾਂ ਫੁੱਲਾਂ ਨੂੰ ਛੂਹਿਆ ਤਕ ਨਾ...ਮਧੋਲਣਾ ਕੀ ਸੀ। ਆਪ ਦੇ ਫੁੱਲਾਂ ਨਾਲ ਪਿਆਰ ਦਾ ਹੀ ਇਹ ਸਬੂਤ ਸੀ। ਫੁੱਲ ਅਪਾਰ ਕੋਮਲਤਾ ਅਤੇ ਸੁੰਦਰਤਾ ਦਾ ਪ੍ਰਤੀਕ ਹਨ ਇਹਨਾਂ ਨੂੰ ਮਸਲ ਦੇਣਾ ਕਿਸੇ ਕੋਮਲ ਹਿਰਦੇ ਵਾਲੇ ਦਾ ਤਾਂ ਕੰਮ ਨਹੀਂ। ਸਤਿਗੁਰੂ ਜੀ ਦੇ ਸ੍ਰੀ ਮਹਿਲ ਮਾਤਾ ਚੰਦ ਕੌਰ ਜੀ—ਸਾਦਗੀ, ਪਵਿੱਤਰਤਾ ਅਤੇ ਅਡੋਲਤਾ ਦੀ ਮੂਰਤ—ਵੀ ਨਾਲ ਆਏ ਸਨ। ਬੀਬੀਆਂ ਨੂੰ ਦੋਹਰਾ ਚਾਅ ਚੜ੍ਹ ਗਿਆ।

### ਸੰਪੂਰਨਾਨੰਦ ਸੰਸਕ੍ਰਿਤ ਵਿਸ਼ਵ ਵਿਦਿਆਲਾ

ਸਤਿਗੁਰੂ ਜੀ ਅੱਜ ਆ ਗਏ ਸਨ, ਇਸ ਵਾਸਤੇ ਹੁਣ ਫੁਰਸਤ ਕਿਥੇ? ਸਾਰੇ ਦਿਨ ਤੇ ਰਾਤਾਂ ਭਰਪੂਰ ਸਰਗਰਮੀਆਂ ਵਾਲੇ ਹੋਣੇ ਸਨ। ਅੱਜ 'ਗੁਰੂ ਰਾਮ ਸਿੰਘ ਪੀਠ' ਦਾ ਸ੍ਰੀਗਣੇਸ਼ ਵੀ ਸੰਪੂਰਨਾਨੰਦ ਸੰਸਕ੍ਰਿਤ ਵਿਸ਼ਵ ਵਿਦਿਆਲਾ ਵਿਚ ਹੋਣਾ ਸੀ। ਅਸੀਂ ਲੰਗਰ ਪਾਣੀ ਛਕ ਕੇ ਤਿਆਰ ਹੋ ਰਹੇ ਸਾਂ ਕਿ ਖਬਰ ਮਿਲੀ ਥੱਲੇ ਸੰਸਕ੍ਰਿਤ ਯੂਨੀਵਰਸਿਟੀ ਦੇ ਉਪ ਕੁਲਪਤੀ ਪੰਡਿਤ ਮੰਡਨ ਮਿਸ਼ਰ ਜੀ ਆਏ ਹਨ। ਜਦੋਂ ਅਸੀਂ ਥੱਲੇ ਗਏ ਤਾਂ ਪੰਡਿਤ ਮੰਡਨ ਮਿਸ਼ਰ ਜੀ ਅਤੇ ਸਾਹਿਤ ਸੰਸਕ੍ਰਿਤੀ ਵਿਭਾਗ ਦੇ ਮੁਖੀ ਪੰਡਿਤ ਸ਼ਿਵ ਜੀ ਉਪਾਧਿਆਏ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਬੈਠੇ ਸਨ। ਉਹਨਾਂ ਨਾਲ ਸ. ਹੰਸਪਾਲ ਜੀ, ਸ. ਮਨਜੀਤ ਸਿੰਘ ਜੀ ਅਤੇ ਵੈਦ ਗੁਰਦੇਵ ਸਿੰਘ ਨਾਮਧਾਰੀ ਬੈਠੇ ਸਨ। ਵੈਦ ਗੁਰਦੇਵ ਸਿੰਘ ਇਸ ਯੂਨੀਵਰਸਿਟੀ ਵਿਚ ਰਹਿ ਕੇ ਵਿਦਿਆ ਪ੍ਰਾਪਤ ਕਰ ਰਹੇ ਹਨ। ਉਹਨਾਂ ਦੀ ਪ੍ਰੇਰਨਾ ਨਾਲ ਇਥੋਂ ਦੇ ਕੁਝ ਵਿਦਵਾਨ ਸ੍ਰੀ ਭੈਣੀ ਸਾਹਿਬ ਗਏ। ਓਥੋਂ ਦੀ ਸਨਾਤਨੀ ਰਹੁ-ਰੀਤ ਵੇਖ ਕੇ ਬਹੁਤ ਪ੍ਰਭਾਵਤ ਹੋਏ। ਨਾਮਧਾਰੀ ਇਤਿਹਾਸ ਅਤੇ ਜੀਵਨ ਜਾਚ ਨੂੰ ਪਰਖਿਆ ਅਤੇ ਮਹਿਸੂਸ ਕੀਤਾ ਕਿ ਜੋ ਕੁਝ ਧਰਮ ਗਰੰਥਾਂ ਵਿਚ ਲਿਖਿਆ ਹੈ ਉਸਦਾ ਅਮਲੀ ਰੂਪ ਕੇਵਲ ਪੰਜਾਬ ਵਿਚ ਸ੍ਰੀ ਭੈਣੀ ਸਾਹਿਬ ਵਿਚ ਹੀ ਸੁਰੱਖਿਅਤ ਹੈ। ਪਿਛਲੇ ਸਾਲ ਜਦੋਂ ਸਤਿਗੁਰੂ ਜੀ ਸੰਗੀਤ ਸੰਮੇਲਨ ਦੇ ਅਵਸਰ ਤੇ ਇਥੇ ਪਧਾਰੇ ਸਨ ਤਾਂ ਸੰਸਕ੍ਰਿਤ ਯੂਨੀਵਰਸਿਟੀ ਨੇ ਉਚੇਚਿਆਂ ਬੇਨਤੀ ਕਰਕੇ, ਯੂਨੀਵਰਸਿਟੀ ਵਿਚ ਵਿਸ਼ੇਸ਼ ਸਮਾਗਮ ਰੱਚ ਕੇ, ਸਤਿਗੁਰੂ ਜੀ ਨੂੰ ਸਨਮਾਨਤ ਕੀਤਾ ਸੀ। ਉਸ ਅਵਸਰ ਤੇ ਜੋ ਮਾਣ ਪੱਤਰ ਪੜ੍ਹਿਆ ਗਿਆ ਸੀ ਉਹ ਸ਼ਬਦਾਂ ਅਤੇ ਫਲਸਫੇ ਪੱਖੋਂ ਭਾਰਤੀ



Namdhari Elibrary NamdhariElibrary@gmail.com

ਸੰਸਕ੍ਰਿਤੀ ਦੇ ਸੰਪੂਰਨ ਗਰੰਥਾਂ ਦਾ ਨਿਚੋੜ ਸੀ। ਉਸ ਸਮੇਂ ਹੀ ਯੂਨੀਵਰਸਿਟੀ ਵਿਚ ਸਤਿਗੁਰੂ ਰਾਮ ਸਿੰਘ ਜੀ ਦੇ ਨਾਮ ਤੇ ਚੇਅਰ (ਪੀਠ) ਸਥਾਪਤ ਕਰਨ ਦਾ ਐਲਾਨ ਕੀਤਾ ਸੀ ਅਤੇ ਅਜ ਉਸ ਪੀਠ ਦਾ ਵਿਦੀਵਤ ਆਰੰਭ ਹੋਣਾ ਸੀ। ਅੱਜ ਦੀ ਸ਼ਰਧਾ ਭਰਪੂਰ ਗੱਲਬਾਤ ਬਾਦ ਜਦ ਮੈਂ ਅਰਜ਼ ਕੀਤੀ ਕਿ ਉਪ ਕੁਲਪਤੀ ਸਾਹਿਬ ਜ਼ਰਾ ਸਤਿਗੁਰੂ ਜੀ ਦੇ ਕੋਲ ਹੋ ਜਾਣ ਫੋਟੋ ਖਿਚਵਾਉਣ ਵਾਸਤੇ ਤਾਂ ਉਪ ਕੁਲਪਤੀ ਕਹਿਣ ਲਗੇ 'ਫੋਟੋ ਲੇਣੀ ਹੈ ਤੋ ਐਸੇ ਲੋ' ਅਤੇ ਉਹਨਾਂ ਨੇ ਵਿਧੀਵਤ ਢੰਗ ਨਾਲ ਗੋਡੇ ਟੇਕ ਕੇ ਸਤਿਗੁਰੂ ਜੀ ਦੇ ਚਰਨਾਂ ਤੇ ਮਥਾ ਟੇਕਿਆ। ਜਦੋਂ ਉਹ ਆਏ ਸਨ ਤਾਂ ਉਦੋਂ ਵੀ ਮੱਥਾ ਟੇਕਿਆ ਸੀ। ਫੋਟੋਗਰਾਫਰ ਸਟਿਲ ਜਾਂ ਵੀਡੀਓ ਵਾਲਾ ਕੋਲ ਕੋਈ ਵੀ ਨਹੀਂ ਸੀ। ਕਹਿੰਦੇ ਨੇ ਵਡੇ ਆਦਮੀ ਜਿਨੇ ਉਚੇ ਹੁੰਦੇ ਹਨ ਉਨੇ ਹੀ ਨਿਰਮਾਨ ਹੁੰਦੇ ਹਨ। ਕਾਂਸ਼ੀ ਦੇ ਪੰਡਿਤਾਂ ਬਾਰੇ ਇਹ ਮਸ਼ਹੂਰ ਹੈ ਕਿ ਉਹ ਵਿਦਿਆ ਦੇ ਖੇਤਰ ਵਿਚ ਅਤਿ ਦਰਜੇ ਦੇ ਅਮੀਰ ਹਨ ਪਰ ਰਹਿਣ ਸਹਿਣ ਵੇਸ ਭੂਸ਼ਾ ਵਿਚ ਅਤਿ ਦਰਜੇ ਦੇ ਨਿਰਮਾਣ। ਇਹ ਅਸੀ ਅੱਖੀਂ ਵੇਖ ਰਹੇ ਸਾਂ।

### ਸਤਿਗੁਰੂ ਰਾਮ ਸਿੰਘ ਪੀਠ ਦੀ ਸਥਾਪਨਾ

ਸੰਪੂਰਨਾਨੰਦ ਸੰਸਕ੍ਰਿਤ ਵਿਸ਼ਵਵਿਦਿਆਲਾ ਰਾਮਕਟੋਰਾ ਮਹਲਾ ਤੋਂ ਥੋਹੜੀ ਦੂਰ ਹੀ ਹੈ ਇਸ ਵਾਸਤੇ ਅਸੀਂ ਪੈਦਲ ਜਾਣਾ ਹੀ ਠੀਕ ਸਮਝਿਆ। ਯੂਨੀਵਰਸਿਟੀ ਦੇ ਗੇਟਾਂ ਤੇ ਹਿੰਦੀ ਵਿਚ ਮਾਟੋ ਲੱਗੇ ਹੋਏ ਸਨ ਜਿਨ੍ਹਾਂ ਤੇ ਲਿਖਿਆ ਸੀ ਕਿ ਅੱਜ ਸਤਿਗੁਰੂ ਰਾਮ ਸਿੰਘ ਪੀਠ ਦਾ ਉਦਘਾਟਨ ਹੋਣਾ ਹੈ। ਯੂਨੀਵਰਸਿਟੀ ਦੇ ਵਿਦਵਾਨ ਅਧਿਆਪਕ ਅਤੇ ਵਿਦਿਆਰਥੀ ਤਿਲਕ ਅਤੇ ਧੋਤੀਆਂ ਲਾ ਕੇ ਆ ਰਹੇ ਸਨ। ਕੁਝ ਬਾਹਰ ਖੜੇ ਬਚਨ ਬਿਲਾਸ ਕਰ ਰਹੇ ਸਨ। ਸਤਿਗੁਰੂ ਜੀ ਦੀ ਕਾਰ ਮੁਖ ਦੁਆਰ ਤੇ ਆਈ ਤਾਂ ਉਪ ਕੁਲਪਤੀ ਜੀ ਨੇ ਆਪ ਬਾਹਰ ਆ ਕੇ ਸੁਆਗਤ ਕੀਤਾ ਅਤੇ ਨਾਲ ਹੋ ਕੇ ਅੰਦਰ ਲੈ ਗਏ। ਸਾਰੇ ਲੋਕਾਂ ਨੇ ਖੜੇ ਹੋ ਕੇ ਸੁਆਗਤ ਕੀਤਾ।

ਸਭਾ ਹਾਲ ਵਿਚ ਵਿਸ਼ਵ ਵਿਦਿਆਲੇ ਦੇ ਵਿਦਵਾਨ ਆਚਾਰੀਯ ਗਨ ਸੰਸਕ੍ਰਿਤ ਦੇ ਸਥਾਪਤ ਵਿਦਵਾਨ, ਅਧਿਕਾਰੀ, ਕਰਮਚਾਰੀ, ਵਿਦਿਆਰਥੀ ਅਤੇ ਨਾਮਧਾਰੀ ਸੰਗਤਾਂ, ਸਭ ਲੋਗ ਚੌਕੜੀਆਂ ਮਾਰ ਕੇ ਪੁਰਾਤਨ ਭਾਰਤੀ ਰੀਤ ਅਨੁਸਾਰ ਬੈਠੇ ਸਨ। ਸਤਿਗੁਰੂ ਜੀ ਨੂੰ ਇਕ ਵਿਸ਼ੇਸ਼ ਪਾਲਕੀ ਵਿਚ ਉਚੇਰੇ ਆਸਣ ਤੇ ਸਸ਼ੋਭਿਤ ਕੀਤਾ ਗਿਆ। ਉਹਨਾਂ ਦੇ ਆਲੇ ਦੁਆਲੇ ਉਪ ਕੁਲਪਤੀ ਸਾਹਿਬ ਅਤੇ ਹੋਰ ਮੁਖੀ ਵਿਦਵਾਨ ਸਸ਼ੋਭਤ ਸਨ। ਇਹ ਇਕ ਇਤਿਹਾਸਕ ਸਮਾਂ ਸੀ। ਕਾਂਸ਼ੀ ਨਗਰ ਦੀ ਜੁਗਾਂ ਪੁਰਾਣੀ ਪਰੰਪਰਾ ਰਹੁ ਰੀਤ ਅਨੁਸਾਰ ਦੇਸ਼ ਦੇ ਮਹਾ ਵਿਦਵਾਨ ਸਮੇਂ ਦੇ ਸਤਿਗੁਰੂ ਦਾ ਅਭਿਨੰਦਨ ਕਰਨ ਵਾਲੇ ਸਨ। ਸਤਿਗੁਰੂ ਜਗਜੀਤ ਸਿੰਘ ਜੀ ਇਸ ਜੁਗ ਦੀ ਮਹਾਨ ਹਸਤੀ, ਆਦਿ ਕਾਲ ਤੋਂ ਨਵੀਨ ਯੁਗ ਦੀ ਸੰਸਕ੍ਰਿਤੀ ਰਹਿਤ ਮਰਿਆਦਾ, ਧਰਮ ਦੇ ਅਮਲੀ ਸਰੂਪ ਦੇ ਸਿਖਰ ਦਾ ਵਰਨਣ ਸ਼ਬਦਾਂ ਦੇ ਕੁਬੇਰਾਂ ਵਲੋਂ ਹੋਣਾ ਸੀ। ਸਤਿਗੁਰੂ ਜਗਜੀਤ ਸਿੰਘ ਜੀ ਵਲੋਂ ਆਪਣੇ ਸਮਾਜ, ਦੇਸ਼ ਅਤੇ ਜਾਤੀ ਦੇ ਉਥਾਨ ਵਾਸਤੇ ਕੀਤੇ ਅਣਗਿਣਤ ਕਾਰਜਾਂ ਦੀ ਮਾਲਾ ਵਿਚ ਇਕ ਸੁੰਦਰ ਫੁਲ ਸੁਸਜਿਤ ਹੋ ਰਿਹਾ ਸੀ। ਮਹਾਨ ਤੋਂ ਮਹਾਨ ਸਤਿਗੁਰੂ ਰਾਮ ਸਿੰਘ ਜੀ ਦੀ ਸਿਖਿਆ, ਕੀਰਤੀ, ਦੀਖਿਆ, ਉਪਮਾ ਨੂੰ ਬਖਾਨ ਕਰਨ ਵਾਸਤੇ ਦੇਸ਼ ਦੀ ਬਹੁਤ ਪੁਰਾਣੀ ਯੂਨੀਵਰਸਿਟੀ ਵਿਚ ਇਕ ਮੰਚ ਸਥਾਪਤ ਕਰਨਾ, ਮਹਾਨ ਕਾਰਜ ਸੀ। ਇਹ ਵਿਦਵਾਨ ਸਤਿਗੁਰੂ ਰਾਮ ਸਿੰਘ ਜੀ ਦੇ ਜੀਵਨ ਸੰਦੇਸ਼ ਅਤੇ ਫਲਸਫੇ ਦੇ ਚਾਨਣ ਦੁਨੀਆਂ ਵਿਚ ਫੈਲਾਉਂਦੇ ਹੀ ਰਹਿਣਗੇ।

ਪਰਸਿਧ ਆਚਾਰੀਆ ਪ੍ਰੋ. ਵਾਚਸਪਤੀ ਦਵੇਦੀ ਹੋਰਾਂ ਮੰਚ-ਸੰਚਾਲਕ ਦੀ ਅਹਿਮ-ਭੂਮਿਕਾ ਨਿਭਾਉਂਦਿਆਂ ਅੱਜ ਦੇ ਆਯੋਜਨ ਦੀ ਵਿਆਖਿਆ ਸੁੰਦਰ ਹਿੰਦੀ ਦੇ ਸ਼ਬਦਾਂ ਵਿਚ ਕੀਤੀ। ਸਤਿਗੁਰੂ ਰਾਮ ਸਿੰਘ ਜੀ ਅਤੇ ਨਾਮਧਾਰੀ ਸਮਾਜ ਦਾ ਪਰੀਚੈ ਕਰਵਾਂਦਿਆਂ ਉਨ੍ਹਾਂ ਗਊ-ਗਰੀਬ ਦੀ ਰੱਖਿਆ ਵਾਸਤੇ ਬਲੀਦਾਨ, ਦੇਸ਼ ਦੀ ਆਜ਼ਾਦੀ ਅਤੇ ਰੱਖਿਆ ਲਈ ਕੁਰਬਾਨੀ, ਮਹਿਲਾਵਾਂ (ਇਸਤਰੀਆਂ) ਲਈ ਕੀਤੇ ਸੁਧਾਰਾਂ ਨੂੰ ਸਮਾਜਕ ਪ੍ਰੰਪਰਾਵਾਂ ਲਈ ਕੀਰਤੀਮਾਨ ਦੱਸਦਿਆਂ, ਸਤਿਗੁਰੂ ਰਾਮ ਸਿੰਘ ਜੀ ਦੇ ਸੰਦੇਸ਼ ਨੂੰ 'ਅਮਰ ਸੰਦੇਸ਼' ਦੀ ਸੰਗਿਆ ਦਿੱਤੀ। ਉਹਨਾਂ ਕਿਹਾ ਕਿ ਜਦੋਂ ਸਾਰਾ ਦੇਸ਼ ਭਾਰਤੀ ਸੰਸਕ੍ਰਿਤੀ ਦੀ ਮਹਿਮਾ ਨੂੰ ਭੁੱਲ ਚੁੱਕਾ ਸੀ ਤਾਂ ਵਰਤਮਾਨ ਸਤਿਗੁਰੂ ਜਗਜੀਤ ਸਿੰਘ ਜੀ ਨੇ ਇਸ ਸੰਸਕ੍ਰਿਤੀ ਦੇ ਉਥਾਨ ਵਾਸਤੇ ਪਥ-ਪ੍ਰਦਰਸ਼ਕ ਬਣੇ ਅਤੇ ਭਾਰਤ ਦੀ ਮਹਾਨਤਾ ਨੂੰ ਚੋਟੀ ਤੇ ਪਹੁੰਚਣ ਵਾਸਤੇ ਜਤਨ ਕੀਤੇ ਹਨ।

### ਵਿਧੀਵਤ ਸੁਆਗਤ

ਸ੍ਰੀ ਸਤਿਗੁਰੂ ਜੀ ਦੇ ਵਿਧੀਵਤ ਸੁਆਗਤ ਵਾਸਤੇ ਉਪ-ਕੁਲਪਤੀ ਅਤੇ ਸ੍ਰੇਸ਼ਟ ਵਿਦਵਾਨਾਂ ਨੇ ਵਾਰੀ ਵਾਰੀ ਸਤਿਗੁਰੂ ਜੀ ਨੂੰ ਫੁੱਲਾਂ ਦੇ ਹਾਰ ਅਰਪਿਤ ਕੀਤੇ। ਉਪ-ਕੁਲਪਤੀ ਸ੍ਰੀ ਮੰਡਨ ਮਿਸ਼ਰ ਨੇ ਇਕ ਥਾਲ ਵਿਚ ਨਾਰੀਅਲ, ਬਸਤਰ ਅਤੇ ਹੋਰ ਸਮੱਗਰੀ ਭੇਟ ਕਰਕੇ ਆਪਣੀ ਪੁਰਾਣੀ ਰੀਤੀ, ਕਰਮ-ਕਾਂਡ ਅਨੁਸਾਰ ਜਿਨ੍ਹਾਂ ਵਧ ਤੋਂ ਵਧ ਸਨਮਾਨ ਹੋ ਸਕਦਾ ਸੀ ਉਹ ਕੀਤਾ।

ਯੂਨੀਵਰਸਿਟੀ ਦੇ ਪ੍ਰੋ-ਵਾਈਸ ਚਾਂਸਲਰ ਅਤੇ ਵੇਦ ਵਿਭਾਗ ਦੇ ਮੁਖੀ (ਅਧਿਅਕਸ਼) ਪ੍ਰੋ. ਯੁਗਲ ਕਿਸ਼ੋਰ ਮਿਸ਼ਰ ਨੇ ਵੈਦਿਕ ਮੰਗਲਾਚਰਨ ਉੱਚੀ ਅਤੇ ਸੁਰੀਲੀ ਆਵਾਜ਼ ਵਿਚ ਉਚਾਰਨ ਕੀਤਾ। ਇਸ ਉਪਰੰਤ ਪਾਨਣੀ ਕੰਨਿਆ ਮਹਾਵਿਦਿਆਲਯ ਦੀਆਂ ਵਿਦਿਆਰਥਣਾਂ ਨੇ ਪੌਰਾਣਕ


Namdhari Elibrary NamdhariElibrary@gmail.com

ਮੰਗਲਾਚਰਨ ਕੀਤਾ ਅਤੇ ਯੂਨੀਵਰਸਿਟੀ ਦੇ ਸੰਗੀਤ ਵਿਭਾਗ ਵਲੋਂ ਸੰਗੀਤਕ ਮੰਗਲਾਚਰਨ ਗਾਇਆ ਗਿਆ।



*ਸੰਸਕ੍ਰਿਤ ਵਿਸ਼ਵ ਵਿਦਿਆਲਾ ਬਨਾਰਸ ਵਿਚ ਸਤਿਗੁਰੂ ਜੀ ਦਾ ਅਭਿਨੰਦਨ ਕਰਦੇ ਹੋਏ ਉਪ-ਕੁਲਪਤੀ ਪੰਡਿਤ ਮੰਡਨ ਮਿਸ਼ਰ*

ਪੰਡਿਤ ਦੇਵ ਸਰੂਪ ਮਿਸ਼ਰ ਨੇ ਉੱਚੀ, ਖੜਕਵੀਂ ਤੇ ਸੁਰੀਲੀ ਆਵਾਜ਼ ਵਿਚ ਸੰਸਕ੍ਰਿਤ ਭਾਸ਼ਾ ਵਿਚ ਅਭਿਨੰਦਨ (ਸੁਆਗਤ) ਪੱਤਰ ਪੜ੍ਹਿਆ। ਭਾਸ਼ਾ ਭਾਵੇਂ ਸੰਸਕ੍ਰਿਤ ਸੀ, ਪਰ ਭਾਵ ਸਭ ਨੂੰ ਸਮਝ ਆ ਰਹੇ ਸਨ। ਜਦੋਂ ਅਭਿਨੰਦਨ ਪੱਤਰ ਪੜ੍ਹਿਆ ਜਾ ਰਿਹਾ ਸੀ ਤਾਂ ਸਾਰੇ ਵਿਦਵਾਨ ਝੂਮ ਝੂਮ ਕੇ ਵਾਹਵਾ ਕਰ ਰਹੇ ਸਨ। ਇਕੱਲੇ ਇਕੱਲੇ ਸ਼ਬਦ ਦੀ ਦਾਦ ਦਿੱਤੀ ਜਾ ਰਹੀ ਸੀ, ਜਿਵੇਂ ਕਵੀ ਦਰਬਾਰਾਂ ਵਿਚ ਹੁੰਦਾ ਹੈ। ਇਸ ਉਪਰੰਤ ਇਹ ਅਭਿਨੰਦਨ ਪੱਤਰ ਸੁੰਦਰ ਫਰੇਮ ਵਿਚ ਜੜਤ ਹੋਇਆ ਆਚਾਰੀਯ ਪੰਡਿਤ ਸ਼ਿਵ ਜੀ ਉਪਾਧਿਆਏ, ਆਚਾਰੀਯ ਪੰਡਿਤ ਦੇਵ ਸਰੂਪ ਮਿਸ਼ਰ ਅਤੇ ਉਪ-ਕੁਲਪਤੀ ਜੀ ਨੇ ਸਤਿਗੁਰੂ ਜੀ ਨੂੰ ਸਾਦਰ ਸੁਪ੍ਰੇਮ ਭੇਟ ਕੀਤਾ।

**ਡਾ. ਮੰਡਨ ਮਿਸ਼ਰ**

ਉਪ-ਕੁਲਪਤੀ ਡਾ. ਮੰਡਨ ਮਿਸ਼ਰ ਨੇ 'ਗੁਰੂ ਰਾਮ ਸਿੰਘ ਪੀਠ' (ਚੇਅਰ) ਬਾਰੇ ਜਾਣਕਾਰੀ ਦਿੱਤੀ। ਉਹਨਾਂ ਨੇ ਕਿਹਾ ਕਿ ਗੁਰੂਆਂ ਨੇ ਸੰਕਟ ਦੇ ਸਮੇਂ ਦੇਸ਼ ਨੂੰ ਕਠਿਨ ਪ੍ਰਸਥਿਤੀਆਂ 'ਚੋਂ ਉਭਾਰਿਆ ਹੈ। ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਦਰਸ਼ਨ (ਫ਼ਲਸਫ਼ਾ) ਸਨਾਤਨ ਦਰਸ਼ਨ ਹੈ, ਅਦਵੈਤ ਦਰਸ਼ਨ ਹੈ। ਸਤਿਗੁਰੂ ਰਾਮ ਸਿੰਘ ਜੀ ਨੇ ਇਸ ਦੇਸ਼ ਦੀ ਆਜ਼ਾਦੀ ਅਤੇ ਸੰਸਕ੍ਰਿਤੀ ਵਾਸਤੇ ਜੋ ਮਹਾਨ ਉਪਕਾਰ ਕੀਤਾ ਉਸਦੀ ਕੋਈ ਤੁਲਨਾ ਨਹੀਂ। ਉਹਨਾਂ ਦੇ ਨਾਮ ਤੇ ਇਸ ਪੀਠ ਦੀ ਸਥਾਪਨਾ ਇਕ ਇਤਿਹਾਸਕ ਕਾਰਜ ਹੈ। ਇਹ ਪੂਰੇ ਦੇਸ਼ ਨੂੰ ਜੋੜਨ ਦਾ ਜਤਨ ਹੈ। ਇਸ ਯੂਨੀਵਰਸਿਟੀ ਵਿਚ ਵਿਸ਼ਵ ਦੀਆਂ ਅਨੇਕਾਂ ਭਾਸ਼ਾਵਾਂ ਪੜ੍ਹਾਈਆਂ ਜਾਂਦੀਆਂ ਹਨ। ਇਥੇ ਅਨੇਕਾਂ ਵਿਧਾਵਾਂ ਦੇ ਸਾਧਕ ਹੁੰਦੇ ਆਏ ਹਨ। ਇਸ ਪੀਠ ਦੇ ਸਥਾਪਤ ਹੋਣ ਨਾਲ ਸਾਡਾ ਪੰਜਾਬੀ ਨਾਲ ਨਾਤਾ ਵੀ ਜੁੜ ਗਿਆ ਹੈ। ਇਹ ਪੀਠ ਫਿਲਹਾਲ ਵਿਜ਼ਟਿੰਗ ਚੇਅਰ ਹੋਵੇਗੀ। ਇਸ ਮੰਤਵ ਵਾਸਤੇ ਸਤਿਗੁਰੂ ਜੀ ਨੇ ਪੰਜ ਲਖ ਦੀ ਰਾਸ਼ੀ ਯੂਨੀਵਰਸਿਟੀ ਨੂੰ ਦਿੱਤੀ ਹੈ ਅਤੇ ਹਰ ਸਾਲ ੧੦ ਹਜ਼ਾਰ ਰੁਪਿਆ ਹੋਰ ਖਰਚਾਂ ਲਈ ਉਪਲਬਧ ਹੋਵੇਗਾ। ਇਸ ਤੋਂ ਬਾਦ ਇਹ ਸੰਪੂਰਨ ਆਜ਼ਾਦ ਪੀਠ ਹੋਵੇਗੀ, ਜੋ ਖੋਜ ਕਾਰਜ ਕਰੇਗੀ। ਇਸ ਸੰਬੰਧੀ ਉਹਨਾਂ ਨੇ ਸਾਰੀਆਂ ਗੱਲਾਂ ਪੜ੍ਹ ਕੇ ਸੁਣਾਈਆਂ, ਜਿਨ੍ਹਾਂ ਵਿਚ ਇਕ ਇਹ ਵੀ ਗੱਲ ਸੀ ਕਿ ਇਸ ਪੀਠ ਸੰਬੰਧੀ ਘਾਟਾ ਵਾਧਾ ਕਰਨ ਦਾ ਅਧਿਕਾਰ ਸਤਿਗੁਰੂ ਜੀ ਨੂੰ ਹੋਵੇਗਾ ਅਤੇ ਸਤਿਗੁਰੂ ਰਾਮ ਸਿੰਘ ਜੀ ਦਾ ਜਨਮ ਦਿਨ ਹਰ ਸਾਲ ਯੂਨੀਵਰਸਿਟੀ ਵਿਚ ਮਨਾਇਆ ਜਾਇਆ ਕਰੇਗਾ।

**ਦੀਵਾ ਬਲੈ ਅੰਧੇਰਾ ਜਾਇ**

ਸ੍ਰੀ ਸਤਿਗੁਰੂ ਜੀ ਨੇ ਵਿਧੀਵਤ ਰੂਪ ਵਿਚ ਇਸ ਪੀਠ ਦਾ ਉਦਘਾਟਨ ਦੀਪ ਜਗਾ ਕੇ ਕੀਤਾ। 'ਦੀਵਾ ਬਲੈ ਅੰਧੇਰਾ ਜਾਇ' ਦੇ ਕਥਨ ਅਨੁਸਾਰ ਸਤਿਗੁਰੂ ਰਾਮ ਸਿੰਘ ਜੀ ਦੀ ਮਹਿਮਾ ਦਾ ਪ੍ਰਕਾਸ਼ ਯੂਨੀਵਰਸਿਟੀ ਕਰੇਗੀ। ਸੰਸਕ੍ਰਿਤ ਦਾ ਇਕ ਗਰੰਥ ਹੈ "ਗੁਰੂ ਚੰਦਰੋਦਯ ਕੌਮੁਦੀ", ਇਸ ਵਿਚ ਸਤਿਗੁਰੂ ਰਾਮ ਸਿੰਘ ਜੀ ਦੀ ਮਹਿਮਾ ਹੈ। ਇਹ ਗਰੰਥ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਆਦਰ ਸਹਿਤ ਭੇਟ ਕੀਤਾ ਗਿਆ ਸੀ। ਇਸਦੀ ਜਾਣਕਾਰੀ ਵੱਖਰੀ ਦਿੱਤੀ ਜਾ ਰਹੀ ਹੈ। ਇਸ ਗਰੰਥ ਦਾ ਅਨੁਵਾਦ ਜਲਦੀ ਹੀ ਯੂਨੀਵਰਸਿਟੀ ਪ੍ਰਕਾਸ਼ਤ ਕਰ ਰਹੀ ਹੈ। ਭਾਵ ਯੂਨੀਵਰਸਿਟੀ ਦੀ ਪੀਠ ਆਪਣੇ ਕੰਮ ਵਿਚ ਜੁੱਟ ਗਈ ਹੈ।

ਸ. ਮਨਜੀਤ ਸਿੰਘ ਜੀ ਨੇ ਵੀ ਇਸ ਸਮੇਂ ਆਪਣੇ ਵਿਚਾਰ ਪੇਸ਼ ਕੀਤੇ। ਉਹ ਬਹੁਤ ਸ਼ੁਧ ਹਿੰਦੀ ਬੋਲਦੇ ਹਨ ਅਤੇ ਉਹਨਾਂ ਨੇ ਸ਼ਰਧਾ ਭਰੇ ਵਿਚਾਰ ਸੁਣ ਕੇ ਬਹੁਤ ਤਾਲੀਆਂ ਵੱਜੀਆਂ।

ਸ. ਹਰਵਿੰਦਰ ਸਿੰਘ ਹੰਸਪਾਲ ਭੂਤ-ਪੂਰਵ ਮੈਂਬਰ ਰਾਜ ਸਭਾ, ਜੋ ਉਚੇਚੇ ਇਸ ਮੰਤਵ ਲਈ ਆਏ ਸਨ, ਉਨ੍ਹਾਂ ਇਸ ਅਵਸਰ ਨੂੰ ਆਜ਼ਾਦੀ ਦੇ ੫੦ਵੇਂ ਸਾਲ ਨਾਲ ਜੋੜ ਕੇ ਇਸ ਦੀ ਮਹੱਤਤਾ ਵੀ ਦੱਸੀ ਅਤੇ ਦੇਸ਼ ਦਾ ਅਵੇਸਲਾਪਨ ਵੀ ਦੱਸਿਆ, ਜਿਸ ਨੇ ਪੰਜਾਹ ਸਾਲ ਇਸ ਕੰਮ ਲਈ ਲਾ ਦਿੱਤੇ ਹਨ। ਉਹਨਾਂ ਅੰਗਰੇਜ਼ਾਂ ਦੀ 'ਪਾੜੋ ਅਤੇ ਰਾਜ ਕਰੋ' ਦੀ ਨੀਤੀ ਵਿਰੁੱਧ ਨਾਮਧਾਰੀ ਸਤਿਗੁਰੂ ਸਾਹਿਬਾਨ ਵਲੋਂ "ਜੋੜੋ ਅਤੇ ਸੁਤੰਤਰਤਾ ਲਿਆਓ" ਦੀ ਨੀਤੀ ਦਾ ਬਖਾਨ ਕੀਤਾ।



Namdhari Elibrary NamdhariElibrary@gmail.com

ਸਤਿਗੁਰੂ ਰਾਮ ਸਿੰਘ ਵਲੋਂ ਚਲਾਏ ਰਾਜਸੀ ਅਤੇ ਸਮਾਜਕ ਅੰਦੋਲਨ ਦਾ ਜ਼ਿਕਰ ਕਰਦਿਆਂ ਇਸਤਰੀਆਂ ਦੇ ਉਥਾਨ, ਸਾਮੂਹਕ ਤੇ ਸਾਦੇ ਅਨੰਦ ਕਾਰਜ, ਦਾਜ ਦਹੇਜ ਵਿਰੁੱਧ ਸਤਿਗੁਰੂ ਜੀ ਦੀ ਯਲਗਾਰ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦਾ ਵਿਸ਼ੇਸ਼ ਯੋਗਦਾਨ ਦਰਸਾਇਆ। ਉਹਨਾਂ ਕਿਹਾ ਕਿ ਅਸੀਂ ਨਾਮਧਾਰੀ ਦੇਹਧਾਰੀ ਗੁਰੂ ਪਰੰਪਰਾ ਨੂੰ ਕਾਇਮ ਰੱਖਦੇ ਹੋਏ ਸਤਿਗੁਰੂ ਨਾਨਕ, ਗੁਰੂ ਗੋਬਿੰਦ ਸਿੰਘ, ਸਤਿਗੁਰੂ ਰਾਮ ਸਿੰਘ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਇਕੋ ਲੜੀ ਵਿਚ ਰੱਖਦੇ ਹੋਏ ਮੰਨਦੇ ਹਾਂ। ਨਾ-ਮਿਲਵਰਤਨ ਅਤੇ ਸੁਦੇਸ਼ੀ ਦੇ ਸੰਬੰਧ 'ਚ ਗੁਰੂ ਰਾਮ ਸਿੰਘ ਮਹਾਤਮਾ ਗਾਂਧੀ ਦੇ ਪੱਥ-ਪ੍ਰਦਸ਼ਕ ਸਨ।

### ਗੁਰ ਉਪਦੇਸ਼

ਅੰਤ ਉਤੇ ਇਸ ਕਾਰਜ ਨੂੰ ਆਸ਼ੀਰਵਾਦ ਦਿੰਦੇ ਹੋਏ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਕਿਹਾ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸਾਨੂੰ ਦੇਹ ਕਰਕੇ ਦਰਸ਼ਨ ਦੇਣੇ ਹਨ ਅਤੇ ਇਹ ਸੰਸਥਾ ਉਹਨਾਂ ਦੇ ਚਰਨਾਂ ਵਿਚ ਰਖਾਂਗੇ। ਇਹ ਇਕ ਸ਼ੁਭ ਕਾਰਜ ਹੈ। ਸਤਿਗੁਰੂ ਜੀ ਨੇ ਭਜਨ ਸਿਮਰਨ ਵਾਸਤੇ ਸਾਨੂੰ ਬਾਰ ਬਾਰ ਦ੍ਰਿੜ ਕਰਵਾਇਆ ਹੈ। ਭਜਨ ਸਿਮਰਨ ਦੀ ਬਹੁਤ ਤਾਕਤ ਹੈ ਇਸ ਬਾਰੇ ਗੁਰਬਾਣੀ ਵਿਚ ਪੰਚਮ ਪਾਤਸ਼ਾਹ ਨੇ ਫੁਰਮਾਇਆ ਹੈ :

"ਊਡੇ ਊਡਿ ਆਵੈ ਸੈ ਕੋਸਾ ਤਿਸੁ ਪਾਛੈ ਬਚਰੇ ਛਰਿਆ।
ਤਿਨ ਕਵਣੁ ਖਲਾਵੈ ਕਵਣੁ ਚੁਗਾਵੈ
ਮਨ ਮਹਿ ਸਿਮਰਨੁ ਕਰਿਆ॥"

ਸੈਂਕੜੇ ਕੋਹਾਂ ਤੋਂ ਕੂੰਜਾਂ ਆਉਂਦੀਆਂ ਹਨ। ਪਿਛੇ ਆਪਣੇ ਬੱਚੇ ਛੱਡ ਕੇ ਆਉਂਦੀਆਂ ਹਨ। ਸਿਮਰਨ ਦੀ ਸ਼ਕਤੀ ਨਾਲ ਹੀ ਉਹਨਾਂ ਬਚਿਆਂ ਦੀ ਪ੍ਰਤਿਪਾਲਣਾ ਹੁੰਦੀ ਹੈ।

ਸਤਿਗੁਰੂ ਜੀ ਨੇ ਕਿਹਾ ਕਿ ਸਾਨੂੰ ਸੰਸਕ੍ਰਿਤ ਪੜ੍ਹਣੀ ਚਾਹੀਦੀ ਹੈ ਅਤੇ ਤੁਹਾਨੂੰ ਗੁਰਮੁਖੀ ਪੜ੍ਹਣੀ ਚਾਹੀਦੀ ਹੈ। ਇਸ ਗੱਲ ਦਾ ਬਹੁਤ ਚੰਗਾ ਹੁੰਗਾਰਾ ਮਿਲਿਆ।

ਸਤਿਗੁਰੂ ਜੀ ਨੇ ਕਿਹਾ ਕਿ ਮੈਂ ਤਾਂ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਸਤਿਗੁਰੂ ਰਾਮ ਸਿੰਘ ਜੀ ਦਾ ਛੋਟਾ ਜਿਹਾ ਸੇਵਕ ਹਾਂ। ਗੁਰੂ ਨਾਨਕ ਦੇਵ ਜੀ ਦੀ ਮਹਾਨਤਾ ਬਾਰੇ ਤਾਂ ਦਸਮ ਗਰੰਥ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਲਿਖਿਆ ਕਿ ਉਹ ਸ੍ਰੀ ਰਾਮ ਚੰਦਰ ਜੀ ਦੀ ਸੂਰਜਵੰਸ਼ੀ ਕੁਲ ਵਿਚੋਂ ਹਨ।

ਤਿਨ ਬੇਦੀਅਨ ਕੀ ਕੁਲ ਬਿਖੈ, ਪ੍ਰਗਟੇ ਨਾਨਕ ਰਾਇ॥
ਸਭ ਸਿਖਨ ਕੋ ਸੁਖ ਦਏ, ਜਹ ਤਹ ਭਏ ਸਹਾਇ॥

ਸਤਿਗੁਰੂ ਨਾਨਕ ਦੇਵ ਜੀ ਦੇ ਆਗਮਨ ਬਾਰੇ ਸਿੱਖ ਇਤਿਹਾਸਕਾਰ ਭਾਈ ਸੰਤੋਖ ਸਿੰਘ ਨੇ ਲਿਖਿਆ ਹੈ ਕਿ—

ਪਾਲਨ ਹੇਤ ਸਨਾਤਨ ਨੇਤੈ
ਵੈਦਿਕ ਧਰਮ ਰਖਨ ਕੇ ਹੇਤੈ
ਆਪ ਪ੍ਰਭੁ ਗੁਰੂ ਨਾਨਕ ਰੂਪੰ
ਪ੍ਰਗਟ ਭਏ ਜਗ ਮੈ ਸੁਖ ਭੂਪੰ

ਧਰਮ ਦੀ ਗੱਲ ਕਰਦਿਆਂ ਵੇਸ ਭੂਸ਼ਾ, ਖਾਣ ਪਹਿਨਣ ਅਤੇ ਰੰਗਾਂ ਦਾ ਜ਼ਿਕਰ ਕਰਦਿਆਂ ਆਪ ਜੀ ਨੇ ਦੁਆਪਰ ਤੋਂ ਲੈ ਕੇ ਹੁਣ ਤਕ ਦੇ ਇਤਿਹਾਸ 'ਚੋਂ ਪ੍ਰਮਾਣ ਦੇ ਕੇ ਕਿਹਾ ਕਿ ਨੀਲਾ ਰੰਗ ਮਹਾਂਪੁਰਖਾਂ ਵਲੋਂ ਵਿਵਰਜਿਤ ਰਿਹਾ ਹੈ। ਇਸਤਰੀ ਜਾਤੀ ਦੇ ਉਧਾਰ ਬਾਰੇ ਗੁਰੂ ਜਨਾਂ ਵਲੋਂ ਹੋਏ ਜਤਨਾਂ ਦੇ ਜ਼ਿਕਰ ਬਾਰੇ ਆਪ ਨੇ ਕਿਹਾ ਕਿ ਅੱਜ ਗਰਭ ਵਿਚ ਹੀ ਜੰਮਣ ਤੋਂ ਪਹਿਲਾਂ ਕੰਨਿਆਵਾਂ ਮਾਰੀਆਂ ਜਾ ਰਹੀਆਂ ਹਨ ਇਹ ਬੰਦ ਹੋਣਾ ਚਾਹੀਦਾ ਹੈ। ਇਸ ਸੰਬੰਧ ਵਿਚ ਪੰਜਾਬ ਦੇ ਪਿਛਲੇ ਮੁਖ ਮੰਤਰੀ ਸਵਰਗੀ ਸ. ਬੇਅੰਤ ਸਿੰਘ ਵਲੋਂ ਲਿੰਗ ਟੈਸਟਾਂ ਤੇ ਲਾਈ ਪਾਬੰਦੀ ਦਾ ਆਪ ਨੇ ਉਚੇਚੇ ਤੌਰ ਤੇ ਜ਼ਿਕਰ ਕੀਤਾ। ਅਨੇਕਾਂ ਵਿਸ਼ਿਆਂ ਨੂੰ ਛੋਹੰਦਾ ਸਤਿਗੁਰੂ ਜੀ ਦਾ ਪਰਵਚਨ ਸਮਾਪਤ ਹੋਇਆ ਤਾਂ ਪੰਡਿਤ ਰਾਧੇ ਸ਼ਿਆਮ ਦਵੇਦੀ ਹੋਰਾਂ ਸਤਿਗੁਰੂ ਜੀ ਦਾ ਅਤੇ ਆਏ ਵਿਦਵਾਨਾਂ ਦਾ ਧੰਨਵਾਦ ਕੀਤਾ। ਪੰਡਿਤ ਕੈਲਾਸ਼ ਤ੍ਰਿਪਾਠੀ, ਪੰਡਿਤ ਕ੍ਰਿਸ਼ਨ ਚੰਦਰ ਦਿਵੇਦੀ ਅਤੇ ਹੋਰ ਅਨੇਕਾਂ ਮਹਾਂ ਵਿਦਵਾਨ ਸਭਾ ਵਿਚ ਹਾਜ਼ਰ ਸਨ।

ਸਮਾਪਤੀ ਤੇ ਮਠਿਆਈ ਪਰਸ਼ਾਦ ਦੇ ਖੁਲ੍ਹੇ ਗੱਫੇ ਵਰਤਾਏ ਗਏ ਅਤੇ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਦੀ ਤਾਂਘ ਅੱਖਾਂ ਵਿਚ ਸਮੋਈ ਸਮਾਗਮ ਸਮਾਪਤ ਹੋਇਆ।

### ਨਿਤ ਕਰਮ

ਹਰ ਰੋਜ਼ ਤੜਕੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਦੁਪਹਿਰ ਤੋਂ ਬਾਦ ਨਿਤਨੇਮ, ਕੀਰਤਨ ਦੇ ਸਿਲਸਲੇ ਤੋਂ ਇਲਾਵਾ ਹਰ ਰਾਤ ਨੂੰ ਸੰਗੀਤ ਦੀਆਂ ਸਭਾਵਾਂ ਹੁੰਦੀਆਂ ਰਹੀਆਂ। ਦਿਨ ਵੇਲੇ ਸਤਿਗੁਰੂ ਜੀ ਦੇ ਦਰਸ਼ਨ ਕਰਨ ਵਿਦਵਾਨ, ਸੰਗੀਤਕਾਰ ਅਤੇ ਦਰਸ਼ਨ ਅਭਿਲਾਖੀ ਆਉਂਦੇ ਰਹਿੰਦੇ। ਸਤਿਗੁਰੂ ਜੀ ਘਰਾਂ ਵਿਚ, ਦੁਕਾਨਾਂ, ਅਦਾਰਿਆਂ ਵਿਚ ਚਰਨ ਪਾਉਣ ਵੀ ਜਾਂਦੇ। ਇਸ ਲੰਮੇ ਸਿਲਸਲੇ ਦੀ ਥਾਂਹ ਪਾਉਣਾ ਮੁਸ਼ਕਲ ਹੈ।... ਪਰ ਇਕ ਨਿਵੇਕਲਾ ਪ੍ਰੋਗਰਾਮ ਸੀ—ਗੰਗਾ ਉਤੇ ਦੋ ਬੇੜੇ ਜੋੜ ਕੇ ਉਪਰ ਸਾਧ-ਸੰਗਤ ਵਲੋਂ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਨਾਮ ਸਿਮਰਨ ਅਤੇ ਕੀਰਤਨ।

### ਜਪ ਤਪ ਕਾ ਬੰਧ ਬੇੜੁਲਾ

੧੬ ਦਸੰਬਰ ਸੋਮਵਾਰ ਦੁਪਹਿਰ ਦਾ ਨਿਤਨੇਮ ਅਤੇ ਕੀਰਤਨ ਦਾ ਪ੍ਰੋਗਰਾਮ ਗੰਗਾ ਦੀਆਂ ਲਹਿਰਾਂ ਤੇ ਚਲਦੇ ਬੇੜਿਆਂ ਉਤੇ ਸੀ। ਬੇੜਾ, ਬੇੜੀ ਤੋਂ ਵੱਡਾ ਹੁੰਦਾ ਹੈ। ਇਸਦੀ ਛੱਤ ਤੇ ਵੀ ਬੈਠਣ ਦਾ ਇੰਤਜ਼ਾਮ ਹੁੰਦਾ ਹੈ। ਅਕਸਰ ਸੈਲਾਨੀ ਲੋਕ ਬੇੜੇ ਤੇ ਬੈਠ ਕੇ ਗੰਗਾ ਵਿਚ ਦੂਰ ਦੂਰ ਤਕ ਸੈਰ ਕਰਦੇ


Namdhari Elibrary NamdhariElibrary@gmail.com

ਹਨ। ਸ. ਮਨਜੀਤ ਸਿੰਘ ਹੋਰਾਂ ਕੰਪਿਊਟਰ ਤੋਂ ਜੋ ਪ੍ਰੋਗਰਾਮ ਕਢਵਾ ਕੇ ਵੰਡਿਆ ਸੀ ਉਸ ਵਿਚ ਵੀ ਬੇੜੇ ਦੀ ਸੈਰ ਦਾ ਜ਼ਿਕਰ ਸੀ ਅਤੇ ਅਨਾਊਂਸਮੈਂਟ ਵੀ ਹੋ ਰਹੀ ਸੀ। ਦੁਪਹਿਰ ਇਕ ਤੋਂ ਤਿੰਨ ਤਕ ਇਹ ਪ੍ਰੋਗਰਾਮ ਸੀ। ਇਕ ਘੰਟਾ ਨਾਮ ਸਿਮਰਨ ਅਤੇ ਇਕ ਘੰਟਾ ਬਾਕੀ ਕੀਰਤਨ ਜਾਂ ਪਰਵਚਨ। ਯਾਤਰੂਆਂ ਦੇ ਦਿਲਾਂ ਵਿਚ ਇਸ ਪ੍ਰੋਗਰਾਮ ਪ੍ਰਤਿ ਬਹੁਤ ਉਤਸੁਕਤਾ ਸੀ।



*ਗੰਗਾ ਦੀਆਂ ਲਹਿਰਾਂ ਤੇ ਸਤਿਸੰਗ*

ਪਰਬੰਧ ਕਰਦਿਆਂ, ਪਹੁੰਚਦਿਆਂ ਸਮਾਂ ਇਕ ਵਜੇ ਤੋਂ ਕੁਝ ਉਪਰ ਹੋ ਗਿਆ ਪਰ ਸਤਿਗੁਰੂ ਜੀ ਨੇ ਅਤੇ ਸੰਗਤ ਨੇ ਆਪਣਾ ਨਿਤ ਦਾ ਸਿਮਰਨ ੧ ਵਜੇ ਸ਼ੁਰੂ ਕਰ ਦਿੱਤਾ ਸੀ।

ਯਾਤਰਾ ਪ੍ਰਹਿਲਾਦ ਘਾਟ ਤੋਂ ਸ਼ੁਰੂ ਹੋਣੀ ਸੀ। ਇਹ ਘਾਟ ਰੇਲ ਸੜਕ ਦੇ ਵਡੇ ਪੁਲ ਦੇ ਲਾਗੇ ਸੀ। ਜਦੋਂ ਸਤਿਗੁਰੂ ਜੀ ਸੰਗਤ ਦੇ ਨਾਲ ਕਾਰਾਂ ਰਾਹੀਂ ਘਾਟ ਤੇ ਪੁਜੇ ਤਾਂ ਇਥੇ ਵੀ ਉਤਸੁਕਤਾ ਫੈਲ ਗਈ। ਕਈ ਸਾਧੂ ਸੰਤ ਪੁਛਣ ਲੱਗੇ ਕਿ ਇਹ ਕੌਣ ਆਏ ਹਨ। ਸਫੈਦ ਬਸਤਰ ਧਾਰੀ ਦਾੜੀ ਪੱਗਾਂ ਵਾਲੇ। ਕੁਝ ਸਾਧੂ ਲੋਕ ਤਾਂ ਪੰਜਾਬੀ ਹੀ ਨਿਕਲੇ। ਇਥੇ ਮੰਦਰਾਂ ਵਿਚ ਪੁਜਾਰੀ ਲਗੇ ਹੋਏ। ਉਹਨਾਂ ਦਾ ਜੀ ਤਾਂ ਕਰਦਾ ਸੀ ਕਿ ਉਹ ਵੀ ਨਾਲ ਹੀ ਬੇੜੇ ਤੇ ਸੰਗਤ ਕਰਨ ਪਰ ਸੰਗਤਾਂ ਅਗੇ ਹੀ ਅਨੁਮਾਨ ਤੋਂ ਜ਼ਿਆਦਾ ਸਨ। ਇਸ ਤੇ ਉਹਨਾਂ ਸਤਿਗੁਰੂ ਜੀ ਨੂੰ ਉਥੇ ਹੀ ਨਮਸਕਾਰ ਕੀਤੀ। ਦੋ ਬੇੜੇ ਨਾਲ ਨਾਲ ਜੋੜ ਕੇ ਬੰਨੇ ਹੋਏ ਸਨ। ਜਗਹ ਵਧਾਉਣ ਵਾਸਤੇ। ਉਪਰ ਗੱਦੇ ਵਿਛਾ ਕੇ ਚਿੱਟੀਆਂ ਚਾਦਰਾਂ ਵਛਾਈਆਂ ਗਈਆਂ। ਅਨੁਮਾਨ ਨਾਲੋਂ ਸੰਗਤ ਵਧ ਜਾਣ ਨਾਲ ਰਲ ਮਿਲ ਕੇ ਬੈਠ ਕੇ ਜਿਵੇਂ ਕਿਵੇਂ ਸਭ ਨੇ ਅਸਥਾਨ ਗ੍ਰਹਿਣ ਕੀਤਾ। ਸਤਿਗੁਰੂ ਜੀ ਆਪਣੇ ਆਸਣ ਤੇ ਸਸ਼ੋਭਤ ਹੋ ਗਏ। ਸਾਹਮਣੇ ਰਾਗੀ ਸਿੰਘ ਬੈਠ ਗਏ। ਉਸਤਾਦ ਹਰਭਜਨ ਸਿੰਘ, ਸੰਤ ਹਰਬੰਸ ਸਿੰਘ, ਮੋਹਨ ਸਿੰਘ, ਸ਼ੇਰ ਸਿੰਘ ਬਲਵੰਤ ਸਿੰਘ ਆਦਿ। ਦੂਸਰੇ ਨਾਲ ਦੇ ਬੇੜੇ ਤੇ ਮਾਈਆਂ ਦਾ ਜਥਾ ਸੀ।

ਮਾਤਾ ਜੀ ਨੇ ਵੀ ਆਪਣਾ ਅਸਥਾਨ ਗ੍ਰਹਿਣ ਕਰ ਲਿਆ। ਦੋਹਾਂ ਬੇੜਿਆਂ ਨੂੰ ਇਕ ਤੀਸਰੀ ਕਿਸ਼ਤੀ ਜਿਸ ਤੇ ਮੋਟਰ ਲੱਗੀ ਸੀ ਉਹ ਖਿੱਚ ਰਹੀ ਸੀ। ਸਿਖਰ ਦੁਪਹਿਰ ਦੀ ਧੁੱਪ ਚਮਕ ਰਹੀ ਸੀ ਅਤੇ ਭਾਵੇਂ ਅਸੀਂ ਸਮੁੰਦਰ ਵਰਗੇ ਦਰਿਆ ਗੰਗਾ ਦੀ ਸਤਹ ਤੇ ਸਾਂ ਅਤੇ ਮਹੀਨਾ ਵੀ ਪੋਹ ਦਾ ਸੀ ਫੇਰ ਵੀ ਗਰਮੀ ਬਹੁਤ ਸੀ। ਹੌਲੀ ਹੌਲੀ ਬੇੜਾ ਠੇਲਿਆ ਗਿਆ। ਪਾਣੀ ਦੇ ਬਹਾਓ ਦੇ ਉਲਟ ਇਹ ਬੇੜਾ ਚਲ ਪਿਆ। ਸਤਿਗੁਰਾਂ ਦੇ ਸੀਸ ਤੇ ਝੂਲਦੀ ਚੌਰੀ ਅਤੇ ਨਾਮ ਸਿਮਰਨ ਕਰਦੀ ਚੁਪਚਾਪ ਸੰਗਤ ਇਕ ਨਵੇਕਲਾ ਦ੍ਰਿਸ਼ ਸੀ। ਇਥੇ ਗੰਗਾ ਜਲ ਵੀ ਸੀ, ਗੁਰੂ ਵੀ ਸੀ, ਨਾਮ ਵੀ ਸੀ ਅਤੇ ਮੇਰੇ ਜ਼ਹਿਨ ਵਿਚ ਗੁਰੂ ਅਰਜਨ ਦੇਵ ਮਹਾਰਾਜ ਦੀਆਂ ਇਹ ਤੁਕਾਂ ਘੁਮ ਰਹੀਆਂ ਸਨ।

ਗੰਗਾ ਜਲੁ ਗੁਰ ਗੋਬਿੰਦ ਨਾਮ॥
ਜੋ ਸਿਮਰੈ ਤਿਸ ਕੀ ਗਤਿ ਹੋਵੈ
ਪੀਵਤ ਬਹੁੜਿ ਨ ਜੋਨਿ ਭ੍ਰਮਾਮ॥

ਮੋਟਰ ਬੋੜੀ ਤੇ ਸ. ਮਨਜੀਤ ਸਿੰਘ ਖਲੋਤੇ ਸਨ, ਦਿਸ਼ਾ ਨਿਰਦੇਸ਼ ਦੇਣ ਵਾਸਤੇ। ਗੰਗਾ ਦੇ ਇਕ ਪਾਸੇ ਜਿਧਰ ਸ਼ਹਿਰ ਹੈ, ਘਾਟ ਹੀ ਘਾਟ ਸਨ ਉਹਨਾਂ ਦੇ ਨਾਮ ਵੀ ਲਿਖੇ ਸਨ, ਪਰ ਸਫਾਈ ਨਹੀਂ ਸੀ। ਦੂਸਰੇ ਪਾਸੇ ਹਰਿਆਲੀ ਹੀ ਹਰਿਆਲੀ ਸੀ ਕੋਈ ਮਕਾਨ ਨਹੀਂ ਸੀ। ਚਲਦਾ ਬੇੜਾ ਪ੍ਰਹਿਲਾਦ ਘਾਟ, ਤੇਲੀਆ ਨਾਲਾ ਘਾਟ, ਸੱਕਾ ਘਾਟ, ਗੋਲਾਘਾਟ ਲੰਘਦਾ ਜਾ ਰਿਹਾ ਸੀ ਤਾਂ ਦੂਰੋਂ ਦਿਸਿਆ ਗਵਾਲੀਅਰ ਵਾਲੇ ਸੂਬਾ ਸਰਬਜੀਤ ਸਿੰਘ ਅਤੇ ਲੁਧਿਆਣਾ ਵਾਲੇ ਸੂਬਾ ਹਰਭਜਨ ਸਿੰਘ ਕਿਨਾਰੇ ਤੇ ਖੜੇ ਇਸ਼ਾਰੇ ਕਰ ਰਹੇ ਸਨ। ਸੂਬਾ ਹਰਭਜਨ ਸਿੰਘ ਜੀ ਹਵਾਈ ਜਹਾਜ਼ ਰਾਹੀਂ ਪੁਜੇ ਹੀ ਸਨ ਅਤੇ ਸੂਬਾ ਸਰਬਜੀਤ ਸਿੰਘ ਉਹਨਾਂ ਨੂੰ ਹਵਾਈ ਅੱਡੇ ਤੋਂ ਲੈ ਕੇ ਆਏ ਸਨ। ਇਸੇ ਚੱਕਰ ਵਿਚ ਉਹ ਦੇਰ ਨਾਲ ਪੁਜੇ ਸਨ। ਮਨਜੀਤ ਸਿੰਘ ਨੇ ਇਸ਼ਾਰਾ ਕੀਤਾ ਕਿ ਉਹ ਕੰਢੇ ਕੰਢੇ ਅਗੇ ਨੂੰ ਆਉਂਦੇ ਜਾਣ ਉਹਨਾਂ ਨੂੰ ਲੈ ਲਵਾਂਗੇ। ਬੇੜੇ ਦੇ ਮਾਲਕ ਨੇ ਦੱਸਿਆ ਸੀ ਕਿ ਉਸ ਦੀ ਬੇੜੀ ਅਗੇ ਖੜੀ ਹੈ ਉਸ ਰਾਹੀਂ ਬੁਲਾ ਲਵਾਂਗੇ। ਬੇੜੇ ਉਪਰ ਬੈਠਿਆਂ ਪਤਾ ਨਹੀਂ ਸੀ ਲੱਗਦਾ ਕਿ ਅਸੀਂ ਕਿੰਨੇ ਕੁ ਤੇਜ਼ ਜਾ ਰਹੇ ਹਾਂ ਪਰ ਕਿਨਾਰੇ ਤੇ ਦੋਵੇਂ ਸੂਬੇ ਸਾਹਿਬਾਨ ਜਿਸ ਸਪੀਡ ਤੇ ਦੌੜ ਦੌੜ ਕੇ ਮਿਲ ਰਹੇ ਸਨ ਉਸ ਤੋਂ ਸਾਡੇ ਬੇੜੇ ਦੀ ਗਤੀ ਦਾ ਅੰਦਾਜ਼ਾ ਲੱਗਦਾ ਸੀ। ਆਖਰ ਇਕ ਛੋਟੀ ਬੇੜੀ ਵਾਲੇ ਨੇ ਉਹਨਾਂ ਨੂੰ ਉਪਰ ਬਠਾਇਆ ਅਤੇ ਉਹ ਬੇੜੀ ਮੰਝਧਾਰ ਵਿਚ ਆ ਕੇ ਸਾਡੇ ਵਾਲੇ ਬੇੜੇ ਤੇ ਸੂਬਾ ਜੀ ਨੂੰ ਉਤਾਰ ਗਈ। ਇਹਨਾਂ ਬੇੜਿਆਂ ਦੇ ਸੈਟ ਤੋਂ



Namdhari Elibrary NamdhariElibrary@gmail.com

ਇਕ ਵਖਰੀ ਬੇੜੀ ਵੀ ਸੀ ਜਿਸ ਵਿਚ ਸੰਤ ਹਰਪਾਲ ਸਿੰਘ ਤੇ ਹੋਰ ਸਾਥੀ ਸਵਾਰ ਸਨ। ਇਹ ਫੋਟੋਗਰਾਫੀ ਵੀ ਕਰਦੇ ਅਤੇ ਚਪੂਆਂ ਨਾਲ ਬੇੜੀ ਚਲਾਉਣ ਦਾ ਯਤਨ ਵੀ ਕਰਦੇ। ਇਸ ਯਤਨ ਵਿਚ ਇਹ ਬੇੜੀ ਕਦੇ 'ਚਾਰੋਂ ਦਿਸ਼ਾਓ' ਵਲ ਵੀ ਘੁੰਮ ਜਾਂਦੀ। ਨਿਤਨੇਮ ਸਿਮਰਨ ਦੀ ਸਮਾਪਤੀ ਦੀ ਅਰਦਾਸ ਬੈਠਿਆਂ ਹੀ ਹੋਈ ਤੇ ਹਜ਼ੂਰੀ ਕੀਰਤਨ ਸ਼ੁਰੂ ਹੋ ਗਿਆ। ਅੱਜ ਬੇੜਿਆਂ ਦੀ ਗੱਲ ਹੋ ਰਹੀ ਸੀ। ਬੇੜੇ ਉਤੇ ਸੈਰ ਕਰ ਰਹੇ ਸਾਂ, ਸਤਿਗੁਰੂ ਜੀ ਨੇ ਅਸਲ ਬੇੜੇ ਨੂੰ ਯਾਦ ਕਰਾਉਂਦਿਆਂ ਆਪਣੀ ਬਣਾਈ ਸੁਰ ਬੰਦਿਸ਼ ਵਿਚ ਝਪ ਤਾਲ ਵਿਚ ਰਾਗ ਬਰਵਾ ਦੀਆਂ ਸੁਰਾਂ ਵਿਚ ਸ਼ਬਦ ਅਲਾਪਿਆ ਗੁਰੂ ਨਾਨਕ ਦੇਵ ਜੀ ਦਾ—

ਜਪ ਤਪ ਕਾ ਬੰਧੁ ਬੇੜੁਲਾ, ਜਿਤੁ ਲੰਘਹਿ ਵਹੇਲਾ॥
ਨਾ ਸਰਵਰੁ ਨਾ ਊਛਲੈ ਐਸਾ ਪੰਥੁ ਸੁਹੇਲਾ॥

ਹੇ ਪ੍ਰਾਣੀ! ਤੂੰ ਜਪ ਤੇ ਤਪ ਦਾ ਬੇੜਾ ਬੰਨ੍ਹ, ਜਿਸ ਨਾਲ ਤੂੰ ਇਸ ਭਵ-ਸਾਗਰ ਨੂੰ ਸੌਖਿਆਂ ਹੀ ਬਗੈਰ ਉਛਲੇ ਲੰਘ ਜਾਵੇਂ।

ਸੰਤ ਸ਼ੇਰ ਸਿੰਘ ਦੇ ਧਾਮੇ ਵਾਲੇ ਤਬਲੇ ਦੀ ਗੂੰਜ ਪੈ ਰਹੀ ਸੀ। ਸਾਰਾ ਸ਼ਬਦ ਸਤਿਗੁਰੂ ਜੀ ਅਤੇ ਰਾਗੀਆਂ ਨੇ ਮਿਲ ਕੇ ਪੜ੍ਹਿਆ। ਬੇੜਾ ਗੰਗਾ ਦੀ ਧਾਰ ਦੇ ਉਲਟ ਅਗੇ ਵਧੀ ਜਾ ਰਿਹਾ ਸੀ ਅਤੇ ਕੀਰਤਨ ਦੀਆਂ ਧੁਨਾਂ ਉਠ ਰਹੀਆਂ ਸਨ, "ਜਪ ਤਪ ਕਾ ਬੰਧੁ ਬੇੜੁਲਾ।" ਹੋ ਸਕਦਾ ਸੀ ਜੇ ਅਸੀਂ ਵਖਰੀ ਬੇੜੀ ਰਾਹੀਂ ਸੈਰ ਕਰਦੇ ਤਾਂ ਹੋਰ ਹੋਰ ਗੱਲਾਂ ਕਰਦੇ ਪਰ ਸਤਿਗੁਰੂ ਜੀ ਦੀ ਸੰਗਤ ਵਿਚ ਕੇਵਲ ਸਿਮਰਨ ਅਤੇ ਕੀਰਤਨ ਸੀ। ਇਸ ਵਿਚ ਕੋਈ ਸ਼ੱਕ ਨਹੀਂ ਸੀ ਕਿ ਗੰਗਾ ਉਤੇ ਚਲਦੇ ਇਸ ਬੇੜੇ ਦੇ ਬਹਾਨੇ ਨਾਲ ਸਹਿਜ ਹੀ ਇਸ ਸੰਸਾਰ ਦੇ ਭਵ ਸਾਗਰ ਨੂੰ ਪਾਰ ਕਰਾਇਆ ਜਾ ਰਿਹਾ ਸੀ।

ਅਸੀਂ ਦੇਖਿਆ ਕਿ ਗੰਗਾ ਦੀ ਮੰਝਧਾਰ ਵਿਚ ਕਿਤੇ ਕਿਤੇ ਬਾਂਸ ਜਹੇ ਲੰਮੇ ਪਏ ਸਨ ਅਤੇ ਉਹਨਾਂ ਤੇ ਪੰਛੀ ਬੈਠੇ ਸਨ। ਅਸੀਂ ਸਮਝਿਆ ਕਿ ਇਹ ਬਾਂਸ ਜਿਹਾ ਉਹਨਾਂ ਮੁਰਦਿਆਂ ਦਾ ਹੋਵੇਗਾ ਜੋ ਅਕਸਰ ਗੰਗਾ ਜੀ ਦੇ ਸਪੁਰਦ ਕੀਤੇ ਜਾਂਦੇ ਹਨ ਪਰ ਬਾਦ 'ਚ ਦੱਸਿਆ ਗਿਆ ਕਿ ਇਹ ਬਾਂਸ ਜਾਂ ਲਕੜੀ ਜਾਂ ਲੋਹੇ ਦੇ ਲੰਮੇ ਡੰਡੇ ਪੱਕੇ ਤੌਰ ਤੇ ਇਥੇ ਸਥਾਪਤ ਕੀਤੇ ਗਏ ਹਨ ਤਾਂ ਜੋ ਪੰਛੀ ਇਥੇ ਬੈਠ ਕੇ ਜਲ ਛੱਕ ਸਕਣ। ਸਜੇ ਪਾਸੇ ਘਾਟ ਦਰ ਘਾਟ ਲੰਘਦੇ ਜਾ ਰਹੇ ਸਨ : ਤਿਰਲੋਚਣ ਘਾਟ, ਬਦਰਨਾਥ ਘਾਟ, ਗਾਏ ਘਾਟ, ਲਾਲ ਘਾਟ, ਸ਼ੀਤਲ ਘਾਟ, ਬੂੰਦੀ ਪਰਕੋਟਾ ਘਾਟ, ਬਰਹਮ ਘਾਟ, ਦੁਰਗਾ ਘਾਟ, ਪੰਚ ਗੰਗਾ ਘਾਟ, ਰਾਜਾ ਗਵਾਲੀਅਰ ਘਾਟ, ਜਟਾਰ ਘਾਟ, ਮੇਹਤਾ ਘਾਟ, ਭੌਂਸਲੇ ਘਾਟ, ਗੰਗਾ ਮਹਲ ਘਾਟ, ਸੰਕਠਾ ਘਾਟ, ਸਿੰਧੀਆ ਘਾਟ (ਇਹ ਸੋਹਣਾ ਬਣਿਆ ਸੀ) ਭੈਂਸਾ ਸੁਰ ਘਾਟ।

ਪਹਿਲਾ ਸ਼ਬਦ ਸਮਾਪਤ ਹੋ ਚੁੱਕਾ ਸੀ। ਸਤਿਗੁਰੂ ਜੀ ਦਾ ਸੰਗਤ ਰੂਪੀ ਸਭ ਪਰਵਾਰ ਬੇੜੇ ਤੇ ਬੈਠਾ ਸੀ। ਸਤਿਗੁਰੂ ਜੀ ਜਿਹੜੀ ਅਵਸਥਾ 'ਚ ਸਨ ਉਸ ਦਾ ਪ੍ਰਗਟਾਵਾ ਦੂਸਰੇ ਸ਼ਬਦ ਤੋਂ ਹੁੰਦਾ ਸੀ ਜੋ ਉਹਨਾਂ ਉਚਾਰਨ ਕੀਤਾ।

ਰਾਮ ਜਪਉ ਜੀਅ ਐਸੇ ਐਸੇ
ਧ੍ਰੂ ਪ੍ਰਹਿਲਾਦਿ ਜਪਿਓ ਹਰਿ ਜੈਸੇ॥੧॥
ਦੀਨ ਦਇਆਲ ਭਰੋਸੇ ਤੇਰੇ॥
ਸਭੁ ਪਰਵਾਰੁ ਚੜਾਇਆ ਬੇੜੇ॥੧॥ ਰਹਾਉ॥
ਜਾ ਤਿਸੁ ਭਾਵੈ ਤਾ ਹੁਕਮੁ ਮਨਾਵੈ॥
ਇਸੁ ਬੇੜੇ ਕਉ ਪਾਰਿ ਲਘਾਵੈ॥੨॥
ਗੁਰ ਪਰਸਾਦਿ ਐਸੀ ਬੁਧਿ ਸਮਾਨੀ॥
ਚੂਕਿ ਗਈ ਫਿਰਿ ਆਵਨ ਜਾਨੀ॥੩॥
ਕਹੁ ਕਬੀਰ ਭਜੁ ਸਾਰਿਗਪਾਨੀ॥
ਉਰਵਾਰਿ ਪਾਰਿ ਸਭ ਏਕੋ ਦਾਨੀ॥

ਏਧਰ ਸ਼ਬਦ ਕੀਰਤਨ ਰਾਹੀਂ ਦ੍ਰਿਸ਼ਟਾਂਤ ਦੇ ਦੇ ਕੇ ਇਸ ਦੇਹ ਦੀ ਨਾਸਮਾਨਤਾ ਦਰਸਾ ਕੇ ਜੀਵਨ ਅਤੇ ਮੌਤ ਦੀ ਹਕੀਕਤ ਦੱਸੀ ਜਾ ਰਹੀ ਸੀ ਅਤੇ ਕੰਢੇ ਤੇ ਘਾਟਾਂ ਤੇ ਅਸਲੀਅਤ ਰੂਪਮਾਨ ਹੋ ਰਹੀ ਸੀ। ਪਤੰਗਬਾਜ਼ੀ ਹੋ ਰਹੀ ਸੀ ਅਤੇ ਜਦੋਂ ਪਤੰਗ ਕੱਟੀ ਜਾਂਦੀ ਤਾਂ ਉਸਦਾ ਹਵਾ ਵਿਚ ਲਹਿਰਾ ਲਹਿਰਾ ਕੇ ਦੌੜਨਾ ਫਿਰਨਾ ਬਿਲਕੁਲ ਬੰਦ ਹੋ ਜਾਂਦਾ ਜਿਵੇਂ ਜੀਵਨ ਸਮਾਪਤ ਹੋ ਜਾਂਦਾ ਹੈ। ਅਤੇ ਅਗੇ ਇਕ ਘਾਟ ਆਇਆ ਜਿਥੇ ਧੂੰਆਂ ਹੀ ਧੂੰਆਂ ਸੀ। ਇਕ ਧੂੰਆਂ, ਦੂਜਾ ਤੀਜਾ ਧੂੰਆਂ, ਇਕ ਮਾਣਿਕ ਅਰਨਿਕਾ ਘਾਟ ਜਾਂ ਸ਼ਿਵ ਜੀ ਘਾਟ ਸੀ, ਜਿਥੇ ਚੌਵੀ ਘੰਟੇ ਮੁਰਦਾ ਮਨੁੱਖੀ ਸਰੀਰਾਂ ਦਾ ਸਸਕਾਰ ਹੁੰਦਾ ਹੈ। ਇਥੇ ਵਾਰੀ ਵਾਸਤੇ ਉਡੀਕਣਾ ਪੈਂਦਾ ਹੈ। ਇਸ ਸਮੂਹਿਕ ਸ਼ਮਸ਼ਾਨ ਘਾਟ ਤੇ ਅਸੀਂ ਵੇਖਿਆ ਕਈ ਲਾਸ਼ਾਂ ਵਾਰੀ ਦੀ ਉਡੀਕ ਵਿਚ ਜ਼ਮੀਨ 'ਤੇ ਲੰਮੀਆਂ ਪਈਆਂ ਸਨ, ਕਈ ਸਿਵੇ ਜਲ ਰਹੇ ਸਨ। ਲੋਕ ਰੋ ਨਹੀਂ ਸਨ ਰਹੇ... ਆਪਣੇ ਮੁਰਦੇ ਦੇ ਫੂਕਣ ਦੀ ਉਡੀਕ ਕਰ ਰਹੇ ਸਨ ਕਿ ਕਦੋਂ ਵੇਹਲੇ ਹੋਈਏ। ਰਾਗੀ ਤੁਕ ਪੜ੍ਹ ਰਹੇ ਸਨ ਪੰਜਾਬੀ ਤਿੰਨ ਤਾਲ ਦੇ ਠੇਕੇ ਵਿਚ 'ਕਹੁ ਕਬੀਰ ਭਜ ਸਾਰੰਗ ਪਾਨੀ' ਅਤੇ ਸਤਿਗੁਰੂ ਜੀ ਨੇ ਵਾਪਸੀ ਦਾ ਇਸ਼ਾਰਾ ਕਰ ਦਿੱਤਾ। ਵਾਪਸੀ ਸਫ਼ਰ ਤੇ ਬੇੜਾ ਮੁੜ ਪਿਆ, ਪਾਣੀ ਦੇ ਵਹਾਓ ਵਾਲੇ ਪਾਸੇ ਅੱਗੇ ਨਾਲੋਂ ਤੇਜ਼। 'ਕਹੁ ਕਬੀਰ ਭਜੁ ਸਾਰਿਗ ਪਾਨੀ' ਦੀ ਤੁਕ ਤੇ ਪਰਮਾਣਾਂ ਦੀ ਝੜੀ ਲੱਗੀ ਹੋਈ ਸੀ। ਕਲਾਕਾਰ ਰਾਗੀ ਸਰਗਮਕਾਰੀ ਵੀ ਕਰਨ ਲੱਗ ਪਏ—ਤਾਨਾਂ ਵੀ


Namdhari Elibrary NamdhariElibrary@gmail.com

ਲਾਉਣ ਲੱਗੇ ਅਤੇ ਤਿਹਾਈਆਂ ਵੀ। ਸਤਿਗੁਰੂ ਜੀ ਦੇ ਅੰਦਰੋਂ ਸੁਰ-ਸਰਿਤਾ ਗੰਗਾ ਵਾਂਗ ਹੀ ਵਹਿ ਰਹੀ ਸੀ। ਸਾਰਿੰਗ ਪਾਣੀ ਦੇ ਕੋਸ਼-ਅਰਥ ਪ੍ਰਮਾਤਮਾ ਹਨ, ਜਿਸਨੂੰ ਸਿਮਰਨ ਦਾ ਆਦੇਸ਼ ਹੈ। ਸਾਰੰਗ ਸ਼ਬਦ ਦੇ ਅਰਥਾਂ ਦੀ ਸੂਚੀ ਬੜੀ ਲੰਮੀ ਹੈ। ਸਾਰੰਗ ਪਪੀਹੇ ਨੂੰ ਵੀ ਕਿਹਾ ਜਾਂਦਾ ਹੈ, ਜੋ ਤਿਹਾਇਆ ਸੁਆਂਤੀ ਬੂੰਦ ਨੂੰ ਤਰਸਦਾ ਹੈ। ਪਪੀਹੇ ਦੀ ਇਸਤਰੀ ਪਪੀਹਣ ਵੀ ਤਿਹਾਈ ਪਾਣੀ ਨੂੰ ਤਰਸਦੀ ਹੈ। ਗੁਰਬਾਣੀ ਵਿਚ ਲਿਖਿਆ ਹੈ ਕਿ ਪਪੀਹੇ ਦੀ ਪੁਕਾਰ ਸੁਣਕੇ ਮੇਘ (ਬੱਦਲ) ਵਰਸਦਾ ਹੈ। ਗੁਰੂ ਨਾਨਕ ਦੇਵ ਜੀ ਨੇ ਵੀ ਪਾਣੀ ਅਤੇ ਸਾਰਿੰਗ ਦਾ ਸਬੰਧ ਇਉਂ ਲਿਖਿਆ ਹੈ--

"ਕ੍ਰਿਪਾ ਜਲ ਦੇਹਿ ਨਾਨਕ ਸਾਰਿੰਗ ਕਉ..."

ਇਸ ਤਰ੍ਹਾਂ ਸਾਰੰਗ (ਪਪੀਹਣ) ਦਾ ਪਾਣੀ ਨਾਲ ਬਹੁਤ ਸੰਬੰਧ ਹੈ। ਸਾਰੰਗ ਰਾਗ ਦੁਪਹਿਰ ਦਾ ਰਾਗ ਹੈ, ਇਸ ਵਿਚ ਦੋ ਸੁਰਾਂ 'ਪਾ' ਅਤੇ 'ਨੀ' ਦਾ ਪ੍ਰਯੋਗ ਇਸ ਨੂੰ ਬਹੁਤ ਖੂਬਸੂਰਤੀ ਬਖਸ਼ਦਾ ਹੈ। ਇਸ ਵਿਚ 'ਨੀ' (ਨਿਸ਼ਾਦ) ਦੇ ਦੋਵੇਂ ਸਰੂਪ ਸ਼ੁੱਧ ਅਤੇ ਕੋਮਲ ਵਰਤੇ ਜਾਂਦੇ ਹਨ। ਕਲਾਕਾਰ ਆਪਣੀ ਕਲਾਕਾਰੀ ਵਿਚ ਸ਼ਬਦ ਦੇ ਅਰਥਾਂ ਨੂੰ ਵੀ ਰੂਪਮਾਨ ਕਰਦਾ ਹੈ ਅਤੇ ਰਾਗ ਦੀਆਂ ਸੁਰਾਂ ਵੀ ਦਰਸਾਉਂਦਾ ਹੈ। ਗੱਲ ਇਵੇਂ ਬਣ ਗਈ ਕਿ ਪਾ...ਣੀ ਸ਼ਬਦ ਨੂੰ ਰਾਗੀ 'ਪਾ' ਅਤੇ 'ਨੀ' ਦੀਆਂ ਸੁਰਾ ਵਿਚ ਵੀ ਉਚਾਰਨ ਕਰਨ ਲੱਗ ਪਏ ਅਤੇ ਤਿਹਾਈਆਂ ਵੀ ਵਰਤ ਰਹੇ ਸਨ। ਕੈਸਾ ਸੁਮੇਲ ਹੋ ਗਿਆ—ਰਾਗੀ ਵੀ 'ਪਾ...ਨੀ' ਦੀ ਤਿਹਾਈ ਗਾ ਰਹੇ ਸਨ, ਪਪੀਹਣ ਵੀ ਪਾਣੀ ਦੀ ਤਿਹਾਈ ਹੁੰਦੀ ਹੈ ਅਤੇ ਮਨੁੱਖ ਵੀ ਸਾਰਿੰਗਪਾਣੀ (ਪ੍ਰਮਾਤਮਾ) ਦੇ ਦਰਸ਼ਨ ਦਾ ਤਿਹਾਇਆ ਹੁੰਦਾ ਹੈ! ਐਸਾ ਅਦਭੁੱਤ ਸਮਾਂ ਬਣਿਆ ਕਿ ਸੈਰ ਸੈਰ ਵਿਚ ਹੀ ਕਲਾ-ਭਗਤੀ-ਬੰਦਗੀ ਰਾਹੀਂ ਸਤਿਗੁਰਾਂ ਨੇ ਪ੍ਰਮਾਤਮਾ ਨਾਲ ਜੋੜ ਕੇ ਭਵ-ਸਾਗਰ ਦਾ ਸਫ਼ਰ ਵੀ ਮੁਕਾ ਦਿੱਤਾ।

ਦੀਵਾਨ ਦੀ ਅਰਦਾਸ ਹੋਈ, ਫਲੋਹਾਰ ਦਾ ਪਰਸ਼ਾਦ ਵੰਡਿਆ ਗਿਆ। ਗੰਗਾ ਯਾਤਰਾ ਸਮਾਪਤ ਹੋਈ। ਸਤਿਗੁਰੂ ਜੀ ਨੇ ਆਗਿਆ ਕੀਤੀ ਕਿ ਪਹਿਲਾਂ ਸਾਰੀ ਸੰਗਤ ਮਾਈ-ਭਾਈ ਬੇੜਿਆਂ ਵਿਚੋਂ ਉਤਰ ਜਾਵੇ। ਇਵੇਂ ਹੀ ਕੀਤਾ ਗਿਆ। ਸਭ ਤੋਂ ਅੰਤ ਤੇ ਸਤਿਗੁਰੂ ਜੀ ਆਪ ਉਤਰੇ। ਇਵੇਂ ਉਹ ਧਿਆਨ ਰੱਖਦੇ ਹਨ ਅਤੇ ਸੰਗਤ ਨੂੰ ਪ੍ਰਾਥਮਿਕਤਾ ਬਖਸ਼ਦੇ ਹਨ।

**ਸੰਗੀਤ ਦੇ ਪ੍ਰੋਗਰਾਮ**

ਵਾਰਾਨਸੀ-ਬਨਾਰਸ-ਕਾਂਸ਼ੀ ਨਗਰੀ ਭਾਰਤ ਦੇ ਸ਼ਾਸਤਰੀ ਸੰਗੀਤ ਵਾਸਤੇ ਪ੍ਰਸਿੱਧ ਨਗਰੀ ਹੈ। ਸਤਿਗੁਰੂ ਜੀ ਇਸ ਨਗਰੀ ਵਿਚ ਵਿਸ਼ੇਸ਼ ਕਰਕੇ ਸੰਗੀਤ ਸਮਾਗਮਾਂ ਵਾਸਤੇ ਹੀ ਪਧਾਰੇ ਸਨ। ੧੫ ਦਸੰਬਰ ਦੀ ਸ਼ਾਮ ਨੂੰ ਪਹਿਲਾ ਸੰਗੀਤ ਪ੍ਰੋਗਰਾਮ ਸ. ਜਸਵੰਤ ਸਿੰਘ ਹੋਰਾਂ ਦੀ ਕੋਠੀ ਦੀ ਵਿਸ਼ਾਲ ਛੱਤ ਤੇ ਹੋਇਆ। ਨਾਮਧਾਰੀ ਸੰਗਤ ਤੋਂ ਇਲਾਵਾ ਕਾਂਸ਼ੀ ਦੇ ਸੰਗੀਤ ਪ੍ਰੇਮੀ ਅਤੇ ਵਿਦਵਾਨ ਭਾਰੀ ਗਿਣਤੀ ਵਿਚ ਆਏ ਸਨ। ਸਭ ਤੋਂ ਪਹਿਲਾਂ ਦੋ ਭਰਾਵਾਂ—ਮਾਤਾ ਪ੍ਰਸ਼ਾਦ ਮਿਸ਼ਰ ਅਤੇ ਰਵੀ ਸ਼ੰਕਰ ਮਿਸ਼ਰ—ਦੇ ਨ੍ਰਿਤ ਕੀਤਾ ਸੀ। ਇਹ ਜੋੜੀ ਸ੍ਰੀਮਤੀ ਅਲਕ ਨੰਦਾ ਦੀ ਸ਼ਾਗਿਰਦ ਹੈ। ਸ੍ਰੀਮਤੀ ਅਲਕ ਨੰਦਾ ਭਾਰਤ ਦੀ ਬਹੁਤ ਪਰਸਿਧ ਨ੍ਰਿਤਆਂਗਣਾ ਸਿਤਾਰਾ ਦੇਵੀ ਦੀ ਵੱਡੀ ਭੈਣ ਹੈ। ਇਹਨਾਂ ਨੇ ਕਿਹਾ ਕਿ ਸਤਿਗੁਰੂ ਜੀ ਦੇ ਸਾਹਮਣੇ ਕਲਾ ਪ੍ਰਦਰਸ਼ਨ ਕਰਨ ਦਾ ਮੌਕਾ ਸਾਲ ਬਾਦ ਮਿਲਿਆ ਹੈ। ਸਤਿਗੁਰੂ ਜੀ ਨੂੰ ਜਿੰਨਾ ਸੁਰ ਦਾ ਗਿਆਨ ਹੈ ਉਤਨਾ ਹੀ ਲੈਅ ਦਾ ਹੈ। ਜਿਵੇਂ ਚੁੰਬਕ ਵਲ ਲੋਹਾ ਖਿਚਿਆ ਆਉਂਦਾ ਹੈ ਇਵੇਂ ਸਤਿਗੁਰੂ ਜੀ ਵਲ ਕਲਾਕਾਰ। ਸਾਨੂੰ ਚੁੰਬਕ ਦੇ ਸਾਹਮਣੇ ਨੱਚਣਾ ਪੈ ਰਿਹਾ ਹੈ। ਅਸੀਂ ਸਵਾ ਨੌ ਮਾਤਰਾ ਵਿਚ ਨ੍ਰਿਤ ਕਰਾਂਗੇ। ਇਸ ਤਾਲ ਦਾ ਨਾਮਕਰਨ ਅਜੇ ਨਹੀਂ ਹੋਇਆ ਇਹ ਨਾਮਕਰਨ ਸਤਿਗੁਰੂ ਜੀ ਕਰਣ ਇਹ ਸਾਡੀ ਬੇਨਤੀ ਹੈ।

ਇਹ ਸਾਰਾ ਕੁਝ ਖੰਡ ਮਾਤਰਾਵਾਂ ਵਾਲੀ ਲੈਅਕਾਰੀ ਸਤਿਗੁਰੂ ਜੀ ਦੀ ਦੇਣ ਹੋਣ ਕਰਕੇ ਆਪ ਜੀ ਨੂੰ ਅਕੀਦਤ, ਸਲਾਮੀ ਵਜੋਂ ਕਲਾਕਾਰ ਅਜਿਹੇ ਤਾਲਾਂ ਵਿਚ ਸੰਗੀਤ ਆਪ ਜੀ ਦੇ ਹਜ਼ੂਰ ਪਰਗਟ ਕਰਦੇ ਹਨ। ਦੋਹਾਂ ਭਰਾਵਾਂ ਨੇ ਸ੍ਰੀ ਸ਼ਿਵ ਸ਼ੰਕਰ ਤੇ ਤਬਲਾ ਸਹਿਯੋਗ ਨਾਲ ਆਪਣੀ ਕਲਾ ਦਾ ਖੂਬ ਪਰਦਰਸ਼ਨ ਕੀਤਾ। ਫੇਰ ਉਹਨਾਂ ਤਿੰਨਤਾਲ ਵਿਚ ਨ੍ਰਿਤ ਕੀਤਾ। ਪੇਸ਼ਕਾਰੀ ਲੈਅ ਕਾਰੀ ਅਤੇ ਪੈਰਾਂ ਦੇ ਕਾਰਜ ਵਿਚ ਫੁਰਤੀਲੇ ਇਹ ਜਵਾਨ ਭਵਿਖ ਵਿਚ ਵੱਡੀਆਂ ਸੰਭਾਵਨਾਵਾਂ ਵਾਲੇ ਹਨ।

ਕੁਝ ਸਮਾਂ ਨਾਮਧਾਰੀ ਕਲਾ ਕੇਂਦਰ ਦੇ ਨੌਜਵਾਨ ਵਿਦਿਆਰਥੀਆਂ ਦਾ ਗਾਇਣ ਹੋਇਆ। ਸ੍ਰੀ ਬਲਵੰਤ ਸਿੰਘ ਨੇ ਪੌਣੀਆਂ ਅੱਠ ਮਾਤਰਾ ਵਿਚ ਯਮਨ ਕਲਿਆਨ ਦੀ ਇਕ ਬੰਦਿਸ਼ ਸੁਣਾਈ। ਫੇਰ ਬੱਚੀਆਂ ਗੁਰਦਰਸ਼ਨ ਕੌਰ, ਹਰਮੀਤ ਕੌਰ, ਗੁਰਮੀਤ ਕੌਰ, ਸਿਮਰਜੀਤ ਕੌਰ ਤੇ ਪਵਨਦੀਪ ਕੌਰ ਨੇ ਪੌਣੇ ਗਿਆਰਾਂ ਮਾਤਰਾਂ ਦੀ ਬੰਦਿਸ਼ ਗਾਈ।

ਇਸ ਸਮੇਂ ਬਨਾਰਸ ਦੇ ਪਰਸਿਧ ਤਬਲਾ ਕਲਾਕਾਰ ਪੰਡਿਤ ਕਿਸ਼ਨ ਮਹਾਰਾਜ ਵੀ ਆ ਗਏ ਸਨ। ਬਨਾਰਸ ਦੇ ਇਕ ਹੋਰ ਸੰਸਾਰ ਪਰਸਿਧੀ ਵਾਲੇ ਤਬਲਾ ਵਾਦਕ ਪੰਡਿਤ ਸ਼ਾਰਦਾ ਮਹਾਰਾਜ ਇੰਗਲੈਂਡ ਤੋਂ ਆਏ ਸਨ। ਉਹ ਵੀ ਪਧਾਰ ਚੁੱਕੇ ਸਨ। ਇਹਨਾਂ ਦੋਹਾਂ ਮਹਾਰਥੀਆਂ ਦੇ ਅਨੇਕਾਂ ਪੈਰੋਕਾਰ ਵੀ ਆਏ ਸਨ। ਸਭ ਨੇ ਬੱਚਿਆਂ ਦੀ ਲੈਅਕਾਰੀ ਨੂੰ ਬਹੁਤ



Namdhari Elibrary NamdhariElibrary@gmail.com

ਸਲਾਹਿਆ।

ਉਸਤਾਦ ਅਮਜਦ ਅਲੀ ਦੇ ਸ਼ਾਗਿਰਦ ਸ੍ਰੀ ਰਾਕੇਸ਼ ਪਰਸੰਨਾ ਦਾ ਹੁਣ ਸਰੋਦ ਵਾਦਨ ਹੋਇਆ ਤਬਲੇ ਤੇ ਸੰਗਤ 'ਕੁਬੇਰ' ਨੇ ਕੀਤੀ। ਸਰੋਦ ਵਾਦਨ ਉਤੇ ਵਕਤ ਦਾ ਰਾਗ ਬਾਗੇਸ਼ਰੀ ਇਹਨਾਂ ਵਜਾਇਆ। ਅੰਤ ਉਤੇ ਪੰਡਿਤ ਸ਼ਾਰਦਾ ਮਹਾਰਾਜ ਦਾ ਸੁਤੰਤਰ ਏਕਲ ਤਬਲਾ ਵਾਦਨ ਹੋਇਆ। ਸ਼ਾਰਦਾ ਮਹਾਰਾਜ ਅੱਜਕਲ ਬਹੁਤਾ ਇੰਗਲੈਂਡ ਵਿਚ ਹੀ ਨਿਵਾਸ ਰੱਖਦੇ ਹਨ। ਬਨਾਰਸ ਆਉਣ ਦਾ ਪਤਾ ਲੱਗਾ ਤਾਂ ਸ. ਮਨਜੀਤ ਸਿੰਘ ਜੀ ਉਹਨਾਂ ਨੂੰ ਘਰ ਪ੍ਰੋਗਰਾਮ ਤੇ ਸਦ ਲਿਆਏ ਸਨ। ਪੰਡਿਤ ਜੀ ਨੇ ਪਹਿਲਾਂ ਕਿਹਾ ਕਿ "ਸਤਿਗੁਰੂ ਜੀ ਦੇ ਸਾਹਮਣੇ ਤਬਲਾ ਵਜਾਉਣ ਦੀ ਮੇਰੀ ਖਸ਼ਮਤਾ ਨਹੀਂ। ਇਸ ਪਰਸਥਿਤੀ ਵਿਚ ਨਹੀਂ, ਫੇਰ ਵੀ ਮੈਂ ੧੦ ਮਿੰਟ ਤਬਲਾ ਵਾਦਨ ਕਰਾਂਗਾ। ਸਤਿਗੁਰੂ ਜੀ ਐਸੇ ਸੰਗੀਤ ਦੇ ਧਨੀ ਹਨ ਕਿ ਮੇਰੇ ਸਾਹਮਣੇ ਲੰਡਨ 'ਚ ਉਸਤਾਦ ਅਮਜਦ ਅਲੀ ਸਾਹਿਬ ਨੇ ਇਕ ਨਵਾਂ ਰਾਗ ਵਜਾਇਆ ਤਾਂ ਉਸਦਾ ਨਾਮ ਰੱਖਣ ਵਾਸਤੇ ਸਤਿਗੁਰੂ ਜੀ ਨੂੰ ਬੇਨਤੀ ਕੀਤੀ। ਆਪ ਜੀ ਨੇ ਰਾਗ ਦਾ ਨਾਮ ਰੱਖਿਆ "ਸਾਂਝ ਬਿਹਾਗ"। ਕੈਸਾ ਖੂਬਸੂਰਤ ਨਾਮ-ਕਰਨ ਕੀਤਾ।" ਪੰਡਿਤ ਜੀ ਨੇ ਤਬਲੇ ਦਾ ਇਕ ਨਵੇਕਲਾ ਹੀ ਰੰਗ ਪੇਸ਼ ਕੀਤਾ। ਏਨਾ ਵਧੀਆ ਰਸ ਭਰਪੂਰ ਤਬਲਾ ਵਜਾਇਆ ਕਿ ਕਹਿਣ ਕਥਨ ਤੋਂ ਬਾਹਰ ਦੀ ਗੱਲ ਹੈ। ਤਿੰਨ ਤਾਲ ਵਿਚ ਸਰਤਲਾ ਅਤੇ ਟੇਢੇਪਣ ਦੀਆਂ ਕਈ ਜੁਗਤਾਂ ਦਰਸਾਈਆਂ। ਸੰਗੀਤ ਸਮਝਣ ਵਾਲਿਆਂ ਵਾਸਤੇ ਇਹ ਤਬਲਾ ਵਾਦਨ ਨਵਾਂ ਜੋਸ਼ ਭਰਨ ਵਾਲਾ ਸੀ। ਤਬਲੇ ਦੇ ਪੂਰਵਜ ਕਲਾਕਾਰ ਪੰਡਿਤ ਰਾਮ ਸਹਾਏ, ਬੀਰੋ ਮਹਾਰਾਜ ਅਤੇ ਪੰਡਿਤ ਕੰਠੇ ਮਹਾਰਾਜ ਦੀਆਂ ਬੰਦਸ਼ਾਂ ਉਹਨਾਂ ਤਬਲੇ ਤੇ ਸੁਣਾ ਸੁਣਾ ਕੇ ਅਸ਼ ਅਸ਼ ਕਰਵਾ ਦਿੱਤੀ। ਫੇਰ ਉਹਨਾਂ ਇਕ ਫਰਮਾਇਸ਼ੀ ਚੱਕਰਧਾਰ ਸੁਣਾਇਆ ਜਿਸ ਵਿਚ ਖਬਾ ਹੱਥ (ਡੁੱਗੀ ਵਾਲਾ) ਵਰਜਿਤ ਸੀ। ਭਾਵ ਇਕੋ ਹੱਥ ਦੀ ਉਂਗਲ ਜਾਂ ਉਂਗਲਾਂ ਨਾਲ ਇਹ ਵਜਾਇਆ ਗਿਆ। ਇਹ ਇਕ ਕਮਾਲ ਦਾ ਕੰਮ ਸੀ। ਇਸਦੇ ਨਾਲ ਹੀ ਉਹਨਾਂ ਇਕ ਕੱਥਾ ਵੀ ਸੁਣਾਈ। ਕਿਸੇ ਜ਼ਮਾਨੇ ਵਿਚ ਇਕ ਰਾਜੇ ਦੇ ਸਨਮੁਖ ਉਸਦੇ ਕਲਾਕਾਰ ਨੇ ਪਖਾਵਜ ਵਜਾਈ ਜਿਸ ਦਾ ਕੋਈ ਸਾਨੀ ਨਹੀਂ ਸੀ। ਏਡੀ ਜ਼ਬਰਦਸਤ ਪਖਾਵਜ ਵਾਦਨ ਨੂੰ ਸੁਣ ਕੇ ਰਾਜਾ ਬਹੁਤ ਪਰਸੰਨ ਵੀ ਹੋਇਆ ਪਰ ਉਸਦੇ ਦਿਲ ਵਿਚ ਆਇਆ ਕਿ ਐਸੀ ਮਹਾਨ ਕਲਾ ਦਾ ਪਰਦਰਸ਼ਨ ਉਸਦੇ ਦਰਬਾਰ ਵਿਚ ਹੋਇਆ ਹੈ। ਹੁਣ ਅਜਿਹਾ ਪਖਾਵਜ ਕਿਸੇ ਹੋਰ ਦੇ ਸਾਹਮਣੇ ਨਹੀਂ ਵਜਣਾ ਚਾਹੀਦਾ। ਸੋ ਕਲਾਕਾਰ ਨੂੰ ਜਿਥੇ ਬਹੁਤ ਸਾਰੀ ਧਨ ਦੌਲਤ ਨਸੀਬ ਹੋਈ ਉਥੇ ਇਕ 'ਇਨਾਮ' ਇਹ ਵੀ ਮਿਲਿਆ ਕਿ ਉਸਦਾ ਖੱਬਾ ਹੱਥ ਕੱਟ ਦਿੱਤਾ ਗਿਆ। ਉਸ ਕਲਾਕਾਰ ਨੇ ਕੇਵਲ ਇਕੋ ਹੱਥ ਨਾਲ ਹੀ ਪੰਜ ਹਜ਼ਾਰ ਬੰਦਿਸ਼ਾਂ ਬਣਾਈਆਂ ਅਤੇ ਇਕੱਲੇ ਹੱਥ ਨਾਲ ਹੀ ਕਮਾਲ ਕਰ ਦਿੱਤਾ ਅਤੇ ਇਹ ਬੰਦਸ਼ਾਂ ਉਸਨੇ ਧੀ ਨੂੰ ਦਾਜ ਵਿਚ ਦਿੱਤੀਆਂ।

ਪੰਡਿਤ ਸ਼ਾਰਦਾ ਮਹਾਰਾਜ ਦੇ ਇਕ ਹੱਥ ਵਾਲੇ ਜ਼ਬਰਦਸਤ ਤਬਲਾਵਾਦਨ ਦੇ ਨਾਲ ਅੱਜ ਪਹਿਲੀ ਰਾਤ ੧੫ ਦਸੰਬਰ ੧੯੯੬ ਦਾ ਪ੍ਰੋਗਰਾਮ ਸਮਾਪਤ ਹੋਇਆ। ਕਲਾਕਾਰਾਂ ਨੂੰ ਮਾਨ ਸਨਮਾਨ ਸਤਿਗੁਰੂ ਜੀ ਦੀ ਹੱਥੀਂ ਦਿੱਤਾ ਗਿਆ।

੧੬ ਦਸੰਬਰ ਨੂੰ ਦਿਨ ਵੇਲੇ ਬਨਾਰਸ ਦੇ ਮਸ਼ਹੂਰ ਗਾਇਕ ਭਰਾ ਪੰਡਤ ਰਾਜਨ ਸਾਜਨ ਮਿਸ਼ਰਾ ਜੀ ਦੇ ਕਲਾਕਾਰ ਪਿਤਾ ਜੀ ਪੰਡਿਤ ਹਨੂਮਾਨ ਪਰਸਾਦ ਮਿਸ਼ਰਾ ਸਤਿਗੁਰੂ ਜੀ ਦੇ ਦਰਸ਼ਨਾਂ ਨੂੰ ਆਏ। ਇਕ ਹੋਰ ਪ੍ਰਸਿੱਧ ਕਲਾਕਾਰ ਅਤੇ ਤਬਲੇ ਦੇ ਸਿੱਧ ਹਸਤ ਗੁਰੂ, ਪੰਡਤ ਰਾਮ ਜੀ ਮਿਸ਼ਰਾ ਵੀ ਆਏ। ਇਹਨਾਂ ਕੋਲੋਂ ਪ੍ਰਸਿੱਧ ਨਾਮਧਾਰੀ ਕਲਾਕਾਰ ਹਰਪ੍ਰੀਤ ਸਿੰਘ 'ਸੋਨੂੰ' ਤਬਲੇ ਦੀ ਸਿਖਿਆ ਲੈਂਦੇ ਹਨ।

**ਪੰਡਿਤ ਕੰਠੇ ਮਹਾਰਾਜ ਜਯੰਤੀ ਸੰਗੀਤੋਤਸਵ**

ਸ਼ਾਮ ਦਾ ਪ੍ਰੋਗਰਾਮ ਸੀ ਕਬੀਰ ਚੌਰਾ ਵਿਚ ਬਣੇ ਸਭਾਗਾਰ ਹਾਲ 'ਸ੍ਰੀ ਨਾਗਰੀ ਨਾਟਕ ਮੰਡਲੀ ਵਾਰਾਨਸੀ" ਵਿਚ ਪੰਡਿਤ ਕੰਠੇ ਮਹਾਰਾਜ ਦੇ ਜਨਮਦਿਨ ਤੇ ਹੋ ਰਹੇ ਦੋ ਦਿਵਸੀ ਸੰਗੀਤ ਉਤਸਵ ਦੀ ਪਹਿਲੀ ਬੈਠਕ। ਪੰਡਿਤ ਕੰਠੇ ਮਹਾਰਾਜ ਜੀ ਤਬਲੇ ਦੇ ਬਹੁਤ ਪ੍ਰਸਿੱਧ ਕਲਾਕਾਰ ਹੋਏ ਹਨ ਅਤੇ ਉਹਨਾਂ ਦਾ ਨਾਮ ਲੈਂਦਿਆਂ ਹੀ ਤਬਲੇ ਦੇ ਕਲਾਕਾਰ ਸਤਿਕਾਰ ਵਜੋਂ ਕੰਨਾਂ ਨੂੰ ਹੱਥ ਲਾਉਂਦੇ ਹਨ। ਉਹਨਾਂ ਦੇ ਸਪੁੱਤਰ ਪੰਡਿਤ ਕਿਸ਼ਨ ਮਹਾਰਾਜ ਨੇ ਆਪਣਾ ਅਤੇ ਆਪਣੇ ਪਿਤਾ ਦਾ ਨਾਮ ਹੋਰ ਵੀ ਰੋਸ਼ਨ ਕੀਤਾ ਹੈ। ਪੰਡਿਤ ਕਿਸ਼ਨ ਮਹਾਰਾਜ ਜੀ ਦੇ ਵਿਸ਼ੇਸ਼ ਬਨਾਰਸੀ ਬਾਜ ਦੀ ਸ਼ੈਲੀ ਦੇ ਤਬਲਾ ਵਾਦਨ, ਜਿਸ ਵਿਚ ਵਿਕਟ ਲੈਅਕਾਰੀ ਅਤੇ ਤਿਹਾਈਆਂ ਦਾ ਖਾਸ ਪ੍ਰਦਰਸ਼ਨ ਹੁੰਦਾ ਹੈ, ਨੇ ਉਹਨਾਂ ਦੀ ਪ੍ਰਸਿੱਧੀ ਸੰਸਾਰ ਦੇ ਕੋਨੇ ਕੋਨੇ ਵਿਚ ਪਹੁੰਚਾਈ ਹੈ। ਆਪਣੇ ਪਿਤਾ ਜੀ ਦੀ ਜਯੰਤੀ (ਜਨਮਦਿਨ) ਤੇ ਕੀਤੇ ਜਾ ਰਹੇ ਸੰਗੀਤ ਉਤਸਵ ਲਈ ਮੁਖ ਮਹਿਮਾਨ ਉਹ ਚੋਟੀ ਦੀ ਸੰਗੀਤ ਹਸਤੀ ਨੂੰ ਬਨਾਉਣਾ ਚਾਹੁੰਦੇ ਸਨ...ਅਤੇ ਇਸ ਵਾਸਤੇ ਇਕੋ-ਇਕ ਹਸਤੀ ਸਤਿਗੁਰੂ ਜਗਜੀਤ ਸਿੰਘ ਜੀ ਹੀ ਸਨ। ਸ. ਮਨਜੀਤ ਸਿੰਘ ਉਨ੍ਹਾਂ ਦੇ ਸਹਾਇਕ ਵੀ ਸਨ ਅਤੇ ਆਯੋਜਨ ਕਮੇਟੀ ਦੇ ਸਕੱਤਰ ਵੀ। ਸਤਿਗੁਰੂ ਜੀ ਜਦੋਂ ਸਭਾ ਸਥੱਲ ਤੇ ਪਧਾਰੇ ਤਾਂ ਮੁੱਖ ਦੁਆਰ ਤੇ ਪੰਡਿਤ ਕਿਸ਼ਨ ਮਹਾਰਾਜ, ਪੰਡਿਤ ਸ਼ਾਰਦਾ ਸਹਾਇ ਜੀ


Namdhari Elibrary NamdhariElibrary@gmail.com

ਅਤੇ ਬਨਾਰਸ ਦੇ ਪ੍ਰਮੁੱਖ ਕਲਾਕਾਰਾਂ ਅਤੇ ਉਥੇ ਹੋਰ ਵਸਦੇ ਪੰਜਾਬੀਆਂ ਨੇ ਉਨ੍ਹਾਂ ਦਾ ਸੁਆਗਤ ਕੀਤਾ।

ਅਸੀਂ ਵੀ ਸਤਿਗੁਰੂ ਜੀ ਦੇ ਇੰਤਜ਼ਾਰ ਵਿਚ ਖੜ੍ਹੇ ਸੀ ਤਾਂ ਦੋ ਬਨਾਰਸੀ ਜਵਾਨ ਮੇਰੇ ਕੋਲ ਆ ਗਏ। ਇਕ ਕਹਿਣ ਲੱਗਾ, "ਆਪ ਕਾ ਨਾਮ ਜਗਦੀਸ਼ ਸਿੰਘ ਵਰਿਆਮ ਹੈ?" ਮੈਂ ਉਸਨੂੰ ਪਛਾਣਿਆਂ ਨਾ। ਮੈਂ ਪੁੱਛਿਆ, "ਆਪ ਬਨਾਰਸ ਕੇ ਹੈਂ?" ਉੱਤਰ 'ਹਾਂ' ਵਿਚ ਸੀ, ਤੇ ਉਹ ਹੈਰਾਨ ਵੀ ਸੀ ਕਿ...ਇਹ ਕੀ, ਇਹਨੂੰ ਪਛਾਣਿਆ ਨਹੀਂ! ਮੈਂ ਹੈਰਾਨ ਸੀ ਕਿ ਬਨਾਰਸ ਵਿਚ ਜਗਦੀਸ਼ ਸਿੰਘ ਵਰਿਆਮ ਨੂੰ ਇਸ ਪ੍ਰਸੰਗ ਵਿਚ ਕੌਣ ਜਾਨਣ ਵਾਲਾ ਹੈ? ਠੀਕ, ਉਹ ਬਨਾਰਸ ਦੇ ਹੀ ਰਹਿਣ ਵਾਲੇ ਸਨ। ਜਦੋਂ ਉਨ੍ਹਾਂ ਆਪਣਾ ਪਰੀਚੈ ਕਰਵਾਇਆ...ਵਿਨੋਦ ਕੁਮਾਰ...ਤਾਂ ਚੇਤੇ ਆਇਆ ਕਿ ਦੇਰ ਹੋਈ ਇਥੇ ਰਾਜੇਸ਼ਵਰੀ ਕਲਾ ਸੰਗਮ ਵਿਚ ਬਨਾਰਸ ਤੋਂ ਤਬਲਾ ਸਿਖਾਉਣ ਇਕ ਪਤਲਾ ਜਿਹਾ ਮੁੰਡਾ ਆਇਆ ਸੀ, ਪਰ ਹੁਣ ਤਾਂ ਉਹ ਚੰਗਾ ਸਿਹਤਮੰਦ ਵੀ ਸੀ ਤੇ ਉਮਰ ਵਲੋਂ ਵੀ ਪ੍ਰੋਢ ਸੀ। ਉਥੇ ਮੈਨੂੰ ਇਹ ਗੌਰਵ ਵੀ ਮਹਿਸੂਸ ਹੋਇਆ ਸੀ ਕਿ ਅਸੀਂ ਇਸ ਸ਼ਹਿਰ ਵਿਚ ਅਜਨਬੀ ਨਹੀਂ।



*ਸਤਿਗੁਰੂਜੀ ਦੇ ਸੇਵਾ ਵਿਚ ਤਬਲਾ ਕਲਾਕਾਰ*
*ਪੰਡਿਤ ਕਿਸ਼ਨ ਮਹਾਰਾਜ ਸ. ਮਨਜੀਤ ਸਿੰਘ, ਸੰਤੋਖ ਸਿੰਘ ਚਾਵਲਾ*

#### ਰਿਧੀਆਂ ਸਿਧੀਆਂ ਦੇ ਮਾਲਕ

ਸਤਿਗੁਰੂ ਜੀ ਵਾਸਤੇ ਅੰਦਰ ਇਕ ਵੱਖਰੀ ਉੱਚੀ ਵਿਸ਼ੇਸ਼ ਕੁਰਸੀ ਸਿੰਘਾਸਨ ਵਾਂਗ ਰੱਖੀ ਸੀ। ਆਪ ਜੀ ਦਾ ਬਾਰ ਬਾਰ ਸੁੰਦਰ ਸ਼ਰਧਾਮਈ ਸ਼ਬਦਾਂ ਵਿਚ ਵੱਧ ਤੋਂ ਵੱਧ ਸਤਿਕਾਰ ਕੀਤਾ ਗਿਆ। ਆਪ ਜੀ ਰਾਹੀਂ ਦੀਪਕ ਪ੍ਰਜਵਲਤ ਕਰਵਾ ਕੇ ਪ੍ਰੋਗਰਾਮ ਦਾ ਸ਼੍ਰੀ ਗਣੇਸ਼ ਕਰਵਾਇਆ ਗਿਆ। ਹਾਲ ਖਚਾਖਚ ਭਰਿਆ ਹੋਇਆ ਸੀ ਅਤੇ ਬਹੁਤ ਸਾਰੇ ਵਿਦੇਸ਼ੀ ਯਾਤਰੂ ਵੀ ਸਨ। ਇਹਨਾਂ ਨੂੰ ਟੂਰ ਗਰੁੱਪਾਂ ਦੇ ਪ੍ਰਬੰਧਕਾਂ ਨੇ ਵੀ ਲਿਆਂਦਾ ਸੀ। ਇਸ ਸਮਾਗਮ ਵਾਸਤੇ ਟਿਕਟਾਂ ਵੀ ਵੇਚੀਆਂ ਗਈਆਂ ਸਨ। ਭਾਰੀਆਂ ਛੋਟੀਆਂ ਰਕਮਾਂ ਵਾਲੀਆਂ ਟਿਕਟਾਂ ਖਰੀਦ ਕੇ ਇਹ ਲੋਕ ਅੰਦਰ ਆਏ ਸਨ। ਇਸ ਆਯੋਜਨ ਦਾ ਮੰਤਵ ਅਧਿਘੋਸ਼ਿਕਾ (ਅਨਾਊਂਸਮੈਂਟ ਕਰਨ ਵਾਲੀ ਬੀਬੀ) ਨੇ 'ਵਾਦਯ ਸ਼ਰੋਮਣੀ ਪੰਡਿਤ ਕੰਠੇ ਮਹਾਰਾਜ ਪ੍ਰਤੀ ਸ਼ਰਧਾ ਸੁਮਨ ਅਰਪਿਤ ਕਰਨਾ' ਦੱਸਿਆ। ਪ੍ਰੋਗਰਾਮ ਅਨੁਸਾਰ ਦੋ ਵਿਅਕਤੀਆਂ ਨੂੰ ਵਿਸ਼ੇਸ਼ ਸਨਮਾਨ ਦਿੱਤਾ ਜਾਣਾ ਸੀ। ਅੱਜ ਡਾ. ਭਾਨੂੰ ਸ਼ੰਕਰ ਮਹਿਤਾ ਨੂੰ ਜਿਨ੍ਹਾਂ ਦਾ ਨਾਟਕ, ਸਾਹਿਤ, ਸੰਗੀਤ ਤੋਂ ਇਲਾਵਾ ਹੋਰ ਬਹੁਤ ਸਾਰੇ ਖੇਤਰ ਵਿਚ ਭਾਰੀ ਯੋਗਦਾਨ ਸੀ ਅਤੇ ਦੂਸਰੇ ਦਿਨ ਮਸ਼ਹੂਰ ਸਰੋਦ ਵਾਦਕ ਉਸਤਾਦ ਅਲੀ ਅਕਬਰ ਸਾਹਿਬ ਦਾ। ਇਹ ਸਨਮਾਨ ਸਤਿਗੁਰੂ ਜੀ ਦੇ ਕਰ-ਕਮਲਾਂ ਦੁਆਰਾ ਹੀ ਹੋਏ। ਪੰਡਿਤ ਕਿਸ਼ਨ ਮਹਾਰਾਜ ਨੇ ਸਤਿਗੁਰੂ ਜੀ ਬਾਰੇ ਜੋ ਸੁਆਗਤੀ ਸ਼ਬਦ ਕਹੇ ਉਹਨਾਂ ਤੋਂ ਬਾਅਦ ਕਿਸੇ ਸ਼ਬਦ ਦੀ ਲੋੜ ਨਹੀਂ। ਇਸ ਵਕਤ ਪੂਰੇ ਸ਼ਬਦ ਲਿਖੇ ਨਹੀਂ ਜਾ ਸਕਦੇ। ਪਰ ਭਾਵ ਅਜਿਹੇ ਸਨ : "ਮੇਰੇ ਪਿਤਾ ਜੀ ਨੇ ਇਕ ਕਵਿਤਾ ਸੁਣਾਈ ਸੀ—ਜਦੋਂ ਭਗਵਾਨ ਕ੍ਰਿਸ਼ਨ ਪੈਦਾ ਹੋਏ ਤਾਂ ਉਨ੍ਹਾਂ ਦੇ ਗੁਣਾਂ ਦਾ ਬਖਾਨ ਕਰਦੀ ਸੀ ਉਹ ਕਵਿਤਾ।" ਫੇਰ ਉਹਨਾਂ ਉਹ ਕਵਿਤਾ ਵੀ ਸੁਣਾਈ। ਉਨ੍ਹਾਂ ਕਿਹਾ ਕਿ ਮੈਂ ਸੋਚਦਾ ਸੀ ਅਜਿਹੇ ਗੁਣਾਂ ਵਾਲਾ ਕਿਹੜਾ ਵਿਅਕਤੀ ਹੋ ਸਕਦਾ ਹੈ ਅਤੇ ਜਦੋਂ ਮੈਨੂੰ ਸਤਿਗੁਰੂ ਜਗਜੀਤ ਸਿੰਘ ਜੀ ਮਿਲੇ ਤਾਂ ਇਹੀ ਇਕੋ-ਇਕ ਵਿਅਕਤੀ ਸਨ ਜਿਨ੍ਹਾਂ ਤੇ ਇਹ ਕਵਿਤਾ ਲਾਗੂ ਹੁੰਦੀ ਹੈ। ਆਪ ਜੀ ਵਿਚ ਉਹ ਸਾਰੇ ਲੱਛਣ ਹਨ। ਆਪ ਅਵਤਾਰੀ ਪੁਰਸ਼ ਹਨ। ਜਿੰਨਾ ਪਿਆਰ, ਜਿੰਨਾ ਤਿਆਗ, ਜਿੰਨੀ ਵਿਦਿਆ, ਰਿਧੀਆਂ-ਸਿਧੀਆਂ ਸੰਪਤੀ ਸਭ ਇਹਨਾਂ ਦੇ ਅਧਿਕਾਰ ਵਿਚ ਹੈ। ਜਿੰਨੀਆਂ ਬੰਦਸ਼ਾਂ, ਲੈਅ-ਕਾਰੀਆਂ, ਤਿਹਾਈਆਂ ਇਨ੍ਹਾਂ ਕੋਲ ਹਨ, ਹਿੰਦੁਸਤਾਨ ਵਿਚ ਘਟ ਹੀ ਵਿਦਵਾਨ ਹੋਣਗੇ ਜਿਨ੍ਹਾਂ ਕੋਲ ਇਹ ਚੀਜ਼ਾਂ ਹੋਣ। ਅਸੀਂ ਇਨ੍ਹਾਂ ਦਾ ਹਿਰਦੇ 'ਚੋਂ ਸੁਆਗਤ ਕਰਦੇ ਹਾਂ।" ਕਿਸ਼ਨ ਮਹਾਰਾਜ ਦੇ ਇਨ੍ਹਾਂ ਬੋਲਾਂ ਨਾਲ ਸਾਰਾ ਹਾਲ ਤਾਲੀਆਂ ਨਾਲ ਕੰਬ ਗਿਆ।

ਸ. ਮਨਜੀਤ ਸਿੰਘ ਹੋਰਾਂ ਵੀ ਸਤਿਗੁਰੂ ਜੀ ਬਾਰੇ ਅਤੇ ਸਨਮਾਨ ਬਾਰੇ ਕੁਝ ਬੜੇ ਸਾਰਥਕ ਸ਼ਬਦ ਕਹੇ। ਸਤਿਗੁਰੂ ਜੀ ਵਲੋਂ ਡਾ. ਭਾਨੂੰਸ਼ੰਕਰ ਮਹਿਤਾ ਨੂੰ ਸ਼ਾਲ ਤੇ ਪ੍ਰਸ਼ਸਤੀ-ਪੱਤਰ ਆਦਿਕ ਦੇ ਕੇ ਸਨਮਾਨਿਆ ਗਿਆ। ਮਹਿਤਾ ਜੀ ਨੇ ਬਹੁਤ



Namdhari Elibrary NamdhariElibrary@gmail.com

ਵਿਦਵਤਾ ਭਰੇ ਸ਼ਬਦਾਂ ਨਿਰਮਾਨਤਾ ਦੀ ਅਤਿ ਦੀ ਹੱਦ ਤਕ ਜਾ ਕੇ ਕਹੇ। ਉਹਨਾਂ ਕਿਹਾ ਕਿ ਪੰਡਿਤ ਕਿਸ਼ਨ ਮਹਾਰਾਜ ਨੇ ਸਨਮਾਨ ਲਈ ਇਕ ਤਾਂ ਸਿਖਰ ਦੇ ਕਲਾਕਾਰ ਉਸਤਾਦ ਅਲੀ ਅਕਬਰ ਖਾਂ ਸਾਹਿਬ ਚੁਣੇ ਹਨ ਅਤੇ ਇਕ ਸਭ ਤੋਂ ਹੇਠਲੇ ਪੱਧਰ ਦਾ ਵਿਅਕਤੀ ਮੈਨੂੰ ਚੁਣਿਆ ਹੈ ਤਾਂਕਿ ਅੰਤਰ ਪਤਾ ਲੱਗ ਸਕੇ। ਉਹਨਾਂ ਇਸ ਗੱਲ ਦੀ ਅਪਾਰ ਖੁਸ਼ੀ ਮਹਿਸੂਸ ਕੀਤੀ ਕਿ ਇਹ ਸਨਮਾਨ ਕਲਾਕਾਰਾਂ ਦੇ ਗੁਰੂ ਸਤਿਗੁਰੂ ਜਗਜੀਤ ਸਿੰਘ ਜੀ ਪਾਸੋਂ ਪਰ੍ਰਾਪਤ ਕਰ ਰਹੇ ਹਨ।

**ਨੀਂਹ ਦਾ ਪੱਥਰ**

ਸਤਿਗੁਰੂ ਜੀ ਨੇ ਆਸ਼ੀਰਵਾਦ ਵਿਚ ਸ੍ਰੀ ਭਾਨੂੰ ਸ਼ੰਕਰ ਮਹਿਤਾ ਦੇ ਸ਼ਬਦਾਂ ਦੇ ਸੰਦਰਭ ਵਿਚ ਕਿਹਾ ਕਿ ਨੀਂਹ ਦਾ ਪੱਥਰ ਦਿਖਾਈ ਨਹੀਂ ਦਿੰਦਾ ਹੁੰਦਾ ਪਰ ਸਾਰਾ ਮਕਾਨ ਉਸ ਤੋਂ ਬਗੈਰ ਬਣ ਨਹੀਂ ਸਕਦਾ। ਏਨੇ ਸ਼ਬਦ ਕਹਿਣ ਦੀ ਦੇਰ ਸੀ ਕਿ ਫੇਰ ਤਾਲੀਆਂ ਦੀ ਗੜਗੜਾਹਟ ਪੈਦਾ ਹੋ ਗਈ। ਸਤਿਗੁਰੂ ਜੀ ਨੇ ਕਿਹਾ ਕਿ ਸਾਰੇ ਸੁਖ ਸੇਵਾ ਵਿਚ ਹੀ ਹਨ। ਆਪ ਜੀ ਨੇ ਇਸ ਆਯੋਜਨ ਵਿਚ ਪਧਾਰਨ ਵਾਸਤੇ ਡਾਢੀ ਖੁਸ਼ੀ ਪਰਗਟ ਕੀਤੀ ਅਤੇ ਸਮਾਗਮ ਦੀ ਨਿਰਵਿਘਨ ਸਫ਼ਲਤਾ ਲਈ ਆਸ਼ੀਰਵਾਦ ਦਿੱਤਾ। ਕਾਂਸ਼ੀ ਦੀ ਮੇਅਰ ਸ੍ਰੀਮਤੀ ਸਰੋਜ ਸਿੰਘ ਜੀ, ਸ੍ਰੀ ਮਹਿੰਦਰ ਸ਼ਾਹ ਬਜ਼ੁਰਗ ਕਲਾਕਾਰ, ਸਿਵਲ ਅਤੇ ਪੁਲਿਸ ਦੇ ਉਚ ਅਧਿਕਾਰੀ ਅਤੇ ਕਲਾਕਾਰਾਂ ਦੀ ਸ੍ਰੇਸ਼ਟ ਸੰਗਤ ਹਾਜ਼ਰ ਸੀ।

**ਸੁਰੇਸ਼ ਤਲਵਰਕਰ**

ਸੰਗੀਤ ਪ੍ਰੋਗਰਾਮ ਦਾ ਵਿਸ਼ੇਸ਼ ਪ੍ਰੋਗਰਾਮ ਸੀ ਪੰਡਤ ਸੁਰੇਸ਼ ਤਲਵਰਕਰ ਦਾ ਸੁਤੰਤਰ ਤਬਲਾ ਵਾਦਨ। ਪਡਿਤ ਕੰਠੇ ਮਹਾਰਾਜ ਜਿਹੇ ਮਹਾਂਪੁਰਖ ਦੀ ਯਾਦ ਵਿਚ ਸਚੀ ਸ਼ਰਧਾ ਤਾਂ ਤਬਲਾ ਵਾਦਨ ਹੀ ਸੀ। ਇਸ ਕਲਾਕਾਰ ਨੂੰ ਅਗੇ ਬੰਗਲੌਰ ਵਿਚ ਪੰਡਿਤ ਰਾਮ ਨਰਾਇਣ ਹੋਰਾਂ ਦਾ ਸਾਰੰਗੀ ਵਾਦਨ ਨਾਲ ਸੰਗੀਤ ਕਰਦਿਆਂ ਸੁਣਿਆ ਸੀ ਪਰ ਅੱਜ ਛਬੀ ਬਹੁਤ ਨਿਰਾਲੀ ਸੀ। ਪਹਿਲੀ ਵਾਰ ਇਕ ਨਵੇਂ ਸਟਾਈਲ ਵਿਚ ਤਬਲਾ ਵਾਦਨ ਸੁਣਿਆ ਸੀ। ਆਮ ਤੌਰ ਤੇ ਤਬਲਾ-ਵਾਦਨ ਨਾਲ ਇਕ ਹੋਰ ਸਾਜ਼ੀ ਹਾਰਮੋਨੀਅਮ, ਸਾਰੰਗੀ ਜਾਂ ਕਿਸੇ ਹੋਰ ਵਾਦਯ ਤੇ ਲਹਿਰਾ ਨਗਮਾ ਦਿੰਦਾ ਹੈ ਤੇ ਉਸ ਦੇ ਆਧਾਰ ਤੇ ਤਬਲਾ ਵਾਦਕ ਆਪਣੀ ਕਲਾ ਦਾ ਪ੍ਰਦਰਸ਼ਨ ਕਰਦਾ ਹੈ ਪਰ ਇਸ ਕਲਾਕਾਰ ਨੇ ਸਾਜ਼ ਦੇ ਨਗਮੇ ਦੇ ਥਾਂ ਗਾਇਨ ਦਾ ਨਗਮਾ ਰੱਖਿਆ। ਦੋ ਇਸਤਰੀ ਕਲਾਕਾਰ ਗਾਇਣ ਦੀ ਸਥਾਈ ਮੁਖੋਂ ਉਚਾਰਦੇ ਰਹਿੰਦੇ ਸਨ ਅਤੇ ਤਬਲਾ ਵਾਦਕ ਆਪਣੀ ਕਲਾ ਦੇ ਜੌਹਰ ਦਿਖਾਉਂਦਾ ਸੀ। ਬਾਕੀ ਸਾਜ਼ ਤਾਨਪੂਰੇ ਹਾਰਮੋਨੀਅਨ ਵੀ ਨਾਲ ਸਨ। ਤਾਲ ਦੀਪ ਚੰਦੀ ਵਿਚ ਗਾਇਕਾਵਾਂ ਨੇ ਉਚਾਰਨ ਕੀਤਾ "ਸੁਮਰਿਨ ਕਰੋ ਗਣਪਤੀ ਗਣੇਸ਼" ਉਹ ਇਹੋ ਹੀ ਬੰਦਿਸ਼ ਗਾਈ ਜਾਂਦੀਆਂ ਸਨ ਅਤੇ ਪੰਡਿਤ ਤਲਵਰਕਰ ਆਪਣੇ ਤਬਲੇ 'ਚੋਂ ਅਨੇਕਾਂ ਪਰਕਾਰ ਦੀਆਂ ਤਾਲ ਰਚਨਾਵਾਂ ਅਤੇ ਲੈਅਕਾਰੀਆਂ ਪੇਸ਼ ਕਰੀ ਜਾ ਰਹੇ ਸਨ। ਫੇਰ ਉਹਨਾਂ ਝਪ ਤਾਲ ਸ਼ੁਰੂ ਕੀਤਾ। ਗਾਇਣ ਸੀ "ਸ਼ਾਮ ਛਬੀ ਅਤੀ ਬਣੀ।" ਉਹਨਾਂ ਨਾਲ ਇਕ ਹੋਰ ਤਬਲਾ ਵਾਦਕ ਸ਼ਾਇਦ ਭਰਾ ਹੀ, ਸਤਜੀਤ ਤਲਵਰਕਰ ਤਬਲਾ ਵਜਾ ਰਿਹਾ ਸੀ। ਇਸ ਤਰ੍ਹਾਂ ਤਬਲੇ ਦੀ ਸੁਤੰਤਰ ਵਾਦਨ ਅਤੇ ਤਬਲੇ ਦੀ ਯੁਗਲਬੰਦੀ ਵੀ ਹੋ ਰਹੀ ਸੀ। ਅਤੀਤ-ਸਮ ਬਾਦ ਸਮ ਅਤੇ ਕਈ ਚਕਰਦਾਰ ਰਚਨਾਵਾਂ ਉਹਨਾਂ ਸੁਣਾਈਆਂ। ਧੁਰ ਹਿਰਦੇ ਨੂੰ ਅੰਦੋਲਿਤ ਕਰਦਾ ਤਬਲਾਵਾਦਨ ਸੀ।

**ਬਿਰਜੂ ਮਹਾਰਾਜ**

ਸ਼ਾਸਤਰੀ ਨ੍ਰਿਤ ਦੇ ਖੇਤਰ ਵਿਚ ਪੰਡਿਤ ਬਿਰਜੂ ਮਹਾਰਾਜ ਦਾ ਕੋਈ ਸਾਨੀ ਨਹੀਂ ਸੰਪੂਰਨ ਸੰਗੀਤ ਉਹਨਾਂ ਦੇ ਨ੍ਰਿਤ ਵਿਚ ਹੁੰਦਾ ਹੈ। ਮੂਲ ਰੂਪ ਵਿਚ ਉਹ ਬਨਾਰਸ ਦੇ ਹੀ ਹਨ। ਹੁਣ ਉਹਨਾਂ ਦਾ ਨ੍ਰਿਤ ਸੀ ਅਤੇ ਕਿਸ਼ਨ ਮਹਾਰਾਜ ਦੀ ਤਬਲਾ ਸੰਗਤ। ਬੇਜੋੜ ਜੋੜ ਸੀ। ਬਿਰਜੂ ਮਹਾਰਾਜ ਨੇ ਨ੍ਰਿਤ ਦੇ ਹਰ ਖੇਤਰ ਵਿਚ ਵਿਸ਼ੇਸ਼ ਨਿਪੁਨਤਾ ਹਾਸਲ ਕੀਤਾ ਹੈ ਅਤੇ ਕਿਸ਼ਨ ਮਹਾਰਾਜ ਦੀ ਤਬਲੇ ਤੇ ਲੈਅਕਾਰੀ ਕਾਂਟ ਛਾਂਟ, ਵੰਡ ਵੰਡਾਈ, ਤਿਹਾਈਆਂ ਅਤੇ ਤਬਲੇ ਦੇ ਭਰਵੇਂ ਬੋਲਾਂ ਦੀ ਵਿਸ਼ੇਸ਼ਤਾਈ ਦੀਆਂ ਸਿਖਰਾਂ ਨੂੰ ਹੋਰ ਕੋਈ ਪਾਰ ਨਹੀਂ ਕਰ ਸਕਿਆ। ਬਜ਼ੁਰਗੀ ਦੀ ਉਮਰ ਵਿਚ ਵੀ ਉਹਨਾਂ ਦੀਆਂ ਜ਼ੋਰਦਾਰ ਥਾਪਾਂ ਜਵਾਨੀ ਅਤੇ ਬਜ਼ੁਰਗੀ ਦੇ ਫਰਕ ਨੂੰ ਕਟ ਰਹੀਆਂ ਸਨ। ਸਚਮੁੱਚ ਹੀ ਬਿਰਜੂ ਮਹਾਰਾਜ ਦਾ ਨ੍ਰਿਤ ਉਹਨਾਂ ਦੇ ਆਪਣੇ ਸ਼ਬਦਾਂ ਦੇ ਪਰਸੰਗ ਵਿਚ "ਘੁੰਗਰੂ ਕੀ ਕਲਮ ਸੇ ਚਿਤਰ ਕਾਟਨਾ" ਵਾਲੀ ਗੱਲ ਸੀ ਅਤੇ ਬਹੁਤ ਸੁੰਦਰ ਬਹੁਤ ਖੂਬਸੂਰਤ ਚਿਤਰ ਉਹਨਾਂ ਘੁੰਗਰੂਆਂ ਦੀ ਕਲਮ ਨਾਲ ਬਣਾਏ। ਉਹ ਨਾਲ ਨਾਲ ਸੰਗੀਤ ਦੇ ਫਲਸਫੇ ਦੀ ਥੋਹੜੀ ਵਿਆਖਿਆ ਵੀ ਕਰ ਰਹੇ ਸਨ। ਤਿੰਨ ਤਾਲ ਸੋਲਾ ਮਾਤਾਂ ਦੇ ਤਾਲ ਨੂੰ ਸਖੀਆਂ ਅਤੇ ਕ੍ਰਿਸ਼ਨ ਮਹਾਰਾਜ ਦੀ ਸੰਗਿਆ ਦਿੱਤੀ। ਜਿਵੇਂ ਸੋਲਾਂ ਸਖੀਆਂ ਕ੍ਰਿਸ਼ਨ ਨੂੰ ਫੜ ਰਹੀਆਂ ਹਨ ਉਵੇਂ ਸੋਲਾਂ ਮਾਤਰਾਵਾਂ 'ਸਮ' ਨੂੰ ਫੜਣਗੀਆਂ। ਉਹਨਾਂ ਲੈਅ ਤਾਲ ਦੀਆਂ ਆਕ੍ਰਿਤੀਆਂ ਦੀ ਝੜੀ ਲਾ ਦਿੱਤੀ। ਪ੍ਰੋਗਰਾਮ ਸਵੇਰ ਤਕ ਚਲਦਾ ਰਿਹਾ ਪਰ ਬਿਰਜੂ ਮਹਾਰਾਜ ਦੇ ਨ੍ਰਿਤ ਨਾਲ ਅਧੀ ਰਾਤ ਬਾਦ ਅਸੀਂ ਡੇਰੇ ਆ ਗਏ। ਪਤਾ ਲੱਗਾ ਬਾਅਦ ਵਿਚ ਉਸਤਾਦ ਰਸ਼ੀਦ ਖ਼ਾਂ ਦਾ ਵਧੀਆ ਗਾਣਾ ਹੋਇਆ ਸੀ।



Namdhari Elibrary NamdhariElibrary@gmail.com

ਸਤਾਰਾਂ ਦਸੰਬਰ ਦੀ ਸ਼ਾਮ ਨੂੰ ਫੇਰ ਭਰਪੂਰ ਮੇਲਾ ਸੀ। ਸਤਿਗੁਰੂ ਜੀ ਦਾ ਫੇਰ ਵਿਧੀਵਤ ਸੁਆਗਤ, ਫੇਰ ਸਿੰਘਾਸਨ ਤੇ ਸਨਮਾਨਤ ਆਸਨ। ਅੱਜ ਇਲਾਹਾਬਾਦ ਦੇ ਵਾਇਲਨ ਕਲਾਕਾਰ ਸ੍ਰੀ ਸੰਤੋਸ਼ ਕੁਮਾਰ ਨਾਹਰ ਅਤੇ ਸਿਤਾਰ ਵਾਦਕ ਨਰਿੰਦਰ ਮਿਸ਼ਰਾ ਦੀ ਯੁਗਲਬੰਦੀ ਸੀ। ਤਬਲਾ ਸੰਗਤ ਰਾਜ ਕੁਮਾਰ ਨਾਹਰ ਕਰ ਰਹੇ ਸਨ। ਇਹਨਾਂ ਵਕਤ ਦਾ ਰਾਗ ਯਮਨ ਬਹੁਤ ਖੂਬੀ ਨਾਲ ਵਜਾਇਆ। ਅਲਾਹਾਬਾਦ ਅਤੇ ਵਾਇਲਿਨ ਨਾਲ ਮੇਰੀ ਭਾਵੁਕ ਸਾਂਝ ਵੀ ਹੈ। ਕਿਸੇ ਜ਼ਮਾਨੇ ਵਿਚ ਮੇਰਾ ਸਾਜ਼ ਵਾਇਲਿਨ ਹੁੰਦਾ ਸੀ ਅਤੇ ਮੇਰੇ ਸੰਗੀਤ ਗੁਰੂ ਸ੍ਰੀ ਗੁਰੂ ਪ੍ਰਸਾਦਿ ਸ਼ਰਮਾ ਅਲਾਹਬਾਦ ਦੇ ਹੀ ਰਹਿਣ ਵਾਲੇ ਸਨ। ਪ੍ਰੋਗਰਾਮ ਬਾਦ ਸ੍ਰੀ ਸੰਤੋਸ਼ ਨਾਹਰ ਨੂੰ ਜਦੋਂ ਮੈਂ ਪੰਡਿਤ ਗੁਰੂ ਪਰਸ਼ਾਦ ਸ਼ਰਮਾ ਬਾਰੇ ਪੁੱਛਿਆ ਤਾਂ ਉਹ, ਉਹਨਾਂ ਨੂੰ ਜਾਣਦੇ ਹੀ ਸਨ।

**ਉਸਤਾਦ ਅਲੀ ਅਕਬਰ**

ਅੱਜ ਗਾਣੇ ਅਤੇ ਨ੍ਰਿਤ ਦੇ ਹੋਰ ਪ੍ਰੋਗਰਾਮ ਵੀ ਹੋਏ ਪਰ ਮੁੱਖ ਆਕਰਸ਼ਨ ਉਸਤਾਦ ਅਲੀ ਅਕਬਰ ਖਾਂ ਸਾਹਿਬ ਦੀ ਸਰੋਦ ਸੀ ਅਤੇ ਉਹਨਾਂ ਦਾ ਸਨਮਾਨ।

ਉਸਤਾਦ ਅਲੀ ਅਕਬਰ ਖਾਂ ਆਪਣੇ ਆਪ ਵਿਚ ਸੰਗੀਤ ਦੀ ਅਹਿਮ ਹਸਤੀ ਹਨ। ਆਪ ਦੇ ਪਿਤਾ ਸ੍ਰੀ ਉਸਤਾਦ ਅਲਾਉਦੀਨ ਖਾਂ ਮੇਹਰ ਵਾਲੇ ਸੰਗੀਤ ਵਿਚ ਇਕ ਸੂਰਜ ਵਾਂਗ ਸਥਾਪਤ ਨਾਮ ਹੈ। ਉਹ ਮਸ਼ਹੂਰ ਸਿਤਾਰ ਵਾਦਕ ਪੰਡਿਤ ਰਵੀ ਸ਼ੰਕਰ ਦੇ ਵੀ ਗੁਰੂ ਸਨ। ਅਲੀ ਅਕਬਰ ਖਾਂ ਸਾਹਿਬ ਅਤੇ ਪੰਡਿਤ ਰਵੀ ਸ਼ੰਕਰ ਦੀਆਂ ਯੁਗਲਬੰਦੀਆਂ ਜਲੰਧਰ ਦੇ ਹਰਬਲਭ ਮੇਲੇ ਦੀਆਂ ਅਤਿ ਹੁਸੀਨ ਯਾਦਾਂ ਵਿਚੋਂ ਹਨ। ਦੱਸਿਆ ਗਿਆ ਕਿ ਉਸਤਾਦ ਸਾਹਿਬ ਵੀਹ ਸਾਲਾਂ ਬਾਦ ਬਨਾਰਸ ਆਏ ਹਨ। ਵੈਸੇ ਵੀ ਉਹ ਜ਼ਿਆਦਾ ਸਮਾਂ ਅਮਰੀਕਾ ਵਿਚ ਹੀ ਰਹਿੰਦੇ ਹਨ। ਉਸਤਾਦ ਜੀ ਬਹੁਤ ਸਾਦੇ ਰਹਿਣ ਸਹਿਣ ਵਾਲੇ ਵਿਅਕਤੀ ਹਨ ਅਤੇ ਸਾਰਾ ਸਮਾਂ ਬਹੁਤ ਆਜਜ਼ੀ ਨਾਲ ਸਤਿਗੁਰੂ ਜੀ ਦੇ ਕੋਲ ਬੈਠੇ ਰਹੇ।

ਉਸਤਾਦ ਜੀ ਦੇ ਮਾਨ ਵਿਚ ਸਨਮਾਨ ਪੱਤਰ ਪੜ੍ਹਿਆ ਗਿਆ ਅਤੇ ਵਿਧੀਵਤ ਰੂਪ ਵਿਚ ਸਤਿਗੁਰੂ ਜੀ ਦੇ ਪਾਵਨ ਕਰ ਕਮਲਾਂ ਨਾਲ ਇਹ ਸਨਮਾਨ ਉਸਤਾਦ ਅਲੀ ਅਕਬਰ ਸਾਹਿਬ ਨੂੰ ਬਖਸ਼ ਦਿੱਤਾ ਗਿਆ। ਇਸ ਸਮੇਂ ਬੋਲਦਿਆਂ ਸਤਿਗੁਰੂ ਜੀ ਨੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਯਾਦ ਕਰਦਿਆਂ ਸੰਗੀਤ ਪ੍ਰਤੀ ਉਹਨਾਂ ਦੇ ਯੋਗਦਾਨ ਨੂੰ ਯਾਦ ਕੀਤਾ। ਉਸਤਾਦ ਸਾਹਿਬ ਨੂੰ ਉਹਨਾਂ ਆਮੰਤ੍ਰਿਤ ਕੀਤਾ ਕਿ ਉਹ ਸ੍ਰੀ ਭੈਣੀ ਸਾਹਿਬ ਵੀ ਕਦੇ ਆਉਣ। ਇਸਦੇ ਨਾਲ ਫੇਰ ਆਪ ਜੀ ਨੇ ਸੰਮੇਲਨ ਦੀ ਸਫਲਤਾ ਲਈ ਆਸ਼ੀਰਵਾਦ ਦਿੱਤਾ। ਅੱਧੀ ਰਾਤ ਤੋਂ ਉਤੇ ਸਮਾਂ ਹੋ ਗਿਆ ਸੀ ਅਤੇ ਉਸਤਾਦ ਸਾਹਿਬ ਨੇ ਰਾਗ ਬਾਗੇਸ਼ਰੀ ਕਾਨੜਾ ਵਿਚ ਸਰੋਦ ਦੀਆਂ ਟੁਣਕਾਰਾਂ ਕੱਢਣੀਆਂ ਸ਼ੁਰੂ ਕੀਤੀਆਂ। ਤਬਲਾ ਸੰਗਤ ਪੰਡਿਤ ਕਿਸ਼ਨ ਮਹਾਰਾਜ ਦੀ ਸੀ ਅਤੇ ਫੇਰ ਚਲ ਸੋ ਚਲ...

**ਸਮਾਪਤੀ**

੧੮ ਦਸੰਬਰ ਨੂੰ ਅੰਮ੍ਰਿਤ ਵੇਲੇ ਸੰਤ ਹਰਬੰਸ ਸਿੰਘ ਘੁੱਲਾ ਸੰਤ ਸ਼ੇਰ ਸਿੰਘ ਨੇ ਆਸਾ ਦੀ ਵਾਰ ਦਾ ਕੀਰਤਨ ਆਰੰਭ ਦਿੱਤਾ। ਭੋਗ ਉਪਰੰਤ ਪਾਠਾਂ ਦੇ ਭੋਗ ਪਾਏ ਗਏ ਅਤੇ ਮੇਲੇ ਦੀ ਸਮਾਪਤੀ ਦੀ ਅਰਦਾਸ ਕੀਤੀ ਗਈ।

ਇਹਨਾਂ ਪੰਜ ਛੇ ਦਿਨਾਂ ਵਿਚ ਸਰਗਰਮੀਆਂ ਦਾ ਗਾਹੜ ਏਨਾ ਸੀ ਕਿ ਇਸ ਦੀ ਰਿਪੋਰਟ ਲਿਖਣੀ ਕਠਨ ਕਾਰਜ ਹੈ। ਬਹੁਤ ਕੁਝ ਹੀ ਰਹਿ ਗਿਆ ਹੈ ਲਿਖਣੋਂ ਫੇਰ ਵੀ ਰਿਪੋਰਟ ਲੰਬੀ ਹੀ ਜਾਪੇਗੀ। ਪਰ ਅਸਲ ਵਿਚ ਜੋ ਕੁਝ ਹੋਇਆ ਉਸਦੇ ਮੁਕਾਬਲੇ ਛੋਟੀ ਹੀ ਹੈ। ਪਹਿਲੀ ਗੱਲ ਤਾਂ ਇਹ ਕਿ ਸਾਰੇ ਭਰਾਵਾਂ ਸ. ਜਸਵੰਤ ਸਿੰਘ, ਸ. ਸਤਵੰਤ ਸਿੰਘ, ਸ. ਮਨਜੀਤ ਸਿੰਘ ਹੋਰਾਂ ਨੇ ਸਹਿਤ ਆਪਣੇ ਪਰਵਾਰਾਂ ਦੇ ਇਕ ਜਾਨ ਹੋ ਕੇ ਇਸ ਕਾਰਜ ਨੂੰ ਦੂਸਰੇ ਸਾਲ ਵੀ ਸਿਰੇ ਚਾੜ੍ਹਿਆ ਹੈ ਅਤੇ ਇਸ ਵਾਸਤੇ ਲੋੜੀਂਦੀ ਅਣਗਿਣਤ ਮਾਇਆ ਨੂੰ ਖਰਚਣ ਤੋਂ ਜ਼ਰਾ ਵੀ ਸੰਕੋਚ ਨਹੀਂ ਕੀਤਾ। ਪੂਰਾ ਪਰਿਵਾਰ ਮਾਈਆਂ ਬੀਬੀਆਂ ਸਮੇਤ ਹੱਥੀਂ ਸੇਵਾ ਕਰਨ ਵਿਚ ਰੁਝੇ ਰਹੇ। ਭਾਵੇਂ ਲੰਗਰ ਪਕਾਉਣ ਵਾਸਤੇ ਲਾਂਗਰੀ ਗੁਰਨਾਮ ਸਿੰਘ, ਨਿਸ਼ਾਨ ਸਿੰਘ ਅਤੇ ਉਹਨਾਂ ਦੇ ਸਾਥੀ ਗਏ ਸਨ ਪਰ ਦਿਨ ਰਾਤ ਚਲਦੇ ਲੰਗਰ ਨੂੰ ਵਰਤਾਉਣ ਅਤੇ ਹਰ ਪ੍ਰਕਾਰ ਦੇ ਪਦਾਰਥ ਨੂੰ ਉਪਲਬਧ ਕਰਨ ਅਤੇ ਜੂਠੇ ਭਾਂਡੇ ਮਾਜਣ ਦੀ ਜੋ ਸੇਵਾ ਮਾਈਆਂ ਬੀਬੀਆਂ ਕੀਤੀ ਉਹ ਬਹੁਤ ਸਲਾਹੁਣਯੋਗ ਕਾਰਜ ਸੀ।

ਲੰਗਰ ਵਿਚ ਅਨੇਕਾਂ ਪ੍ਰਕਾਰ ਦੇ ਪਦਾਰਥ ਬਣਦੇ ਰਹੇ। ਥਾਓਂ-ਥਾਈਂ ਰਹਿਣ ਦੇ ਟਿਕਾਣਿਆਂ ਦਾ ਸ਼ਾਨਦਾਰ ਪ੍ਰਬੰਧ ਸੀ। ਸਾਧ ਸੰਗਤ ਦਿੱਲੀ, ਲੁਧਿਆਣਾ, ਲਖਨਊ, ਡਾਲਟੰਨ ਗੰਜ, ਥਾਈਲੈਂਡ ਅਤੇ ਹੋਰ ਥਾਵਾਂ ਤੋਂ ਪੁੱਜੀ ਹੋਈ ਸੀ। ਬਨਾਰਸ ਦੀਆਂ ਅਖਬਾਰਾਂ ਵਲੋਂ ਸਤਿਗੁਰੂ ਜੀ ਦੇ ਸਾਰੇ ਪ੍ਰੋਗਰਾਮਾਂ ਦੀ ਭਰਵੀਂ ਕਵਰੇਜ ਕੀਤੀ ਗਈ ਸਹਿਤ ਤਸਵੀਰਾਂ ਦੇ।

ਇਕ ਸਵੇਰ ਦਾ ਕੀਰਤਨ ਸੰਤ ਜਸਪਾਲ ਸਿੰਘ ਦੀ ਫੈਕਟਰੀ ਹੋਇਆ। ਇਹ ਸੇਵੀਆਂ ਬਣਾਉਂਦੇ ਹਨ ਅਤੇ ਲੰਗਰ ਵੀ ਸੇਵੀਆਂ ਦਾ ਹੀ ਕੀਤਾ। ਇਕ ਦੀਵਾਨ ਸ. ਜਸਮੀਤ ਸਿੰਘ ਦੇ ਘਰ ਲੱਗਾ। ਬਨਾਰਸ ਵਿਚ ਸੰਗਤ ਬਹੁਤ ਥੋੜ੍ਹੀ ਹੈ, ਪਰ ਕੰਮ ਬਹੁਤ ਵੱਡਾ ਕੀਤਾ ਹੈ। ਸਾਰੇ ਸ਼ਹਿਰ ਵਿਚ ਹੀ ਨਹੀਂ, ਸਗੋਂ ਪ੍ਰਦੇਸ਼ ਵਿਚ ਵੀ ਇਸ ਕਾਰਜ ਦੀਆਂ ਧੁੰਮਾਂ ਹਨ ਅਤੇ ਲਗਭਗ ਇਹ ਸਥਾਈ ਮੇਲਾ ਹੀ ਬਣ ਗਿਆ ਹੈ।



Namdhari Elibrary NamdhariElibrary@gmail.com

# ਇਸੇ ਬਹਾਨੇ ਹੀ ਸਹੀ...

*—ਬਲਦੇਵ ਮਾਧੋਪੁਰੀ*



ਸ੍ਰੀ ਭੈਣੀ ਸਾਹਿਬ ਦੇ ਦੋ ਮੇਲੇ ਬੜੇ ਮਸ਼ਹੂਰ ਹਨ-ਇਕ ਅੱਸੂ ਦੇ ਜਪ ਪ੍ਰਯੋਗ ਦਾ ਅਤੇ ਦੂਜਾ ਹੋਲੇ ਦਾ। ਬੇਸ਼ੁਮਾਰ ਸੰਗਤਾਂ ਇਨ੍ਹਾਂ ਮੇਲਿਆਂ ਵਿਚ ਸ਼ਾਮਲ ਹੁੰਦੀਆਂ ਹਨ। ਤੇ ਆਪਣੇ ਸਤਿਸੰਗੀਆਂ ਨਾਲ ਮੇਲ-ਮਿਲਾਪ ਕਰਦੀਆਂ ਹਨ। ਆਪਣੇ ਰਹਿਬਰ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਰਸ਼ਨ ਕਰਕੇ ਨਿਹਾਲ ਹੁੰਦੀਆਂ ਹਨ। ਜਪ-ਪ੍ਰਯੋਗ ਦਾ ਮੇਲਾ ਅੱਸੂ ਦੀ ਸੰਗਰਾਂਦ ਤੋਂ ਸ਼ੁਰੂ ਹੋ ਕੇ ਕੱਤਕ ਦੀ ਸੰਗਰਾਂਦ ਤਕ ਪੂਰਾ ਇਕ ਮਹੀਨਾ ਚਲਦਾ ਹੈ। ਪਰ ਅਖੀਰਲੇ ਚਾਰ ਦਿਨ ਆਮ ਸੰਗਤਾਂ ਵੀ ਆਪਣੀ ਹਾਜ਼ਰੀ ਲੁਆਉਂਦੀਆਂ ਹਨ। ਸਭ ਸੰਗਤਾਂ ਦੀ ਇਹ ਦਿਲੀ-ਇੱਛਾ ਹੁੰਦੀ ਹੈ ਕਿ ਰੋਜ਼ ਪ੍ਰਭਾਤ ਵੇਲੇ ਉਠ ਕੇ ਆਸਾ ਦੀ ਵਾਰ ਸੁਣੀ ਜਾਏ ਤੇ ਦੁਪਹਿਰ ਨੂੰ ਨਿੱਤ-ਨੇਮ ਵਿਚ ਸ਼ਾਮਲ ਹੋਇਆ ਜਾਏ ਤੇ ਸਤਿਗੁਰੂ ਜੀ ਵਲੋਂ ਦਿੱਤੇ ਭਜਨ ਦਾ ਸਿਮਰਨ ਕੀਤਾ ਜਾਏ। ਬਾਕੀ ਟਾਈਮ ਦੀਵਾਨ ਵਿਚ ਜਾ ਕੇ ਗੁਰ-ਇਤਿਹਾਸ ਸੁਣਿਆ ਜਾਏ। ਇਸ ਤਰ੍ਹਾਂ ਇਹ ਪ੍ਰੋਗਰਾਮ ਲਗਾਤਾਰ ਤਿੰਨ ਦਿਨ ਚੱਲਿਆ ਰਹਿੰਦਾ ਹੈ। ਤੇ ਚੌਥੇ ਦਿਨ ਸਾਝਰੇ ਹੀ ਅਨੰਦ ਕਾਰਜਾਂ ਤੋਂ ਬਾਅਦ ਮੇਲੇ ਦੀ ਸਮਾਪਤੀ ਹੋ ਜਾਂਦੀ ਹੈ।

ਪੰਦਰਾਂ ਕੁ ਸਾਲ ਤਾਂ ਹੋ ਹੀ ਗਏ ਹਨ ਮੈਨੂੰ ਵੀ ਸ੍ਰੀ ਭੈਣੀ ਸਾਹਿਬ ਜਾਂਦਿਆਂ ਮੇਲਿਆਂ ਤੇ। ਪਰ ਮੈਂ ਕਿਸੇ ਹੋਰ ਬਹਾਨੇ ਨਾਲ ਜਾਂਦਾ ਹਾਂ। ਉਹ ਹੈ ਵਰਿਆਮ ਮੈਗਜ਼ੀਨ ਦਾ ਮੇਲੇ ਵਿਚ ਸਟਾਲ ਲਾਉਣਾ, ਤੇ ਚੰਦੇ ਇਕੱਠੇ ਕਰਨੇ ਤੇ ਨਵੇਂ ਮੈਂਬਰ ਬਣਾਉਣੇ।

ਹੁਣ ਮਨ ਵਿਚ ਮੇਰੇ ਵੀ ਹੁੰਦਾ ਹੈ ਕਿ ਮੈਂ ਵੀ ਸਤਿਗੁਰਾਂ ਦੇ ਦਰਸ਼ਨ ਕਰਾਂ। ਸਾਰੀ ਦਿਹਾੜੀ ਤਾਂ ਕੰਮ ਵਿਚੋਂ ਵਿਹਲ ਨਹੀਂ ਮਿਲਦੀ। ਪਰ ਇਕ ਸਮਾਂ ਜ਼ਰੂਰ ਵਿਹਲਾ ਹੁੰਦਾ ਹੈ, ਸਵੇਰੇ ਆਸਾ ਦੀ ਵਾਰ ਵਿਚ ਸਤਿਗੁਰਾਂ ਦੇ ਦਰਸ਼ਨ ਕਰਨ ਲਈ। ਮੇਰਾ ਡੇਰਾ ਹਰ ਵਾਰੀ ਦਿੱਲੀਓਂ ਆਏ ਸਤਿਜੁਗ ਵਾਲੇ ਦੋ ਬੰਦਿਆਂ ਨਾਲ ਹੁੰਦਾ ਹੈ। ਇਕ ਤਾਂ ਪੱਕਾ ਨਾਮਧਾਰੀ ਹੈ (ਭਾਵੇਂ ਉਹ ਰਾਜਸਥਾਨੀ ਹੈ) ਤੇ ਦੂਜਾ ਮੇਰੇ ਵਾਂਗ ਹੀ ਹੈ। ਉਸਨੂੰ ਮੈਂ ਕਹਿਨਾ ਹੁੰਨਾ, "ਦੇਖ ਸੰਗਤਾਂ ਕਿਥੋਂ ਕਿਥੋਂ ਆ ਕੇ ਟਾਈਮ ਨਾਲ ਸਤਿਗੁਰੂ ਜੀ ਨੂੰ ਮੱਥਾ ਟੇਕ ਲੈਂਦੀਆਂ ਹਨ, ਕੀ ਆਪਾਂ ਨਹੀਂ ਟੇਕ ਸਕਦੇ? ਫਿਰ ਹੰਭਲਾ ਮਾਰ ਕੇ ੫ ਕੁ ਵਜੇ ਉਠੀਦਾ ਹੈ ਤੇ ਤਿਆਰ ਹੋ ਕੇ ਲਾਈਨ ਵਿਚ ਲੱਗ ਕੇ ਦਰਸ਼ਨ ਕਰੀਦੇ ਹਨ। ਉਹ ਬੰਦਾ ਚਾਰ ਦਿਨਾਂ ਵਿਚੋਂ ਇਕ ਦਿਨ ਤਾਂ ਜ਼ਰੂਰ ਕਹਿ ਦੇਂਦਾ ਹੈ- "ਆਪ ਜਾਈਏ, ਮੈਂ ਤੋ ਦੁਪਹਿਰ ਕੋ ਜਾਊਂਗਾ ਦਰਸ਼ਨ ਕਰਨੇ ਕੇ ਲੀਏ।"

ਇਸ ਤਰ੍ਹਾਂ ਕਰਕੇ "ਬਿਨ ਭਾਗਾਂ ਸਤਿਸੰਗ ਨਾ ਲੱਭੈ", ਵਾਲੀ ਗੱਲ ਹੈ। ਦੂਰੋਂ ਸਤਿਗੁਰੂ ਦੇ ਦਰਸ਼ਨ ਤਾਂ ਤਕਰੀਬਨ ਹਰ ਮੇਲੇ ਤੇ ਕਰ ਲਈਦੇ ਹਨ, ਪਰ ਅੱਜ ਤਕ ਨੇੜਿਓਂ ਹੋ ਕੇ ਸਿਰਫ ਦੋ ਵਾਰ ਹੀ ਦਰਸ਼ਨ ਕੀਤੇ ਹਨ, ਉਹ ਕਦੋਂ—

ਇਕ ਵਾਰ ਸ. ਜਗਦੀਸ਼ ਸਿੰਘ ਹੋਰੀਂ ਮੇਲੇ ਦੇ ਲਾਗੇ-ਚਾਗੇ ਬਹੁਤ ਬਿਮਾਰ ਹੋ ਗਏ ਸਨ ਤੇ ਮੇਲੇ ਤੇ ਜਾਣ ਦੀ ਕੋਈ ਉਮੀਦ ਨਹੀਂ ਸੀ, ਪਰ ਸਤਿਗੁਰੂ ਜਗਜੀਤ ਸਿੰਘ ਜੀ ਸੱਚੇ ਪਾਤਸ਼ਾਹ ਦੀ ਮਿਹਰ ਸਦਕਾ ਉਹ ਅੱਧੇ ਤੋਂ ਜ਼ਿਆਦਾ ਠੀਕ ਹੋ ਗਏ ਤੇ ਮੇਲੇ ਜਾਣ ਵਾਸਤੇ ਖੂੰਡੀ ਫੜ ਕੇ ਤਿਆਰ ਹੋ ਗਏ। ਕੁਦਰਤੀ ਗੱਲ ਹੈ-ਬਿਮਾਰ ਬੰਦੇ ਨੂੰ ਆਸਰੇ ਦੀ ਲੋੜ ਹੁੰਦੀ ਹੈ। ਉਥੇ ਜਾ ਕੇ ਉਨ੍ਹਾਂ ਮੈਨੂੰ ਕਿਹਾ- ਤੂੰ ਵੀ ਮੇਰੇ ਨਾਲ ਚੱਲ...ਆਪਾਂ ਸਤਿਗੁਰੂ ਜੀ ਨੂੰ ਵਰਿਆਮ ਭੇਟ ਕਰਨਾ ਹੈ। ਮੈਂ ਅੰਦਰੋਂ ਬਹੁਤ ਖੁਸ਼ ਸਾਂ ਕਿ ਇਸ ਵਾਰ ਮੌਕਾ ਮਿਲ ਗਿਆ! ਕੋਲ ਹੋ ਕੇ ਤੱਕਾਂਗਾ। ਅਕੈਡਮੀ ਵਿਚ ਸਤਿਗੁਰੂ ਜੀ ਬਿਰਾਜਮਾਨ ਸਨ ਤੇ ਆਸਾ ਦੀ ਵਾਰ ਲੱਗੀ ਹੋਈ ਸੀ। ਖੂੰਡੀ ਫੜ ਕੇ ਹੌਲੀ ਹੌਲੀ ਵਰਿਆਮ ਜੀ ਪੌੜੀਆਂ ਚੜ੍ਹ ਰਹੇ ਸਨ...ਤੇ ਮੈਂ ਵੀ ਉਨ੍ਹਾਂ ਦੇ ਨਾਲ ਨਾਲ ਚੜ੍ਹ ਰਿਹਾ ਸੀ। ਸਟੇਜ ਤੇ ਪਹੁੰਚ ਕੇ ਬੜੀ ਨਿਮਰਤਾ ਦੇ ਨਾਲ ਅਸੀਂ ਦੋਨੋਂ ਸਤਿਗੁਰੂ ਜੀ ਦੇ ਸਨਮੁਖ ਹੋਏ ਤੇ ਵਰਿਆਮ ਮੈਗਜ਼ੀਨ ਗੁਰੂ ਜੀ ਨੂੰ ਭੇਟ ਕੀਤਾ। ਉਨ੍ਹਾਂ ਆਪਣੀ ਮਿਹਰ ਦੀ ਨਜ਼ਰ ਨਾਲ ਤੱਕਿਆ ਤੇ ਆਪਣੇ ਕਰ-ਕਮਲਾਂ ਨਾਲ ਮੈਗਜ਼ੀਨ ਫੜ ਲਿਆ। ਪਹਿਲਾਂ ਵਰਿਆਮ ਹੋਰੀਂ ਹੌਲੇ-ਹੌਲੇ ਮੱਥਾ ਟੇਕਿਆ ਤੇ ਫੇਰ ਮੈਂ ਵੀ ਆਪਣੇ ਅਤਿਭਾਗ ਸਮਝਦੇ ਹੋਏ ਨੇ ਮੱਥਾ ਟੇਕ ਦਿੱਤਾ। ਤੇ ਫਿਰ ਵਾਪਸ ਸਟੇਜ ਤੇ ਬੈਠੀ ਸੰਗਤ ਵਿਚ ਜਾ ਕੇ ਬੈਠ ਗਏ।



Namdhari Elibrary NamdhariElibrary@gmail.com

ਇਹ ਪਹਿਲਾ ਮੌਕਾ ਸੀ ਜਦੋਂ ਮੈਂ ਸਤਿਗੁਰੂ ਜੀ ਨੂੰ ਕੋਲ ਹੋ ਕੇ ਮੱਥਾ ਟੇਕਿਆ ਸੀ, ਫੋਟੋਗ੍ਰਾਫਰ ਨੇ ਫੋਟੋ ਤਾਂ ਜ਼ਰੂਰ ਖਿੱਚੀ, ਪਰ ਮੇਰੀ ਫੋਟੋ ਜਗਦੀਸ਼ ਸਿੰਘ ਦੇ ਓਹਲੇ ਹੋ ਗਈ ਤੇ ਮਾੜੀ ਜਿਹੀ ਹੀ ਆਈ।

ਇਕ ਵਾਰ ਫੇਰ ਕਿਸੇ ਮੇਲੇ ਤੇ ਦੁਪਹਿਰ ਦੇ ਨਿੱਤ ਨੇਮ ਵਿਚ ਕੋਲੋਂ ਹੋ ਕੇ ਦਰਸ਼ਨ ਕਰਨ ਦਾ ਮੌਕਾ ਮਿਲਿਆ। ਉਹ ਇਵੇਂ ਕਿ ਅਜੇ ਅਸੀਂ ਦੁਪਹਿਰ ਨੂੰ ਸ੍ਰੀ ਭੈਣੀ ਸਾਹਿਬ ਪਹੁੰਚੇ ਹੀ ਸਾਂ, ਤਾਂ ਪਤਾ ਲੱਗਾ ਨਿੱਤ-ਨੇਮ ਚਲ ਰਿਹਾ ਹੈ। ਭਾਜੀ ਕਹਿੰਦੇ-ਬਾਕੀ ਕੰਮ ਬਾਅਦ ਵਿਚ ਕਰਾਂਗੇ, ਪਹਿਲਾਂ ਸਤਿਗੁਰੂ ਜੀ ਨੂੰ ਮੱਥਾ ਟੇਕ ਲਈਏ। ਮੈਨੂੰ ਕਹਿੰਦੇ ਤੂੰ ਚੱਲਣਾਂ। ਮੈਂ ਕਿਹਾ-ਹਾਂ, ਮੈਂ ਵੀ ਦਰਸ਼ਨ ਕਰਨੇ ਹਨ। ਉਨ੍ਹਾਂ ਨਾਲ ਹਰੀਮੰਦਰ ਵਿਚ ਮੈਂ ਵੀ ਚਲਾ ਗਿਆ। ਅੰਦਰੋਂ ਮੈਂ ਡਰਾਂ ਕਿਤੇ ਮੈਨੂੰ ਕੋਈ ਕੁਛ ਕਹਿ ਨਾ ਦੇਵੇ। ਭਾਜੀ ਦੇ ਪਿੱਛੇ ਪਿੱਛੇ ਮੈਂ ਵੀ ਲਾਈਨ ਵਿਚ ਲੱਗ ਕੇ ਸਤਿਗੁਰੂ ਜੀ, ਜਿਥੇ ਆਸਣ ਲਾ ਕੇ ਅੱਖਾਂ ਮੁੰਦ ਕੇ ਬੈਠੇ ਸਨ, ਬਿਲਕੁਲ ਕੋਲ ਹੋ ਕੇ ਮੱਥਾ ਟੇਕਿਆ। ਤੇ ਖੁਸ਼ੀ ਖੁਸ਼ੀ ਕੁਝ ਪਲ ਬੈਠ ਕੇ ਬਾਹਰ ਆ ਗਿਆ। ਅਤੇ ਭਾਜੀ ਹੋਰੀਂ ਉਥੇ ਬੈਠੇ ਰਹੇ।


ਪਰਮ ਪੂਜ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ
ਪ੍ਰਕਾਸ਼ ਪੁਰਬ ਤੇ ਸਾਰੇ ਸੰਸਾਰ ਨੂੰ



ਲੱਖ-ਲੱਖ ਵਧਾਈ

Paramjit Singh
(DCM Service)
C/o Amtek
Sales &
Services

S.C.O. 13-14-15, 3RD FLOOR
SEC. 34-A, CHANDIGARH
(M) 98761-34743




ਹੁਣ ਫਿਰ ਇਹੀ ਲਾਲਸਾ ਬਣੀ ਹੋਈ ਹੈ ਕਿ ਕਿਤੇ ਲਾਗੇ ਹੋ ਕੇ ਦਰਸ਼ਨ ਕਰੀਏ। ਉਹ ਮੌਕਾ ਕਦ ਆਏਗਾ, ਉਹ ਹੀ ਜਾਣਦੇ ਹਨ।

੧੭ ਨਵੰਬਰ ੨੦੧੦ ਨੂੰ ਸਤਿਗੁਰੂ ਜਗਜੀਤ ਸਿੰਘ ਜੀ ਦਾ ਜਨਮ-ਦਿਹਾੜਾ ਆ ਰਿਹਾ ਹੈ। ਦੇਸ਼-ਵਿਦੇਸ਼ ਵਿਚ ਬੈਠੀਆਂ ਗੁਰੂ ਜੀ ਦੀਆਂ ਸੰਗਤਾਂ ਗੁਰੂ ਜੀ ਦੀ ਸਿਹਤਯਾਬੀ ਲਈ ਕਾਮਨਾ ਕਰਦੀਆਂ ਹਨ ਤੇ ਇਹੀ ਕਹਿੰਦੀਆਂ ਹਨ-ਸੱਚੇ ਪਾਤਸ਼ਾਹ ਸਾਨੂੰ ਹਮੇਸ਼ਾ ਹੀ ਇਸ ਤਰ੍ਹਾਂ ਅਸ਼ੀਰਵਾਦ ਦਿੰਦੇ ਰਹਿਣ ਤੇ ਦੁਨੀਆਂ ਵਿਚ ਅਮਨ-ਸ਼ਾਂਤੀ ਦਾ ਸੰਦੇਸ਼ ਦਿੰਦੇ ਰਹਿਣ ਤੇ ਨਾਮ ਸਿਮਰਨ ਦਾ ਹੀ ਪਰਵਾਹ ਚਲਾਉਂਦੇ ਰਹਿਣ। ਅਸੀਂ ਉਨ੍ਹਾਂ ਦੇ ਜਨਮਦਿਨ ਇਸੇ ਤਰ੍ਹਾਂ ਖੁਸ਼ੀਆਂ ਨਾਲ ਮਨਾਉਂਦੇ ਰਹੀਏ।

ਮੈਂ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਵਿਚ ਨਮਸਕਾਰ ਕਰਦਾ ਹਾਂ ਤੇ ਸਤਿਗੁਰੂ ਜੀ ਦਾ ਜਨਮ-ਦਿਹਾੜਾ ਮਨਾਉਣ ਦੀਆਂ ਸਭ ਸੰਗਤਾਂ ਨੂੰ ਵਧਾਈ ਦਿੰਦਾ ਹਾਂ। ਤੇ ਇਹੀ ਕਾਮਨਾ ਕਰਦਾ ਹਾਂ—

"ਤੁਮ ਜੀਓ ਹਜ਼ਾਰੋਂ ਸਾਲ ਯੇ ਮੇਰੀ ਹੈ ਆਰਜ਼ੂ!!"




Namdhari Elibrary NamdhariElibrary@gmail.com



*੧੫ ਸਤੰਬਰ ੨੦੧੦ : ਸ੍ਰੀ ਭੈਣੀ ਸਾਹਿਬ ਵਿਚ ਸ੍ਰੀ ਅੰਮ੍ਰਿਤਸਰ ਦੇ ਸ਼ਹੀਦ ਸੰਤ ਲਹਿਣਾ ਸਿੰਘ ਨਮਿਤ ਸਥਾਪਤ ਅਠਵਾਂ ਸਨਮਾਨ ਸ਼੍ਰੋਮਣੀ ਜਥੇਦਾਰ ਸੰਤ ਸੇਵਾ ਸਿੰਘ ਜੀ ਨੂੰ ਬਖਸ਼ਦੇ ਹੋਏ ਸ੍ਰੀਮਾਨ ਸੰਤ ਜਗਤਾਰ ਸਿੰਘ ਜੀ ਨਾਲ ਖੜੇ ਹਨ ਸੰਤ ਸੁਲੱਖਣ ਸਿੰਘ, ਸੰਤ ਕੂਕਾ ਸਿੰਘ, ਸੂਬਾ ਬਲਵਿੰਦਰ ਸਿੰਘ ਝੱਲ, ਸੰਤ ਰਛਪਾਲ ਸਿੰਘ ਅਤੇ ਸ. ਹਰਵਿੰਦਰ ਸਿੰਘ ਹੰਸਪਾਲ ਆਦਿ।*

# ਜਥੇਦਾਰ ਸੇਵਾ ਸਿੰਘ ਜੀ ਦਾ ਸਨਮਾਨ

ਜਥੇਦਾਰ ਸੇਵਾ ਸਿੰਘ ਜੀ ਦਿੱਲੀ ਵਾਲੇ ਇਸ ਵਕਤ ਸ੍ਰੀ ਸਤਿਗੁਰੂ ਜੀ ਦੇ ਪ੍ਰਚਾਰ ਮੰਡਲ ਵਿਚ ਸ਼੍ਰੋਮਣੀ ਹੈਸੀਅਤ ਰੱਖਦੇ ਹਨ। ਗੁਰਬਾਣੀ, ਸਾਹਿਤ ਅਤੇ ਇਤਿਹਾਸ ਦੀ ਬਾਦਲੀਲ ਵਿਆਖਿਆ ਨਾਲ ਓਤਪੋਤ ਉਹਨਾਂ ਦੇ ਵਿਚਾਰ ਸ੍ਰੋਤਿਆਂ ਨੂੰ ਮੰਤਰ ਮੁਗਧ ਕਰਦੇ ਹਨ। ਭਾਵੇਂ ਉਹ ਕਥਾ ਕਰ ਰਹੇ ਹੋਣ ਜਾਂ ਢੋਲਕੀ ਛੈਣਿਆਂ ਨਾਲ ਨਾਮਧਾਰੀ ਟਕਸਾਲੀ ਹੱਲੇ ਦਾ ਕੀਰਤਨ ਕਰ ਰਹੇ ਹੋਣ, ਉਹਨਾਂ ਦਾ ਇਕ ਰਸ ਚਲਦਾ ਬਿਰਤਾਂਤ ਇਕ ਜਾਦੂ ਜਿਹਾ ਅਸਰ ਰੱਖਦਾ ਹੈ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਤੋਂ ਵਰੋਸਾਏ ਹੋਏ ਜਥੇਦਾਰ ਸੇਵਾ ਸਿੰਘ ਸਾਰੀ ਉਮਰ ਆਪਣੇ ਹੱਥਾਂ ਨਾਲ ਕਿਰਤ ਕਮਾਈ ਕਰ ਕੇ ਪਰਿਵਾਰ ਦੀ ਉਪਜੀਵਕਾ ਚਲਾਉਂਦੇ ਹੋਏ ਆਪਣੇ ਦਸਾਂ ਨੌਹਾਂ ਦੀ ਸੁੱਚੀ ਕਮਾਈ ਸੇਵਾ ਕਾਰਜਾਂ ਤੇ ਵੀ ਲਾਉਂਦੇ ਹਨ। ਕਮਾਲ ਦੇ ਕਾਰੀਗਰ ਕਮਾਲ ਦੇ ਹੀ ਜਥੇਦਾਰ, ਪਰਚਾਰਕ ਅਤੇ ਹਰਮਨ ਪਿਆਰੇ ਵਕਤਾ ਹਨ। ਸਤਿਗੁਰੂ ਜੀ ਦੇ ਨਾਲ ਅਤੇ ਉਹਨਾਂ ਦੇ ਹੁਕਮ ਅਨੁਸਾਰ ਵਖਰੇ ਵੀ ਉਹ ਕਈ ਵਾਰ ਵਿਦੇਸ਼ਾਂ ਵਿਚ ਪਰਚਾਰ ਹਿਤ ਗਏ ਹਨ। ਇਸ ਵਾਸਤੇ ਜਥੇਦਾਰ ਜੀ ਦਾ ਮਾਨ ਸਨਮਾਨ ਦੇਸ਼ ਵਿਦੇਸ਼ ਦੀਆਂ ਸੰਗਤਾਂ ਵਲੋਂ ਸਤਿਗੁਰੂ ਜੀ ਦੀ ਕਿਰਪਾ ਨਾਲ ਹੁੰਦਾ ਹੀ ਰਹਿੰਦਾ ਹੈ।

੧੭ ਫਰਵਰੀ ੨੦੦੯ ਨੂੰ ਤਲਵੰਡੀ ਗੁਰਾਇਆ ਜਿਲ੍ਹਾ ਗੁਰਦਾਸਪੁਰ ਵਿਖੇ ਬਸੰਤ ਮੇਲੇ ਤੇ ਸੰਤ ਨਿਸ਼ਾਨ ਸਿੰਘ ਕਥਾਵਾਚਕ ਰਾਹੀਂ ਗਿਆਨ ਮਾਰਤੰਡ ਪੰਡਿਤ ਗੋਪਾਲ ਸਿੰਘ ਯਾਦਗਾਰੀ ਸਨਮਾਨ ਮਾਇਆ ਸਹਿਤ ਸਾਧ ਸੰਗਤ ਵਲੋਂ ਭੇਟ ਕੀਤਾ ਗਿਆ।

ਪੰਜ ਭਾਦਰੋਂ ੨੦੬੭... (੨੦੧੦ ਈ.) ਨਾਮਧਾਰੀ ਧਰਮਸ਼ਾਲਾ ਦਿੱਲੀ ਵਿਖੇ ਸੂਬਾ ਅਰਵਿੰਦ ਸਿੰਘ ਭੂਰਜੀ ਪਰਿਵਾਰ ਵਲੋਂ ਅਟਲ ਪ੍ਰਤਾਪੀ ਸਤਿਗੁਰੂ ਪ੍ਰਤਾਪ ਸਿੰਘ ਯਾਦਗਾਰੀ ਸਨਮਾਨ, ਚਿੰਨ੍ਹ ਅਤੇ ਮਾਇਆ ਸਹਿਤ ਦਿੱਤਾ ਗਿਆ।



*੫ ਭਾਦਰੋਂ ੨੦੬੭ ਬਿ. (੨੦੧੦ ਈ.) ਨੂੰ ਦਿਲੀ ਵਿਖੇ ਜਥੇਦਾਰ ਸੇਵਾ ਸਿੰਘ ਜੀ ਨੂੰ ਸਨਮਾਨਤ ਕਰਦੇ ਹੋਏ ਸੂਬਾ ਸੁਖਦੇਵ ਸਿੰਘ ਅਤੇ ਸੂਬਾ ਅਰਵਿੰਦ ਸਿੰਘ ਜੀ।*

੧੫ ਸਤੰਬਰ ੨੦੧੦ ਨੂੰ ਸ੍ਰੀ ਭੈਣੀ ਸਾਹਿਬ ਵਿਚ ਸਤਿਗੁਰੂ ਜੀ ਦੀ ਪਰਵਾਨਗੀ ਅਤੇ ਅਸ਼ੀਰਵਾਦ ਨਾਲ ਸ਼ਹੀਦ ਲਹਿਣਾ ਸਿੰਘ ਦੀ ਯਾਦ ਵਿਚ ਸਥਾਪਤ ਇਤਿਹਾਸਕ ਸਨਮਾਨ, ਯਾਦ ਚਿੰਨ੍ਹ ਸ਼ਾਲ ਅਤੇ ਮਾਇਆ ਸਹਿਤ ਸ੍ਰੀਮਾਨ ਸੰਤ ਜਗਤਾਰ ਸਿੰਘ ਜੀ ਦੀ ਹੱਥੀਂ ਜਥੇਦਾਰ ਜੀ ਨੂੰ ਬਖਸ਼ਿਸ਼ ਕੀਤਾ ਗਿਆ।

ਜਥੇਦਾਰ ਸੇਵਾ ਸਿੰਘ ਜੀ ਦਾ ਕਥਨ ਹੈ ਕਿ ਮੈਂ ਅਨਪੜ੍ਹ ਬੰਦੇ ਨੂੰ ਸਤਿਗੁਰਾਂ ਏਨੀ ਕ੍ਰਿਪਾ ਕੀਤੀ ਹੈ ਅਤੇ ਸਾਧ ਸੰਗਤ ਨੇ ਮਾਨ ਸਨਮਾਨ ਦਿੱਤਾ ਹੈ-ਮੇਰੇ ਪਾਸ ਧੰਨਵਾਦ ਦੇ ਸ਼ਬਦ ਨਹੀਂ। ਸਤਿਗੁਰੂ ਨਿਮਾਣਿਆਂ ਨੂੰ ਮਾਣ ਬਖਸ਼ਦੇ ਹਨ।

ਅਸੀਂ ਵਿਦਵਾਨ ਜਥੇਦਾਰ ਜੀ ਨੂੰ ਇਹਨਾਂ ਸਨਮਾਨਾਂ ਦੀ ਵਧਾਈ ਦੇਂਦੇ ਹਾਂ। ਸਤਿਗੁਰੂ ਜੀ ਉਹਨਾਂ ਨੂੰ ਤੰਦਰੁਸਤੀ ਬਖਸ਼ਣ ਤੇ ਉਹ ਇਸੇ ਤਰ੍ਹਾਂ ਵੱਧ ਚੜ੍ਹ ਕੇ ਸੇਵਾ ਕਰਦੇ ਰਹਿਣ।

*—ਜਗਦੀਸ਼ ਸਿੰਘ*



Namdhari Elibrary NamdhariElibrary@gmail.com

## ਖ਼ਬਰਨਾਮਾ

### ਸ੍ਰੀ ਭੈਣੀ ਸਾਹਿਬ ਵਿਚ ਕਵੀ ਦਰਬਾਰ

ਸ੍ਰੀ ਭੈਣੀ ਸਾਹਿਬ-ਅੱਸੂ ਦੇ ਜਪ ਪ੍ਰਯੋਗ ਮੇਲੇ ਵਿਚ ਦੋ ਦਿਨ ੧੪ ਅਤੇ ੧੫ ਅਕਤੂਬਰ ੨੦੧੦ ਸ਼ਾਮ ਨੂੰ ਪੰਜਾਬੀ ਕਵੀ ਦਰਬਾਰ ਬਹੁਤ ਸਫਲਤਾਪੂਰਬਕ ਸੰਪੰਨ ਹੋਏ। ਪਹਿਲੇ ਦਿਨ ਸੂਬਾ ਬਲਵਿੰਦਰ ਸਿੰਘ ਝੱਲ ਦੇ ਸਟੇਜ ਪ੍ਰਬੰਧ ਵਿਚ ਇਹਨਾਂ ਕਵੀਆਂ ਨੇ ਭਾਗ ਲਿਆ।

ਸਵਰਨ ਸਿੰਘ ਚੀਮਾ, ਹਰਭਜਨ ਸਿੰਘ ਰਾਜਾ, ਪੂਰਨ ਸਿੰਘ ਨਿਰਾਲਾ, ਗੁਰਸੇਵਕ ਸਿੰਘ, ਹਰਭਜਨ ਸਿੰਘ ਪਰਵਾਨਾ, ਸੁਰਿੰਦਰ ਕੌਰ ਖਰਲ, ਜੁਗਿੰਦਰ ਸਿੰਘ ਕੰਗ, ਗੁਰਮੀਤ ਕੌਰ ਮੀਤ, ਸੁਲੱਖਣ ਸਿੰਘ ਭੈਣੀ ਸਾਹਿਬ, ਗੁਰਦੀਸ਼ ਕੌਰ ਗਰੇਵਾਲ ਲੁਧਿਆਣਾ, ਸਵਰਨ ਸਿੰਘ ਬਾਜਵਾ, ਰਾਜਿੰਦਰ ਕੌਰ ਭੈਣੀ ਸਾਹਿਬ, ਬਲਦੇਵ ਸਿੰਘ ਵੜੈਚ, ਅਮਰਜੀਤ ਕੌਰ ਲੁਧਿਆਣਾ, ਲਖਵਿੰਦਰ ਸਿੰਘ ਬਾਜਵਾ, ਕੁਲਬੀਰ ਸਿੰਘ ਭੈਣੀ ਸਾਹਿਬ, ਮਾਸਟਰ ਅਮਰੀਕ ਸਿੰਘ, ਸਾਧੂ ਸਿੰਘ ਕਿਸਾਨ, ਸੂਬਾ ਬਲਵਿੰਦਰ ਸਿੰਘ ਝੱਲ, ਅਮਨ ਸਿੰਘ ਨਗਰ, ਕਰਨੈਲ ਸਿੰਘ ਅਸਪਾਲ, ਸੁਖਵਿੰਦਰ ਸਿੰਘ ਸਨੇਹ ਅਤੇ ਬਲਕਾਰ ਸਿੰਘ ਮੱਲੀ। ਭਰਪੂਰ ਹਾਜ਼ਰੀ ਵਿਚ ਕਵੀ ਦਰਬਾਰ ਬਹੁਤ ਸਫਲ ਰਿਹਾ।

ਦੂਸਰੇ ਦਿਨ ਸ. ਅਜੀਤ ਸਿੰਘ ਲਾਇਲ ਦੇ ਸਟੇਜ ਸੰਚਾਲਣ ਵਿਚ ਵੀ ਕਵੀ ਦਰਬਾਰ ਹੋਇਆ। ਇਸ ਵਿਚ ਸ. ਚੰਨਣ ਸਿੰਘ ਚਮਨ ਹਰਿਗੋਬਿੰਦਪੁਰੀ, ਸ. ਰਛਪਾਲ ਸਿੰਘ ਪਾਲ, ਜਗਜੀਤ ਸਿੰਘ ਸੋਖੋਂ, ਹਰਿੰਦਰ ਪਤੰਗਾ, ਭਗਵਾਨ ਸਿੰਘ ਦੀਪਕ, ਪਰਮਵੀਰ ਸਿੰਘ, ਫਕੀਰ ਚੰਦ ਤੁਲੀ, ਹਰਜੀਤ ਸਿੰਘ ਭਮਰਾ, ਆਦਿ ਪ੍ਰਸਿੱਧ ਕਵੀਆਂ ਨੇ ਆਪਣੀਆਂ ਕਵਿਤਾਵਾਂ ਅਤੇ ਗੀਤਾਂ ਨਾਲ ਰੰਗ ਬੰਨਿਆ। ਸੰਤ ਜਗਤਾਰ ਸਿੰਘ, ਸ੍ਰੀ ਊਦੋ ਸਿੰਘ, ਸ. ਹ. ਸ ਹੰਸਪਾਲ ਅਤੇ ਹੋਰ ਪ੍ਰਸਿਧ ਵਿਦਵਾਨ, ਜਥੇਦਾਰ ਸਾਹਿਬਾਨ ਹਾਜ਼ਰ ਸਨ। ਕਵੀਆਂ ਨੇ ਭਰਪੂਰ ਦਾਦ ਪ੍ਰਾਪਤ ਕੀਤੀ।

### ਸਵ. ਗੁਰਦੀਪ ਸਿੰਘ ਜੌਹਲ ਨਮਿਤ ਸ਼ਰਧਾਂਜਲੀ ਸਮਾਗਮ

ਸ. ਲਖਵਿੰਦਰ ਸਿੰਘ ਜੌਹਲ ਸੀਨੀਅਰ ਪ੍ਰੋਡਿਊਸਰ ਦੂਰਦਰਸ਼ਨ ਜਲੰਧਰ, ਦਵਿੰਦਰ ਸਿੰਘ ਜੌਹਲ, ਉਮਿੰਦਰ ਸਿੰਘ, ਕੁਲਬਿੰਦਰ ਕੌਰ, ਭੁਪਿੰਦਰ ਕੌਰ ਤੇ ਰਮਿੰਦਰ ਕੌਰ ਦੇ ਪਿਤਾ। ਸਵ. ਗੁਰਦੀਪ ਸਿੰਘ ਜੌਹਲ ਨਮਿਤ ਸ੍ਰੀ ਅਖੰਡ ਪਾਠ ਦੇ ਭੋਗ ਉਪਰੰਤ ਕੀਰਤਨ ਅਤੇ ਅੰਤਿਮ ਅਰਦਾਸ ੯ ਅਕਤੂਬਰ ੨੦੧੦ ਨੂੰ ਗੁਰਦੁਆਰਾ ਨੌਵੀਂ ਪਾਤਸ਼ਾਹੀ ਗੁਰੂ ਤੇਗ ਬਹਾਦਰ ਨਗਰ ਜਲੰਧਰ ਵਿਖੇ ਹੋਈ। ਇਸ ਮੌਕੇ ਸਾਕ ਸਬੰਧੀਆਂ ਤੋਂ ਇਲਾਵਾ ਵਿਧਾਇਕ ਅਮਰਜੀਤ ਸਿੰਘ ਸਮਰਾ, ਦੂਰਦਰਸ਼ਨ ਜਲੰਧਰ ਦੇ ਸੀਨੀਅਰ ਡਾਇਰੈਕਟਰ ਡਾ. ਦਲਜੀਤ ਸਿੰਘ, ਸੁਰਿੰਦਰਪਾਲ ਡਿਪਟੀ ਡਾਇਰੈਕਟਰ ਦੂਰਦਰਸ਼ਨ, ਦੂਰਦਰਸ਼ਨ ਦੇ ਪ੍ਰਮੁੱਖ ਚਰਮਚਾਰੀ ਵਿਜੇ ਸ਼ਾਇਰ, ਵੱਖ ਵੱਖ ਕਾਲਜਾਂ ਦੇ ਪ੍ਰਿੰਸੀਪਲ, ਅਖ਼ਬਾਰਾਂ ਦੇ ਸਟਾਫ ਮੈਂਬਰ, ਪੱਤਰਕਾਰ ਤੇ ਜੰਡਿਆਲਾ ਤੋਂ ਉਨ੍ਹਾਂ ਦੇ ਮਿੱਤਰ ਤੇ ਪ੍ਰਸੰਸਕ ਭਾਰੀ ਗਿਣਤੀ ਵਿਚ ਪੁੱਜੇ ਹੋਏ ਸਨ। ਸ੍ਰੀ ਸਤਨਾਮ ਸਿੰਘ ਚਾਨਾ ਨੇ ਉਨ੍ਹਾਂ ਦੀ ਜੀਵਨੀ, ਉਨ੍ਹਾਂ ਦੀਆਂ ਸਮਾਜ ਪ੍ਰਤੀ ਨਿਭਾਈਆਂ ਸੇਵਾਵਾਂ, ਸਮਾਜਿਕ ਬੁਰਾਈਆਂ ਦੂਰ ਕਰਨ ਲਈ ਕੀਤੇ ਸੰਘਰਸ਼ ਤੋਂ ਇਲਾਵਾ ਪਰਿਵਾਰ ਅਤੇ ਦੇਸ਼ ਪ੍ਰਤੀ ਨਿਭਾਈਆਂ ਜ਼ਿੰਮੇਵਾਰੀਆਂ ਬਾਰੇ ਵਿਸਥਾਰ ਨਾਲ ਚਾਨਣਾ ਪਾਇਆ। ਸ਼ਰਧਾਂਜਲੀ ਸਮਾਗਮ ਵਿਚ ਡਾ. ਐਸ. ਪੀ. ਸਿੰਘ ਸਾਬਕਾ ਉਪਕੁਲਪਤੀ, ਡਾ. ਜੋਗਿੰਦਰ ਸਿੰਘ ਪੁਆਰ ਸਾਬਕਾ ਉਪਕੁਲਪਤੀ, ਪ੍ਰਿੰ. ਵੀ. ਕੇ. ਤਿਵਾੜੀ, ਪ੍ਰਿੰ. ਡਾ. ਰਾਕੇਸ਼ ਕੁਮਾਰ ਧੀਮਾਨ, ਪ੍ਰਿੰ. ਸੁਖਵਿੰਦਰ ਸਿੰਘ ਰੰਧਾਵਾ, ਪ੍ਰਿੰ. ਜਸਪਾਲ ਸਿੰਘ, ਪ੍ਰੋ. ਲਖਬੀਰ ਸਿੰਘ, ਪ੍ਰੋ. ਪਿਆਰਾ ਸਿੰਘ ਭੋਗਲ, ਸ. ਤੀਰਥ ਸਿੰਘ ਢਿੱਲੋਂ ਸੀਨੀਅਰ ਨਿਊਜ਼ ਰੀਡਰ, ਸ. ਸ਼ਿਵਕੰਵਰ ਸਿੰਘ ਸੰਧੂ, ਪ੍ਰੋ. ਕਮਲੇਸ਼ ਦੁੱਗਲ, ਪ੍ਰੋ. ਜਗੀਰ ਸਿੰਘ ਕਾਹਲੋਂ, ਪ੍ਰੋ. ਨਵਜੀਤ ਜੌਹਲ, ਡਾ. ਸੁਖਪਾਲ ਸਿੰਘ ਥਿੰਦ, ਤ੍ਰੈਲੋਚਨ ਲੋਚੀ, ਸੁਸ਼ੀਲ ਦੁਸਾਂਝ, ਸਤੀਸ਼ ਗੁਲਾਟੀ, ਸ. ਜਗਦੀਸ਼ ਸਿੰਘ ਵਰਿਆਮ, ਸ੍ਰੀ ਸਤਨਾਮ ਸਿੰਘ ਮਾਣਕ, ਸ. ਬਲਜੀਤ ਸਿੰਘ ਬਰਾੜ, ਸ੍ਰੀ ਆਰ. ਐਨ. ਸਿੰਘ, ਸ. ਸੁਖਵਿੰਦਰ ਸਿੰਘ ਚੋਹਲਾ, ਐਚ. ਐਸ. ਬਾਵਾ, ਸ. ਪਰਮਜੀਤ ਸਿੰਘ ਵਿਰਕ, ਸ. ਹਰਮੀਤ ਸਿੰਘ, ਸ. ਗੁਰਮੀਤ ਸਿੰਘ ਰੱਤੂ, ਸ੍ਰੀ ਬੀਰ ਚੰਦ ਸੁਰੀਲਾ, ਸ. ਪਲਵਿੰਦਰ ਸਿੰਘ ਬਲਦੇਵ ਬਾਜਵਾ ਤੋਂ ਇਲਾਵਾ ਤਜਿੰਦਰ ਵਿਰਲੀ, ਸ. ਜਸਵਿੰਦਰ ਸਿੰਘ ਭਗਤਪੁਰਾ, ਪ੍ਰਿੰ. ਮਦਨਜੀਤ ਕੌਰ ਸਹੋਤਾ, ਪ੍ਰਿੰ. ਰਾਜਿੰਦਰਜੀਤ ਕੌਰ ਢੀਂਡਸਾ ਤੇ ਗੁਰਦੁਆਰਾ ਗੁਰੂ ਤੇਗ ਬਹਾਦਰ ਨਗਰ ਦੇ ਪ੍ਰਧਾਨ ਸ. ਜਗਜੀਤ ਸਿੰਘ ਗਾਬਾ ਵੀ ਹਾਜ਼ਰ ਸਨ। ਪ੍ਰੈੱਸ ਕਲੱਬ, ਵੱਖ-ਵੱਖ ਕਾਲਜਾਂ ਤੇ



Namdhari Elibrary NamdhariElibrary@gmail.com

ਹੋਰ ਜਥੇਬੰਦੀਆਂ ਵੱਲੋਂ ਸ਼ੋਕ ਸੰਦੇਸ਼ ਭੇਜੇ ਗਏ।

## ਸ. ਤਰਲੋਚਨ ਸਿੰਘ ਜੀਵਲ ਆਫ਼ ਪੰਜਾਬ

ਲੰਡਨ-ਭਾਰਤੀ ਓਲੰਪਿਕ ਸੰਗਠਨ ਦੇ ਉਪ ਪ੍ਰਧਾਨ ਸਰਦਾਰ ਤਰਲੋਚਨ ਸਿੰਘ ਨੂੰ ਜੀਵਲ ਆਫ਼ ਪੰਜਾਬ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਹੈ। ਪੂਰੇ ਜੀਵਨ ਦੀਆਂ ਪ੍ਰਾਪਤੀਆਂ ਦਾ ਇਹ ਸ਼ਾਨਦਾਰ ਪੁਰਸਕਾਰ ਉਹਨਾਂ ਨੂੰ ਪੂਰੇ ਜੀਵਨ ਵਿਚ ਪੰਜਾਬੀਆਂ ਲਈ ਦਿੱਤੀਆਂ ਉਹਨਾਂ ਦੀਆਂ ਸੇਵਾਵਾਂ ਵਾਸਤੇ ਦਿੱਤਾ ਗਿਆ ਹੈ। ਲੰਡਨ ਵਿਚ ਇਹ ਪੁਰਸਕਾਰ ਵਰਲਡ ਪੰਜਾਬੀ ਆਰਗੇਨਾਈਜ਼ੇਸ਼ਨ (ਯੂਰਪੀਅਨ ਡਿਵੀਯਨ) ਦੀ ਦਸਵੀਂ ਵਰ੍ਹੇਗੰਢ ਦੇ ਅਵਸਰ 'ਤੇ ਵਿਦੇਸ਼ ਰਾਜ ਮੰਤਰੀ ਮਹਾਰਾਣੀ ਪ੍ਰਨੀਤ ਕੌਰ ਨੇ ਦਿੱਤਾ। ਇਸ ਤੋਂ ਪਹਿਲਾਂ ਇਹ ਐਵਾਰਡ ਐਕਟਰ ਦੇਵਾ ਨੰਦ ਅਤੇ ਭਾਰਤੀ ਉਦਯੋਗ ਪਤੀ ਲਾਰਡ ਸਵਰਾਜ ਪਾਲ ਨੂੰ ਵੀ ਮਿਲ ਚੁੱਕਾ ਹੈ। ਬ੍ਰਿਟਿਸ਼ ਸੇਕਟਰੀ ਆਫ਼ ਸਟੇਟ ਫਾਰ ਬਿਜ਼ਨੇਸ ਡਾਵਿੰਸ ਕੇਬਲ ਇਸ ਅਵਸਰ ਦੇ ਮੁੱਖ ਮਹਿਮਾਨ ਸਨ।

*ਟ੍ਰਿਬਿਊਨ ੧੯-੧੦-੨੦੧੦*

## ਡਲਹੌਜ਼ੀ ਵਿਖੇ ਛੇਵੀਂ ਕਹਾਣੀ ਗੋਸ਼ਟੀ

ਜਲੰਧਰ- ਬੀਤੇ ਦਿਨੀਂ ਅਦਾਰਾ 'ਪ੍ਰਵਚਨ' ਤੇ 'ਬੀਬੀ ਸਵਰਨ ਕੌਰ ਟਰੱਸਟ' ਵੱਲੋਂ ਛੇਵੀਂ ਕਹਾਣੀ ਗੋਸ਼ਟੀ ਦਾ ਆਯੋਜਨ ਡਲਹੌਜ਼ੀ ਦੇ ਮੇਹਰ ਹੋਟਲ ਵਿਖੇ ਕੀਤਾ ਗਿਆ। ਇਸ ਵਿੱਚ ਤ੍ਰਿਪਤਾ ਕੇ. ਸਿੰਘ (ਇੱਕ ਸਦੀਵੀ ਪੱਲ), ਜਤਿੰਦਰ ਹਾਂਸ (ਸਜ਼ਾ), ਕੁਲਵੰਤ ਗਿੱਲ (ਮ੍ਰਿਗਤ੍ਰਿਸ਼ਨਾ), ਵਿਸ਼ਵਜੋਤੀ ਧੀਰ (ਮੈਨਗਰੋਵ) ਅਤੇ ਡਾ. ਸਰਘੀ (ਆਪਣੇ ਆਪਣੇ ਮਰਸੀਏ) ਵੱਲੋਂ ਆਪਣੀਆਂ ਨਵੀਆਂ ਕਹਾਣੀਆਂ ਪੜ੍ਹੀਆਂ ਗਈਆਂ। ਪੰਜਾਂ ਕਹਾਣੀਆਂ ਉੱਪਰ ਦੋ-ਦੋ ਘੰਟਿਆਂ ਦੇ ਪੰਜ ਸੈਸ਼ਨ ਹੋਏ, ਜਿਨ੍ਹਾਂ ਦੌਰਾਨ ਨਿੱਠ ਕੇ ਸੰਵਾਦ ਰਚਾਇਆ ਗਿਆ। ਚਰਚਾਕਾਰ ਸਨ ਡਾ. ਮਨਿੰਦਰ ਕਾਂਗ, ਡਾ. ਜਸਵਿੰਦਰ ਜੋਧਾ, ਡਾ. ਰਾਮਿੰਦਰ ਕੌਰ, ਡਾ. ਕੁਲਵੰਤ ਸਿੰਘ ਸੰਧੂ, ਸਕੀਰਤ, ਜਸ ਮੰਡ, ਰਜਨੀਸ਼ ਬਹਾਦਰ ਸਿੰਘ, ਮਨਮੋਹਨ ਬਾਵਾ, ਗੀਟਾ ਸਵਾਮੀ, ਬਲਬੀਰ ਪਰਵਾਨਾ ਅਤੇ ਕਹਾਣੀਆਂ ਪੜ੍ਹਨ ਵਾਲੇ ਪੰਜੇ ਕਹਾਣੀਕਾਰ।

ਇਸ ਸੰਵਾਦ ਗੋਸ਼ਟੀ ਦਾ ਆਰੰਭ ਪਹਿਲੀ ਅਕਤੂਬਰ ਨੂੰ ਬਾਅਦ ਦੁਪਹਿਰ ਡਾ. ਰਜਨੀਸ਼ ਬਹਾਦਰ ਸਿੰਘ ਵੱਲੋਂ ਥੀਮ ਪੇਪਰ 'ਨਾਰੀਵਾਦ ਤੇ ਪੰਜਾਬੀ ਸਾਹਿਤ' ਪੇਸ਼ ਕੀਤੇ ਜਾਣ ਨਾਲ ਹੋਇਆ। ਇਸ ਪੇਪਰ ਉੱਪਰ ਵੀ ਦੋ ਘੰਟਿਆਂ ਦੇ ਸੈਸ਼ਨ ਵਿੱਚ ਚਰਚਾ ਹੋਈ। ਗੋਸ਼ਟੀ ਦੀ ਸਾਰੀ ਚਰਚਾ ਨੂੰ ਰਿਕਾਰਡ ਕੀਤਾ ਗਿਆ, ਜਿਸ ਨੂੰ ਕਹਾਣੀਆਂ ਸਮੇਤ 'ਪ੍ਰਵਚਨ' ਦੇ ਆਉਂਦੇ (ਜਨਵਰੀ-ਮਾਰਚ ੨੦੧੧) ਅੰਕ ਵਿੱਚ ਛਾਪਿਆ ਜਾਵੇਗਾ।

੩ ਅਕਤੂਬਰ ਨੂੰ ਇਸ ਗੋਸ਼ਟੀ ਦੇ ਆਖਰੀ ਸ਼ੈਸ਼ਨ ਮੌਕੇ 'ਤੇ ਇਸ ਦੇ ਪ੍ਰਬੰਧਕਾਂ ਜਸ ਮੰਡ ਤੇ ਡਾ. ਰਜਨੀਸ਼ ਬਹਾਦਰ ਸਿੰਘ ਨੇ ਸਾਰੇ ਹਿੱਸਾ ਲੈਣ ਵਾਲਿਆਂ ਅਤੇ ਸ੍ਰੀ ਮਨਮੋਹਨ ਬਾਵਾ ਦੇ ਸਹਿਯੋਗ ਲਈ ਧੰਨਵਾਦ ਕੀਤਾ।



*ਕਹਾਣੀ ਗੋਸ਼ਟੀ 'ਚ ਹਾਜ਼ਰ ਲੇਖਕ*

## ਫਗਵਾੜਾ ਵਿਖੇ ਗੁਰਮਤ ਸਮਾਗਮ

ਮਿਤੀ ੨੯-੦੮-੨੦੧੦ ਨੂੰ ਵਿਸ਼ਵ ਨਾਮਧਾਰੀ ਵਿਦਿਅਕ ਜਥੇ ਦੇ ਅਹੁਦੇਦਾਰਾਂ ਅਤੇ ਸੂਬਾ ਜਸਵੀਰ ਸਿੰਘ ਦੇ ਉੱਦਮ ਨਾਲ ਨਾਮਧਾਰੀ ਧਰਮਸ਼ਾਲਾ ਫਗਵਾੜਾ ਵਿਖੇ ਫਗਵਾੜਾ ਸ਼ਹਿਰ ਅਤੇ ਜਲੰਧਰ ਦਿਹਾਤੀ ਵਲੋਂ ਗੁਰਮਤ ਸਮਾਗਮ ਕਰਵਾਇਆ ਗਿਆ ਜਿਸ ਵਿੱਚ ਅੰਮ੍ਰਿਤ ਵੇਲੇ ਸਥਾਨਕ ਜਥੇ ਵਲੋਂ ਆਸਾ ਦੀ ਵਾਰ ਦਾ ਕੀਰਤਨ ਹੋਇਆ ਤੇ ਤਿੰਨ ਪਾਠਾਂ ਦੇ ਭੋਗ ਪਾਏ ਗਏ। ਦਿਨ ਦੇ ਚੜ੍ਹਾਅ ਨਾਲ ਦੂਰੋਂ ਨੇੜਿਓਂ ਸੰਮੇਲਨ ਵਿਚ ਭਾਗ ਲੈਣ ਵਾਲੇ ਬੱਚੇ ਬੱਚੀਆਂ ਆਪੋ ਆਪਣੇ ਸ਼ਹਿਰਾਂ ਦੇ ਪ੍ਰਧਾਨ ਅਤੇ ਪ੍ਰਬੰਧਕਾਂ ਦੀ ਅਗਵਾਈ



Namdhari Elibrary NamdhariElibrary@gmail.com

ਹੇਠ ਧਰਮਸ਼ਾਲਾ ਵਿਖੇ ਪਹੁੰਚਣੇ ਸ਼ੁਰੂ ਹੋ ਗਏ। ਜਿਨ੍ਹਾਂ ਪ੍ਰਬੰਧਕਾਂ ਦੀ ਅਗਵਾਈ ਹੇਠ ਸਿਖਿਆਰਥੀ ਆਏ ਉਹ ਇਸ ਪ੍ਰਕਾਰ ਹਨ। ਸੰਤ ਕਮਲਜੀਤ ਸਿੰਘ ਜਲੰਧਰ, ਸੰਤ ਰੂਬਲ ਸਿੰਘ ਕਪੂਰਥਲਾ, ਸੰਤ ਮਨਜੀਤ ਸਿੰਘ ਦਸੂਹਾ, ਸੰਤ ਬਲਜਿੰਦਰ ਸਿੰਘ ਨਵਾਂਸ਼ਹਿਰ, ਸੰਤ ਨਰਿੰਦਰ ਸਿੰਘ ਫਗਵਾੜਾ, ਸੰਤ ਜਗਵੀਰ ਸਿੰਘ ਜਲੰਧਰ ਦਿਹਾਤੀ ਅਤੇ ਸੰਤ ਗੁਰਸੇਵ ਸਿੰਘ ਹੁਸ਼ਿਆਰਪੁਰ ਤੋਂ ਵੱਡੀ ਗਿਣਤੀ ਵਿਚ ਸਿੱਖਿਆਰਥੀਆਂ ਨੂੰ ਲੈਕੇ ਪਹੁੰਚੇ। ਇਹ ਭਰਪੂਰ ਹਾਜ਼ਰੀ ਖਾਸ ਕਰਕੇ ਸੂਬਾ ਜਸਵੀਰ ਸਿੰਘ ਅਤੇ ਜਲੰਧਰ ਜ਼ੋਨ ਦੇ ਕਨਵੀਨਰ ਸੰਤ ਸੁਰਿੰਦਰ ਸਿੰਘ ਸ਼ਿੰਦਾ ਦੀ ਅਣਥੱਕ ਮਿਹਨਤ ਕਰਕੇ ਹੀ ਹੋ ਸਕੀ। ਇਨ੍ਹਾਂ ਤੋਂ ਇਲਾਵਾ ਸੰਤ ਜਸਪਾਲ ਸਿੰਘ ਅਤੇ ਬੀਬੀ ਪਲਵਿੰਦਰ ਕੌਰ ਦੀ ਸੇਵਾ ਵੀ ਸਲਾਹੁਣ ਯੋਗ ਸੀ। ਕੇਂਦਰੀ ਜਥੇ ਵਲੋਂ ਸੂਬਾ ਬਲਵਿੰਦਰ ਸਿੰਘ ਪ੍ਰਧਾਨ, ਸੰਤ ਹਰਜੀਤ ਸਿੰਘ ਮੁੱਠਡਾ, ਬੀਬੀ ਸੁਖਜੀਤ ਕੌਰ, ਬੀਬੀ ਕੁਲਵੰਤ ਕੌਰ ਤੇ ਬੀਬੀ ਅਮਰਜੀਤ ਕੌਰ ਇਸ ਸਮਾਗਮ ਵਿਚ ਉਚੇਚੇ ਸ਼ਾਮਲ ਹੋਏ। ਪ੍ਰਤੀਯੋਗਤਾ ਵਿਚ ਭਾਗ ਲੈਣ ਵਾਲੇ ਸਿੱਖਿਆਰਥੀਆਂ ਨੂੰ ਪ੍ਰਬੰਧਕਾਂ ਨੇ ਯੋਜਨਾ ਬੱਧ ਤਰੀਕੇ ਨਾਲ ਕਤਾਰਾਂ ਵਿਚ ਬਿਠਾਇਆ ਜਦ ਪੂਰਾ ਮਾਹੌਲ ਬਣ ਗਿਆ ਤਾਂ ਸੂਬਾ ਜਸਵੀਰ ਸਿੰਘ ਨੇ ਸਟੇਜ ਤੋਂ ਵਿਸ਼ਵ ਨਾਮਧਾਰੀ ਵਿਦਿਅਕ ਜਥੇ ਦੇ ਪ੍ਰਧਾਨ ਸੈਕਟਰੀ ਹੋਰ ਅਹੁਦੇਦਾਰ ਅਤੇ ਵਿਸ਼ੇਸ਼ ਮਹਿਮਾਨਾਂ ਦਾ ਸਵਾਗਤ ਕਰਦਿਆਂ ਜੀ ਆਇਆਂ ਆਖਿਆ। ਕਰੀਬ ੮-੩੦ ਵਜੇ ਪ੍ਰੋਗਰਾਮ ਸ਼ੁਰੂ ਹੋਇਆ ਪ੍ਰੋਗਰਾਮ ਦੀ ਸ਼ੁਰੂਆਤ ਬੜੇ ਹੀ ਸੰਗੀਤਮਈ ਮਹੌਲ ਵਿਚ ਹੋਈ। ਗੀਤ ਤੋਂ ਬਾਅਦ ਵਿਦਿਅਕ ਜਥਾ ਫਗਵਾੜਾ ਦੇ ਪ੍ਰਧਾਨ ਸੰਤ ਨਰਿੰਦਰ ਸਿੰਘ ਨੇ ਬੱਚਿਆਂ ਅਤੇ ਸਾਧ ਸੰਗਤ ਨੂੰ ਜੀਓ ਆਇਆਂ ਕਿਹਾ। ਉਸਤੋਂ ਬਾਅਦ ਸਟੇਜ ਨੌਜਵਾਨ ਸੰਤ ਤਰਨ ਸਿੰਘ ਪੁੱਤਰ ਸੰਤ ਤਰਲੋਕ ਸਿੰਘ ਨੇ ਸੰਭਾਲੀ ਤੇ ਸਿਖਿਆਰਥੀਆਂ ਦੇ ਨਾਮ ਲੈਣੇ ਸ਼ੁਰੂ ਕੀਤੇ। ਵੱਖ-ਵੱਖ ਪ੍ਰਤੀਯੋਗਤਾਵਾਂ ਵਿੱਚ ਭਾਗ ਲੈਣ ਵਾਲੇ ਸਿੱਖਿਆਰਥੀਆਂ ਦੀ ਯੋਗਤਾ ਬਾਰੇ ਨਿਰਣਾ ਕਰਨ ਦੀ ਸੇਵਾ ਬੀਬੀ ਪਰਮਜੀਤ ਕੌਰ ਸਰਹਾਲੀ, ਮਾਸਟਰ ਜੁਗਿੰਦਰ ਸਿੰਘ ਤੇ ਸੰਤ ਗੁਰਦਿਆਲ ਸਿੰਘ ਜੀ ਨੇ ਨਿਭਾਈ। ਇਸ ਸਮਾਗਮ ਵਿਚ ਵਿਸ਼ੇਸ਼ ਮਹਿਮਾਨ, ਸੰਤ ਜਗਦੀਸ਼ ਸਿੰਘ ਵਰਿਆਮ, ਸੂਬਾ ਹਰਭਜਨ ਸਿੰਘ ਲੁਧਿਆਣਾ, ਸੰਤ ਜੁਗਿੰਦਰ ਸਿੰਘ, ਸੰਤ ਗੁਰਮੁੱਖ ਸਿੰਘ, ਸੂਬਾ ਜੁਗਿੰਦਰ ਸਿੰਘ, ਸੰਤ ਦੀਪ ਸਿੰਘ, ਸੰਤ ਸੁਰਜੀਤ ਸਿੰਘ ਜਲੰਧਰ, ਸੂਬਾ ਸੁਰਜੀਤ ਸਿੰਘ ਕੁਤਬੇਵਾਲ, ਸੂਬਾ ਗੁਲਜਾਰ ਸਿੰਘ ਦਸੂਹਾ, ਸੰਤ ਸਰਦਾਰਾ ਸਿੰਘ ਨਗਰ, ਸੰਤ ਦਰਸ਼ਨ ਸਿੰਘ ਕਟਾਰੀਆਂ ਤੇ ਬੀਬੀ ਰਾਣੀ ਜੀ ਪਤਨੀ ਸੂਬਾ ਰੇਸ਼ਮ ਸਿੰਘ ਜੀ ਕਨੇਡਾ ਉਚੇਚੇ ਪਹੁੰਚੇ। ਇਨ੍ਹਾਂ ਦਾ ਸਵਾਗਤ ਸੂਬਾ ਜਸਵੀਰ ਸਿੰਘ, ਸੰਤ ਅਮਰਜੀਤ ਸਿੰਘ ਪ੍ਰਧਾਨ, ਸੰਤ ਬਲਦੇਵ ਸਿੰਘ ਖਜਾਨਚੀ, ਸੰਤ ਸੰਤੋਖ ਸਿੰਘ ਵਜੀਦ, ਸੰਤ ਹਰਦੇਵ ਸਿੰਘ ਨਾਮਧਾਰੀ, ਸੰਤ ਅਮਰੀਕ ਸਿੰਘ, ਸੰਤ ਸੇਵਾ ਸਿੰਘ, ਤੇ ਸੰਤ ਮਹੋਣ ਸਿੰਘ ਨਕੋਦਰ ਨੇ ਕੀਤਾ। ਫਗਵਾੜੇ ਦੀ ਸਾਧਸੰਗਤ ਵਿਚ ਇਹ ਸਮਾਗਮ ਮਨਾਉਣ ਪ੍ਰਤੀ ਬਹੁਤ ਉਤਸ਼ਾਹ ਸੀ। ਪ੍ਰਬੰਧਕਾਂ ਨੇ ਵਿਦਿਅਕ ਜਥੇ ਦੇ ਮੈਂਬਰ ਅਤੇ ਉਨ੍ਹਾਂ ਦੇ ਸਹਿਯੋਗੀਆਂ ਦੀ ਜੋ ਵੀ ਡਿਊਟੀ ਲਗਾਈ ਉਨ੍ਹਾਂ ਨੇ ਉਸ ਨੂੰ ਪੂਰੀ ਜੁੰਮੇਂਵਾਰੀ ਤੇ ਤਨਦੇਹੀ ਨਾਲ ਨਿਭਾਇਆ। ਪ੍ਰਧਾਨ ਅਮਰਜੀਤ ਸਿੰਘ ਨੇ ਇਹ ਸਮਾਗਮ ਹਰ ਤਿੰਨ ਮਹੀਨੇ ਬਾਅਦ ਕਰਾਉਣ ਵਾਸਤੇ ਅਨਾਊਂਸ ਕਰਵਾਇਆ। ਇਸ ਸਮਾਗਮ ਵਿਚ ਪ੍ਰਬੰਧਕਾਂ ਵਲੋਂ ਬੱਚਿਆਂ ਦੀ ਇਹੋ ਜਿਹੇ ਪ੍ਰੋਗਰਾਮਾਂ ਪ੍ਰਤੀ ਰੁਚੀ ਵਧਾਉਣ ਵਾਸਤੇ ਸਾਰਿਆਂ ਨੂੰ ਹੀ ਇਨਾਮ ਵੰਡੇ ਗਏ। ਇਸ ਪ੍ਰੋਗਰਾਮ ਤੇ ਲੰਗਰ ਦੀ ਸੇਵਾ ਪ੍ਰਧਾਨ ਅਮਰਜੀਤ ਸਿੰਘ ਅਤੇ ਸੰਤ ਤ੍ਰਿਲੋਕ ਸਿੰਘ ਪੁੱਤਰ ਸੰਤ ਅਜਮੇਰ ਸਿੰਘ ਨਾਮਧਾਰੀ ਮਾਰਬਲਜ਼ ਵਲੋਂ ਕੀਤੀ ਗਈ। ਬੁਲਾਰਿਆਂ ਵਿਚੋਂ ਸੰਤ ਜਗਦੀਸ਼ ਸਿੰਘ ਵਰਿਆਮ, ਸੂਬਾ ਬਲਵਿੰਦਰ ਸਿੰਘ, ਸੂਬਾ ਹਰਭਜਨ ਸਿੰਘ ਲੁਧਿਆਣਾ, ਬੀਬੀ ਸੁਖਜੀਤ ਕੌਰ, ਤੇ ਬੀਬੀ ਪਰਮਜੀਤ ਕੌਰ ਨੇ ਆਪੋ ਆਪਣੀ ਤਕਰੀਰ ਵਿਚ ਪ੍ਰਬੰਧਕਾਂ ਨੂੰ ਇਹ ਸਮਾਗਮ ਕਰਾਉਣ ਤੇ ਵਧਾਈ ਦਿੰਦਿਆਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਕੋਟਾਨ ਕੋਟ ਧੰਨਵਾਦ ਕੀਤਾ ਜਿਨ੍ਹਾਂ ਦੀ ਕ੍ਰਿਪਾ ਸਦਕਾ ਨੌਜਵਾਨਾਂ ਅਤੇ ਛੋਟੇ-ਛੋਟੇ ਬੱਚਿਆਂ ਨੂੰ ਆਪਣੇ ਧਰਮ ਪ੍ਰਤੀ ਸੇਧ ਦੇਣ ਵਾਸਤੇ ਇਹੋ ਜਿਹੇ ਸੰਮੇਲਨ ਹੋ ਰਹੇ ਹਨ ਬੁਲਾਰਿਆਂ ਤੋਂ ਬਾਅਦ ਆਏ ਹੋਏ ਵਿਸ਼ੇਸ਼ ਮਹਿਮਾਨ, ਵਿਦਿਅਕ ਜਥੇ ਦੇ ਮੈਂਬਰ ਅਤੇ ਸੀਨੀਅਰ ਬੀਬੀਆਂ ਦਾ ਜਥਾ ਜਿਨ੍ਹਾਂ ਵਿਚ ਬੀਬੀ ਪਲਵਿੰਦਰ ਕੌਰ, ਕਲਮਜੀਤ ਕੌਰ, ਦਲੀਪ ਕੌਰ ਤੇ ਸੁਰਖਿੰਦਰ ਕੌਰ ਤੇ ਇਲਾਵਾ ਸੂਬਾ ਜਸਬੀਰ ਸਿੰਘ ਤੇ ਪ੍ਰਧਾਨ ਅਮਰਜੀਤ ਸਿੰਘ ਦੀ ਅਗਵਾਈ ਹੇਠ ਹੋਏ ਇਸ ਸਮਾਗਮ ਦੀ ਸਫਲਤਾ ਵਾਸਤੇ ਦਰਜਾ ਬ ਦਰਜਾ ਸਨਮਾਨਿਤ ਕੀਤਾ ਗਿਆ। ਅੰਤ ਵਿਚ ਇਸ ਸਮਾਗਮ ਦੀ ਨਿਰਵਿਘਨ ਸਮਾਪਤੀ ਤੇ ਸੂਬਾ ਜਸਬੀਰ ਸਿੰਘ ਨੇ ਅਰਦਾਸ ਕੀਤੀ। ਇੰਜ ਇਹ ਸੰਮੇਲਨ ਯਾਦਗਾਰੀ ਹੋ ਨਿਬੜਿਆ।

*—ਬਲਦੇਵ ਸਿੰਘ ਨਾਮਧਾਰੀ*

*ਫਗਵਾੜਾ*

*ਫੋਨ — ੯੮੧੪੬-੦੦੮੦੦*



Namdhari Elibrary NamdhariElibrary@gmail.com

# ਪ੍ਰਤੀਕਿਰਿਆ

ਆਪ ਜੀ ਵਲੋਂ ਵਰਿਆਮ ਨੂੰ ੩੫ ਸਾਲ ਨਿਰਵਿਘਨ ਜਾਰੀ ਰੱਖਣਾ ਬਹੁਤ ਹੀ ਬਹਾਦਰੀ ਵਾਲੀ ਗੱਲ ਹੈ। ਅੱਜ ਦੇ ਮਹਿੰਗਾਈ ਦੇ ਯੁੱਗ ਵਿਚ ਬਿਨਾਂ ਕਿਸੇ ਸਰਕਾਰੀ ਸਹਾਇਤਾ ਦੇ ਕਈ ਸਮਾਜਕ ਤੇ ਧਾਰਮਿਕ ਪ੍ਰਸਥਿਤੀਆਂ ਦਾ ਸਾਹਮਣਾ ਕਰਦੇ ਹੋਏ ਨਿਰੰਤਰ ਆਪਣੀ ਚਾਲ ਚਲੀ ਜਾ ਰਹੇ ਹੋ। ਇਸ ਸਮੇਂ ਸਰਵੋਤਮ ਪੰਥ ਦਾ ਸੁਨੇਹਾ ਦੇਣ ਵਾਲਾ ਇਕੋ ਇਕ ਪਰਚਾ ਹੈ ਵਰਿਆਮ ਜਿਸ ਦੀ ਪੰਜਾਬੀ ਸਾਹਿਤ ਨੂੰ ਬਹੁਤ ਵੱਡੀ ਦੇਣ ਹੈ। ਮੈਂ ਸ. ਕਮਲਜੀਤ ਸਿੰਘ ਦਿੱਲੀ ਦੇ ਭੋਗ ਬਾਰੇ ਰਿਪੋਰਟ ਬਹੁਤ ਲੇਟ ਭੇਜੀ ਸੀ ਪਰ ਆਪ ਨੇ ਫਿਰ ਵੀ ਪੂਰੀ ਦੀ ਪੂਰੀ ਛਾਪ ਦਿੱਤੀ ਜਿਸ ਲਈ ਧੰਨਵਾਦੀ ਹਾਂ।

ਜੁਲਾਈ ੨੦੧੦ ਡਾ. ਸੁਰਿੰਦਰਪਾਲ ਸਿੰਘ ਮੰਡ ਦਵਾਰਾ ਲਿਖੀ "ਧੀਆਂ ਦੀ ਦੁਨੀਆਂ" ਬਹੁਤ ਵੱਧੀਆ ਸੀ। ਸ. ਸਵਰਨ ਸਿੰਘ ਵਿਰਕ ਦਵਾਰਾ ਹਰ ਲਿਖਤ ਬਹੁਤ ਖੋਜ ਭਰਪੂਰ ਤੇ ਤੱਥਾਂ ਤੇ ਅਧਾਰਤ ਨਾਮਧਾਰੀ ਇਤਿਹਾਸ ਤੇ ਪੰਜਾਬੀ ਸਾਹਿਤ ਦਾ ਵੱਡਾ ਖਜ਼ਾਨਾ ਹੈ। ਸ. ਕੁਲਦੀਪ ਸਿੰਘ ਪੱਟੀ ਵਲੋਂ ਖੇਡਾਂ ਵਾਲਾ ਪੰਨਾ ਖੇਡ ਜਗਤ ਵੀ ਸਲਾਹੁਣਯੋਗ ਹੈ। "ਸਾਡੇ ਬੇ ਜੀ" ਬਲਵੀਰ ਕੌਰ ਦਵਾਰਾ ਲਿਖਿਆ ਲੇਖ ਪੇਂਡੂ ਸਾਦਗੀ ਭਰਿਆ ਚੰਗੀ ਪ੍ਰੇਰਨਾ ਦੇਣ ਵਾਲਾ ਸੀ।

ਅਗਸਤ ੨੦੧੦ ਵਿਚ "ਕੀ ਸਿੱਖਾਂ ਨੂੰ ਹਿੰਦੂਆਂ ਤੋਂ ਖਤਰਾ ਹੈ?" ਸ. ਤਰਲੋਚਨ ਸਿੰਘ ਮੈਂਬਰ ਪਾਰਲੀਮੈਂਟ ਬਹੁਤ ਹੀ ਸ਼ਲਾਘਾਯੋਗ ਤੇ ਨਿੱਗਰ ਦਲੀਲਾਂ ਨਾਲ ਭਰਪੂਰ ਸੀ। ਇਸੇ ਅੰਕ ਵਿਚ ਆਪ ਵਲੋਂ ਲਿਖੀ ਵਿਸ਼ੇਸ਼ ਰਿਪੋਰਟ ਉਸਤਾਦ ਜ਼ਾਕਿਰ ਹੁਸੈਨ ਦੀ ਦਸਤਾਰਬੰਦੀ ਬਹੁਤ ਹੀ ਵਿਸਤਰਤ ਸ਼ਲਾਘਾਯੋਗ ਸੀ। ਕਰਤਾਰ ਸਿੰਘ ਕਾਲੜਾ ਜੀ ਵਲੋਂ ਲਿਖੀਆਂ ਕਵਿਤਾਵਾਂ ਸ਼ਲਾਘਾਯੋਗ ਸਨ। ਤਰਲੋਚਨ ਸਿੰਘ ਲੋਚੀ ਦੀਆਂ ਕਵਿਤਾਵਾਂ ਵੀ ਉਚ ਪਾਏ ਦੀਆਂ ਸਨ। ਡਾ. ਅਜੀਤ ਸਿੰਘ ਵਲੋਂ ਲਿਖਿਆ ਲੇਖ "ਸਤਿਗੁਰੂ ਰਾਮ ਸਿੰਘ ਕੌਮੀ ਸਤਿਕਾਰ ਦੇ ਹੱਕਦਾਰ" ਬਹੁਤ ਵਧੀਆ ਸ਼ਲਾਘਾਯੋਗ ਸੀ।

ਸੰਤਬਰ ੨੦੧੦ ਦੇ ਪਰਚੇ ਵਿਚ ਸੰਪਾਦਕੀ, ਡਾ. ਸੁਰਿੰਦਰ ਸਿੰਘ ਮੰਡ ਦਵਾਰਾ ਲਿਖਿਆ ਲੇਖ ਵਧੀਆ ਸੀ। ਸ. ਸਾਧੂ ਸਿੰਘ ਕਿਸਾਨ ਜੀ ਦੀ ਲਿਖਤ ਆਪਣੇ ਆਪ ਵਿਚ ਸਾਦਗੀ ਤੇ ਯਥਾਰਥ ਦਾ ਸੁਮੇਲ ਹੁੰਦੀ ਹੈ। ਕਿਸਾਨ ਜੀ ਵਲੋਂ ਦਿਲ ਦੀਆਂ ਗਹਿਰਾਈਆਂ ਵਿਚੋਂ ਸ਼ਰਧਾ ਤੇ ਵੈਰਾਗ ਭਰੀ ਲਿਖਤ 'ਕੱਚਾ ਮਸਾਨ" ਬਹੁਤ ਹੀ ਸ਼ਲਾਘਾਯੋਗ ਸੀ ਜਿਸਨੂੰ ਕਈ ਵਾਰ ਪੜ੍ਹਿਆ ਤੇ ਵਿਰਾਗ ਦੇ ਅੱਥਰੂ ਨਾ ਰੋਕ ਸਕਿਆ ਜੋ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਵਿਚ ਅੰਦਰੋਂ ਨਿਕਲੀ ਹੂਕ ਸੀ। ਸ. ਬਿਬੇਕ ਸਿੰਘ ਮੇਰਾ ਪੁਰਾਣਾ ਖੇਤਾਂ ਦਾ ਗਵਾਂਢੀ ਜੋ ਕਿ ਇਕ ਸਫਲ ਕਿਸਾਨ ਹੈ ਸਿੱਧੀ ਪੱਧਰੀ ਲਿਖਤ ਚੰਗੀ ਲੱਗੀ। ਸੁਲੱਖਣ ਸਿੰਘ ਭਿੰਡਰ ਦੁਆਰਾ ਲਿਖਤ ਸ੍ਰੀ ਗੁਰੂ ਪੰਥ ਪ੍ਰਕਾਸ਼ ਦੇ ਕਰਤਾ ਗਿਆਨੀ ਗਿਆਨ ਸਿੰਘ ਸਬੰਧੀ ਲਿਖਿਆ ਬਹੁਤ ਵਧੀਆ ਸੀ ਪਰ ਸੰਖੇਪ ਸੀ ਹੋਰ ਲਿਖਿਆ ਜਾ ਸਕਦਾ ਹੈ।

*—ਗੁਰਮੁਖ ਸਿੰਘ ਸ਼ਾਹ*

*ਮਾਨਸਾ, ਮੋ-੯੯੮੭੬੧-੮੩੧੮੮*

ਅਕਤੂਬਰ ੨੦੧੦ ਦਾ ਪਰਚਾ ਮਿਲਿਆ। ਟਾਈਟਲ ਬਹੁਤ ਹੀ ਸੁੰਦਰ ਹੈ। ਖਿੱਲਰੇ ਪੱਤਰੇ-ਬਹੁਤ ਹੀ ਦਿਲ ਖਿਚਵਾਂ ਟਾਈਟਲ ਹੈ, ਤੁਹਾਡੀ ਪੁਸਤਕ ਦਾ ਅਕਤੂਬਰ ਦੇ ਦੂਸਰੇ ਹਫ਼ਤੇ ਜਲੰਧਰ ਆਵਾਂਗਾ, ਫਿਰ ਦਰਸ਼ਨ ਕਰਾਂਗਾ।

ਸੁਰਜੀਤ ਪਾਤਰ ਨੂੰ ਸਰਸਵਤੀ ਪੁਰਸਕਾਰ ਮਿਲਣ ਦੀ ਬਹੁਤ ਖੁਸ਼ੀ ਹੋਈ। ਚਿਤ੍ਰਕਾਰ ਸੁਖਵੰਤ ਸਿੰਘ ਨੂੰ ਜੋ ਸਦਮਾ ਹੋਇਆ ਹੈ, ਉਸ ਦਾ ਬੜਾ ਦੁੱਖ ਹੋਇਆ। ਮੈਂ ਵੀ ਇਸੇ ਦੁੱਖ ਦਾ ਵੱਡਾ ਸ਼ਿਕਾਰ ਹੋਇਆ ਹਾਂ।

ਵਰਿਆਮ ਸਾਹਿਤਕ ਸੇਵਾ ਕਰਨ ਦੇ ਨਾਲ ਨਾਲ ਸਿੱਖ ਇਤਿਹਾਸ ਦੀ ਸੇਵਾ ਕਰ ਰਿਹਾ ਹੈ, ਪ੍ਰਸੰਸਾਯੋਗ ਹੈ। ਦੀਵਾਨ ਬੂਟਾ ਸਿੰਘ ਲਾਹੌਰ ਬਾਰੇ ਸ. ਸੁਵਰਨ ਸਿੰਘ ਵਿਰਕ ਦਾ ਲੇਖ ਬੜਾ ਵਾਕਫੀ ਭਰਪੂਰ ਹੈ।

*—ਸੁਲੱਖਣ ਸਿੰਘ ਮੀਤ*

*੧-ਦਸ਼ਮੇਸ਼ ਨਗਰ, ਸੰਗਰੂਰ-੧੪੮੦੦੧*

*ਮੋ-੦੯੪੬੩੩-੨੯੯੩੯*

'ਵਰਿਆਮ' ਨਿਰੰਤਰ ਮਿਲ ਰਿਹਾ ਹੈ। ਧੰਨਵਾਦ! ਅਕਤੂਬਰ ੨੦੧੦ ਦੇ ਅੰਕ ਵਿਚ ਤੁਹਾਡੀ ਅਯੁਧਿਆ ਮਸਲੇ ਬਾਰੇ ਸੰਪਾਦਕੀ ਬੜੀ ਹੀ ਸਾਰਥਕ ਅਤੇ ਸੁਝਾਓ ਭਰਪੂਰ ਹੈ। ਅੱਜ ਦੀ ਸਥਿਤੀ ਉਤੇ ਤੁਸੀਂ ਫਿਕਰਮੰਦੀ ਜ਼ਾਹਰ ਕੀਤੀ ਹੈ। ੩੦-੯-੨੦੧੦ ਨੂੰ ਹਾਈਕੋਰਟ ਦੇ ਲਖਨਊ ਬੈਂਚ ਦਾ ਫੈਸਲਾ ਆ ਗਿਆ ਹੈ। ਤੁਹਾਡੀ ਭਾਵਨਾ ਅਨੁਕੂਲ ਹੁਣ ਓਥੇ ਮੁਸਲਿਮ ਆਪਣੇ ੧/੩ ਹਿੱਸੇ ਵਿਚ ਮਸਜਿਦ ਉਸਾਰ ਸਕਦੇ ਹਨ ਅਤੇ ਬਾਕੀ ਦੋ ਹਿਸਿਆਂ ਵਿਚ ਰਾਮ ਮੰਦਰ ਦੀ ਉਸਾਰੀ ਹੋ ਸਕਦੀ ਹੈ। ਇਸ ਮਸਲੇ ਦਾ ਏਹੀ ਇਕ ਹੱਲ ਹੈ। ਆਪਸੀ ਸਦਭਾਵਨਾ ਬਣੀ ਰਹੇ ਸਹੀ ਸੋਚਣੀ ਵਾਲਿਆਂ ਦੀ ਇਹੀ ਇੱਛਾ ਹੈ।

ਸੁਰਜੀਤ ਪਾਤਰ ਨੂੰ ਮਿਲਿਆ ਸਰਸਵਤੀ ਸਨਮਾਨ ਪੰਜਾਬੀ ਸਾਹਿਤ ਦਾ ਸਨਮਾਨ ਹੈ। ਸਾਡੇ ਸਾਰਿਆਂ ਲਈ ਗੌਰਵ ਦੀ ਗੱਲ ਹੈ। ਡਾ. ਹਰਨੇਕ ਕੋਮਲ ਦੇ ਦੋਹੇ, ਤ੍ਰੈਲੋਚਨ ਲੋਚੀ ਅਤੇ ਜਸਵੰਤ ਕੈਲਵੀ ਦੀ ਗ਼ਜ਼ਲਾਂ ਮਿਆਰੀ ਰਚਨਾਵਾਂ ਹਨ।

*— ਡਾ. ਤੇਜਵੰਤ ਸਿੰਘ ਮਾਨ, ਸੰਗਰੂਰ*



Namdhari Elibrary NamdhariElibrary@gmail.com

ਪ੍ਰਕਾਸ਼ ਪੁਰਬ ਦੀਆਂ ਲੱਖ-ਲੱਖ ਵਧਾਈਆਂ



ਪ੍ਰਕਾਸ਼ ਪੁਰਬ ਦੀਆਂ ਲੱਖ-ਲੱਖ ਵਧਾਈਆਂ

STOREX
GENUINE SINCE 1935



NIRMAL SINGH

# STOREX BATTERIES

**OFFICE :** *LADOWALI ROAD, JALANDHAR CITY*
*PHONE : 0181-2235623*
**FACTORY :** *D-72, FOCAL POINT, JALANDHAR CITY.*
*MOBILE : 98155-04567, 98723-70077*





Namdhari Elibrary NamdhariElibrary@gmail.com



ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ
ਦੇ ਪ੍ਰਕਾਸ਼ ਦਿਵਸ ਦੀਆਂ ਵਧਾਈਆਂ

Kuldip Singh "Bhooa"

10433 Amber Lane
Orland Park,
Chicago-IL (USA)






Namdhari Elibrary NamdhariElibrary@gmail.com

# ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪ੍ਰਕਾਸ਼ ਦਿਵਸ ਦੀਆਂ ਵਧਾਈਆਂ



# Vishkarma Machine Tools



**Simplify O.D.C. Transportation**

VMT
VISHKARMA MACHINE TOOLS
ISO 9001 : 2008 CERTIFIED



H.O. : A-6, Ph-II, Maya Puri, Indl Area New Delhi-110064
Phone : 011-4185097, 011-41845098
Fax : 011-45596896 Website : www. vmt.con.in
Email : vishkarma6@hotmail.com, Sales@vmt.com.in







Namdhari Elibrary NamdhariElibrary@gmail.com



# ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪ੍ਰਕਾਸ਼ ਦਿਵਸ ਦੀਆਂ ਵਧਾਈਆਂ

## KUKA ELECTRICAL INDUSTRIES



Distributors for Kirloskar Brothers Ltd.Sales & Spares : Agricultural, Domestic, Industrial Pump Sets, Motors & Alternators.



F-98, Bali Nagar, New Delhi-110015 Tel.: 65804664

## S.S. Electroworks (P) Ltd.

An ISO 9001 : 2000 Certified Company

Spl. In : Re-winding L.T. H.T., A.C. & D.C. Motors Alternators & Transformer Etc.

**Authorised Service Centre & Approved Re-winder**

LEROY SOMER A.V.K.C. Kirloskar ALSTOM MARATHON ELECTRIC CO. Crompton Greaves ABB AvK STAMFORD

63, Rama Road Ind. Area, Sri Sat Guru Ram Singh Ji Marg, New Delhi-15
Ph.: 41427181, 41427588 * Fax : 414275589 * E-Mail : ssew@airtelbroadband.in
Regd Office : F-98, Bali Nagar, New Delhi-15 * Ph.: 2510067, 25434293
* E-mail : ssews@bol.net.in

**24 Hrs. Customer Care 98106-66548**

## S.S. Power Solutions

An ISO 9001 : 2008 Certified Company

**Mahindra Authorised Genset & Industrial Engine Centre**

**F-98, Bali Nagar New Delhi-110015,**

**Ph. : 011-65170990, 9958794391**

E-mail : ss_powersolutions@ssps.co.in.,
E-mail : ebu23823@mahindrapowerol.com




Namdhari Elibrary NamdhariElibrary@gmail.com



ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ
ਪ੍ਰਕਾਸ਼ ਦਿਵਸ ਦੀਆਂ ਵਧਾਈਆਂ

# PARTAP BODY BUILDERS




**Mfg & Repairing of :**
**All Kinds of Truck Bodies & Container**

Garrage No.51, Gulabi Bagh Truck Market, New. Delhi-7

**M : 09810998240**



# SANT BODY BUILDERS



**Mfg & Repairing of :**
**All Kinds of Truck Bodies & Container**

Plot No. - 115,116, Shiva Compound U.P. Border, Ghaziabad

**Mob.: 98106-47460, 97188-80010**

# HARI PARTAP BODY BUILDERS





**Mfg & Repairing of :**
**All Kinds of Truck Bodies & Container**

C.W-80 Sanjay Gandhi Transport Nagar, New-Delhi-42

**093122-65441**




Namdhari Elibrary NamdhariElibrary@gmail.com

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ
ਪ੍ਰਕਾਸ਼ ਦਿਵਸ
ਦੀਆਂ ਵਧਾਈਆਂ



# GMS Textiles Co. Ltd.

**Distributor & Exporter**
**of all kinds**
**of Denims and Cotton Fabrics**

**Tel-(662) 4287971-4**
**Fax- (662) 8741115**

**48/4 Moo 7 Bangmod**
**Jomthong District Bangkok Thailand.**
**Website - www.thailanddenims.com**





Namdhari Elibrary NamdhariElibrary@gmail.com



# ਸਤਿਗੁਰੂ ਜਗਜੀਤ ਸਿੰਘ ਜੀ
# ਦੇ ਅਵਤਾਰ ਪੁਰਬ ਤੇ
# ਸੰਗਤਾਂ ਨੂੰ ਵਧਾਈ

ਵਲੋਂ

# KINDER GARTEN HIGH SCHOOL



**AFFILIATED TO : PUNJAB SCHOOL EDUCATION BOARD, MOHALI (NO. 8574)**

**Khanna Road, Samarala**
**141114 (LDH.)**
**PH. 01628-263401**

ਦਲਜੀਤ ਸਿੰਘ ਸ਼ਾਹੀ (ਐਡਵੋਕੇਟ)
ਐਮ.ਏ. ਐਲ.ਐਲ.ਬੀ.
ਪ੍ਰਧਾਨ (ਬਾਰ ਐਸੋਸੀਏਸ਼ਨ ਸਮਰਾਲਾ)

ਬਲਜੀਤ ਕੌਰ
ਐਮ.ਏ. ਬੀ.ਐਡ
ਪ੍ਰਿੰਸੀਪਲ



Namdhari Elibrary NamdhariElibrary@gmail.com




'ਖਿੱਲਰੇ ਪੱਤਰੇ' ਜਗਦੀਸ਼ ਸਿੰਘ ਦੇ ਪ੍ਰਮਾਣਿਕ ਅਨੁਭਵ ਦੀ ਅਜਿਹੀ ਸਹਿਜ, ਸੰਤੁਲਤ, ਸੁੰਦਰ ਤੇ ਸਜਿੰਦ ਝਾਕੀ ਹੈ, ਜਿਸ ਵਿਚ ਸੰਜਮ ਵੀ ਹੈ ਤੇ ਸੰਖੇਪਤਾ ਵੀ, ਨਿਰ-ਉਚੇਚਤਾ ਵੀ ਹੈ ਤੇ ਸਾਹਿਤਕਤਾ ਵੀ; ਮਿੱਠੀ ਮਸ਼ਕਰੀ ਵੀ ਹੈ ਤੇ ਵਿਅੰਗ ਵੀ ਅਤੇ ਦਿਲਾਂ 'ਚ ਛੇਕ ਕਰਨ ਵਾਲਾ ਦਰਦ ਵੀ...

...ਸਹਿਜ ਸਧਾਰਣ ਢੰਗ ਨਾਲ ਬੜੀ ਡੂੰਘੀ ਗੱਲ ਕਰਨ ਦਾ ਪਰਮਾਣ 'ਖਿੱਲਰੇ ਪੱਤਰੇ 'ਦੇ ਪਹਿਲੇ ਕਾਂਡ ਤੋਂ ਹੀ ਆਰੰਭ ਹੋ ਜਾਂਦਾ ਹੈ ਜਦੋਂ ਜਗਦੀਸ਼ ਸਿੰਘ ਦੇਸ਼ ਦੀ ਆਜ਼ਾਦੀ ਤੇ ਪੰਜਾਬ ਦੀ ਵੰਡ ਦੀ ਭਿਆਨਕ ਤਬਾਹੀ ਨੂੰ ਮਾਨਵਵਾਦੀ ਦ੍ਰਿਸ਼ਟੀ ਨਾਲ ਨਿਹਾਰਦਾ ਅਤੇ ਬਿਆਨਦਾ ਹੈ। ਇਸ ਰਚਨਾ ਵਿੱਚ ਲੋਹੜੇ ਦੀ ਰਵਾਨੀ ਹੈ ਤੇ ਜ਼ਿੰਦਗੀ ਦੇ ਵਰਤਾਰਿਆਂ ਨੂੰ ਬਹੁਤ ਡੂੰਘਾ ਉੱਤਰ ਕੇ ਵੇਖ ਸਕਣ ਦੀ ਨੀਝ ਵੀ। ਇਸ ਵਿੱਚ ਵੰਡ ਤੋਂ ਪਹਿਲਾਂ ਦੇ ਪੰਜਾਬ ਦੇ ਸੰਗਠਿਤ ਭਾਈਚਾਰੇ ਤੇ ਮੁਹੱਬਤਾਂ ਦੇ ਮਾਹੌਲ ਦਾ ਹੌਲੀ-ਹੌਲੀ ਨਫ਼ਰਤ ਦੀ ਅੱਗ ਵਿਚ ਝੁਲਸ ਜਾਣ ਦਾ ਮਾਰਮਿਕ ਵਰਣਨ ਵੀ ਹੈ ਤੇ ਕਾਫਲਿਆਂ ਵਿੱਚ ਆ ਜਾ ਰਹੇ ਲੋਕਾਂ ਦਾ ਦਿਲਾਂ ਨੂੰ ਝੂਣ ਤੇ ਹਲੂਣ ਦੇਣ ਵਾਲਾ ਦਰਦਨਾਕ ਬਿਰਤਾਂਤ ਵੀ। ਇਹ ਬਿਰਤਾਂਤ ਚੇਤਿਆਂ ਵਿੱਚ ਤਾਂ ਸਦਾ ਲਈ ਸਥਿਰ ਹੋ ਹੀ ਜਾਂਦਾ ਹੈ ਸਗੋਂ ਇਸ ਵਿੱਚ ਉਸ ਸੰਕਟ ਕਾਲੀਨ ਦੌਰ ਅੰਦਰ ਮਾਨਵੀ ਮੁੱਲਾਂ ਦੇ ਗਰਕ ਜਾਣ ਦੀ ਅਤੇ ਪੰਜਾਬ ਦੀ ਜਗਦੀ ਜਾਗਦੀ ਆਤਮਾ ਦੀ ਗਵਾਹੀ ਵੀ ਨਾਲ ਨਾਲ ਪਈ ਵਿਖਾਈ ਦਿੰਦੀ ਹੈ।

'ਖਿੱਲਰੇ ਪੱਤਰੇ' ਵਿੱਚ ਆਜ਼ਾਦੀ ਤੋਂ ਬਾਅਦ ਉੱਠੀਆਂ ਲਹਿਰਾਂ ਤੇ ਵਿਚਾਰਾਂ ਦੇ ਟਕਰਾਵਾਂ-ਤਣਾਵਾਂ ਦਾ ਬਿਆਨ ਵੀ ਹੈ ਅਤੇ ਹੌਲੀ-ਹੌਲੀ ਉੱਸਰ ਰਹੀ ਸੱਭਿਅਤਾ ਦਾ ਵੀ। ਇਸ ਲਿਖਤ ਵਿੱਚ ਪਿੰਡ ਤੋਂ ਹੌਲੀ-ਹੌਲੀ ਸ਼ਹਿਰ ਬਣ ਰਿਹਾ ਜਲੰਧਰ ਵੀ ਦਿਸਦਾ ਹੈ ਅਤੇ ਸਾਹਿਤਕ ਤੇ ਸਭਿਆਚਰਕ ਲਹਿਰਾਂ ਵੀ ਜਨਮਦੀਆਂ ਵਿਗਸਦੀਆਂ ਵਿਖਾਈ ਦੇਂਦੀਆਂ ਹਨ। ਇਸ ਵਿੱਚ ਲੇਖਕ ਦਾ ਆਪਾ ਵੀ ਹੈ, ਪੰਜਾਬ ਦਾ ਇਤਹਾਸ ਵੀ, ਜੁਗਗਰਦੀਆਂ ਦਾ ਵੇਰਵਾ ਵੀ ਤੇ ਨਾਮਧਾਰੀਆਂ ਦਾ ਸੱਭਿਆਚਾਰ ਵੀ। ਬਹੁਤ ਕੁਝ ਕਿਹਾ ਹੈ ਲੇਖਕ ਨੇ ਪਰ ਬਹੁਤ ਥੋੜ੍ਹੇ ਵਿੱਚ ਅਤੇ ਕਮਾਲ ਦੀ ਕਲਾ ਕੌਸ਼ਲਤਾ ਨਾਲ।

*-ਡਾ. ਵਰਿਆਮ ਸਿੰਘ ਸੰਧੂ*



Namdhari Elibrary NamdhariElibrary@gmail.com





























Namdhari Elibrary NamdhariElibrary@gmail.com

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ

ਪ੍ਰਕਾਸ਼ ਦਿਵਸ ਦੀਆਂ

# ਲੱਖ-ਲੱਖ ਵਧਾਈਆਂ





ਦਲਜੀਤ ਸਿੰਘ ਕਲਸੀ ਪਰਿਵਾਰ ਮੋਸ਼ੀ ਤਨਜ਼ਾਨੀਆ

Namdhari Elibrary NamdhariElibrary@gmail.com

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ
ਪ੍ਰਕਾਸ਼ ਦਿਵਸ ਦੀਆਂ ਵਧਾਈਆਂ

# PARTAP BODY BUILDERS






Mfg & Repairing of :
All Kinds of Truck Bodies & Container

Garrage No.51, Gulabi Bagh Truck Market, New. Delhi-7

M : 09810998240





# SANT BODY BUILDERS

Mfg & Repairing of :
All Kinds of Truck Bodies & Container

Plot No. - 115,116, Shiva Compound U.P. Border, Ghaziabad

Mob.: 98106-47460, 97188-80010

# HARI PARTAP BODY BUILDERS





Mfg & Repairing of :
All Kinds of Truck Bodies & Container

C.W-80 Sanjay Gandhi Transport Nagar, New-Delhi-42

093122-65441



Namdhari Elibrary NamdhariElibrary@gmail.com

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ
ਪ੍ਰਕਾਸ਼ ਦਿਵਸ
ਦੀਆਂ ਵਧਾਈਆਂ



GMS Textiles Co. Ltd.

Distributor & Exporter
of all kinds
of Denims and Cotton Fabrics

Tel-(662) 4287971-4
Fax- (662) 8741115

48/4 Moo 7 Bangmod
Jomthong District Bangkok Thailand.
Website - www.thailanddenims.com



Namdhari Elibrary NamdhariElibrary@gmail.com

Registered No. PB 0016 2009-2011 Monthly Wariam Ladowali Road, Jalandhar - 144 001
Regd. RNI No. 26453/75
September 2010


# Reliable Performance




**Consistence Performers, Suited to all market needs with high yield, quality & disease resistant.**

**NAMDHARI SEEDS PVT. LTD.**

Bidadi 562 109 Bangalore • Tel.: 98454 71271/ 72, 98453 81817/ 98453 10057
Liaison Office : Tel. : 080 28602167/ 69 • Fax : 080 28602168
e-mail : namdhariseeds@namdhariseeds.com • URL : www.namdhariseeds.com

*Seeds for a better future...*


[illegible] ਪਬਲਿਸ਼ਰ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ, ਜਲੰਧਰ ਤੋਂ ਪ੍ਰਕਾਸ਼ਿਤ ਕੀਤਾ।
ਫੋਨ : 0181-2222543, ਨਿਵਾਸ : 0181-2456289

Namdhari Elibrary NamdhariElibrary@gmail.com